Watch
PUNJAB MAIL USA
TV Channel
On IP box, App, Website
For Advertisment
916-320-9444



A Voice of NRI's

ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ

ਯੂ. ਐੱਸ. ਏ.

Chief Editor: Gurjatinder Singh Randhawa

Punjab Mail USA



FOR SALE & PURCHASE OF ANY KIND OF PROPERTY



ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।

RE/MAX

Gurjatinder S. Randhawa
REALTOR CA DRE licence # 01490567
916-320-9444



Vol. 19, Issue- 836, 09 to 15 Jan., 2025, Ph: 916-320-9444, E-mail: punjabmailusa@yahoo.com, Web: punjabmailusa.com


## ਕੈਨੇਡਾ ਦਾ ਪੀ.ਐੱਮ. ਬਣਨ ਦੀ ਦੌੜ 'ਚ 2 ਭਾਰਤੀ ਵੀ ਸ਼ਾਮਲ



ਅਨੀਤਾ ਆਨੰਦ

■ ਅਨੀਤਾ ਆਨੰਦ ਤੇ ਜਾਰਜ ਚਾਹਲ ਮੁੱਖ ਦਾਅਵੇਦਾਰ



ਜਾਰਜ ਚਾਹਲ

**ਟੋਰਾਂਟੋ, (ਪੰਜਾਬ ਮੇਲ)-** ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੱਤਾਧਾਰੀ ਲਿਬਰਲ ਪਾਰਟੀ ਦੇ ਨੇਤਾ ਅਤੇ ਪੀ.ਐੱਮ. ਦੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ ਹੈ। ਸੋਮਵਾਰ ਨੂੰ ਟਰੂਡੋ ਨੇ ਆਪਣੇ ਅਸਤੀਫੇ ਦਾ ਐਲਾਨ ਕਰਦਿਆਂ ਕਿਹਾ ਕਿ ਪਾਰਟੀ ਦਾ ਨਵਾਂ ਆਗੂ ਚੁਣੇ ਜਾਣ ਤੋਂ ਬਾਅਦ ਉਹ ਪ੍ਰਧਾਨ ਮੰਤਰੀ ਦਾ ਅਹੁਦਾ ਛੱਡ ਦੇਣਗੇ। ਲਿਬਰਲ ਪਾਰਟੀ ਦਾ ਨਵਾਂ ਆਗੂ ਚੁਣਨ ਦੀ ਦੌੜ ਸ਼ੁਰੂ ਹੋ ਗਈ ਹੈ। ਲਿਬਰਲ ਪਾਰਟੀ ਦੇ ਨਵੇਂ ਨੇਤਾ ਲਈ ਕਈ ਨਾਂ ਸਾਹਮਣੇ ਆਏ ਹਨ। ਇਨ੍ਹਾਂ ਨਾਵਾਂ 'ਚ ਭਾਰਤੀ ਮੂਲ ਦੇ ਦੋ ਸਿਆਸਤਦਾਨ ਵੀ ਹਨ, ਜਿਨ੍ਹਾਂ ਵਿਚੋਂ ਇੱਕ ਕੈਨੇਡਾ ਦਾ ਨਵਾਂ ਪ੍ਰਧਾਨ ਮੰਤਰੀ ਬਣ ਸਕਦਾ ਹੈ। ਇਸ ਵਿਚ ਇੱਕ ਨਾਮ ਅਨੀਤਾ ਆਨੰਦ ਦਾ ਹੈ ਅਤੇ ਦੂਜਾ ਜਾਰਜ ਚਾਹਲ ਦਾ ਹੈ। ਇਨ੍ਹਾਂ ਤੋਂ ਇਲਾਵਾ ਕ੍ਰਿਸਟੀਆ ਫ੍ਰੀਲੈਂਡ, ਮਾਰਕ ਕਾਰਨੇ, ਡੋਮਿਨਿਕ ਲੇਬਲੈਂਕ, ਮੇਲਾਨੀਆ ਜੋਲੀ, ਫ੍ਰੈਂਕੋਇਸ-ਫਿਲਿਪ ਸ਼ੈਂਪੇਨ, ਕ੍ਰਿਸਟੀ ਕਲਾਰਕ, ਅਨੀਤਾ ਆਨੰਦ ਅਤੇ ਜਾਰਜ ਚਾਹਲ ਸ਼ਾਮਲ ਹਨ। ਇਨ੍ਹਾਂ ਵਿਚੋਂ ਇੱਕ ਨੂੰ ਲਿਬਰਲ ਪਾਰਟੀ ਦਾ ਆਗੂ ਚੁਣੇ ਜਾਣ ਦੀ ਉਮੀਦ ਹੈ।

ਕੈਨੇਡਾ ਦੇ ਪ੍ਰਧਾਨ ਮੰਤਰੀ ਬਣਨ ਦੀ ਦੌੜ ਵਿਚ ਭਾਰਤੀ ਮੂਲ ਦੇ ਦੋ ਸੰਸਦ ਮੈਂਬਰ ਹਨ। ਇਨ੍ਹਾਂ ਵਿਚੋਂ ਇੱਕ ਸਾਬਕਾ ਰੱਖਿਆ ਮੰਤਰੀ ਅਤੇ ਮੌਜੂਦਾ ਟਰਾਂਸਪੋਰਟ ਤੇ ਅੰਦਰੂਨੀ ਵਪਾਰ ਮੰਤਰੀ ਅਨੀਤਾ ਆਨੰਦ ਹਨ। ਅਨੀਤਾ ਦੇ ਮਾਤਾ-ਪਿਤਾ ਭਾਰਤ ਦੇ ਤਾਮਿਲਨਾਡੂ ਅਤੇ ਪੰਜਾਬ ਨਾਲ ਸਬੰਧਤ ਹਨ। ਅਨੀਤਾ ਦਾ ਜਨਮ 1967 ਵਿਚ ਨੋਵਾ ਸਕੋਸ਼ੀਆ ਵਿਚ ਭਾਰਤੀ ਮਾਪਿਆਂ ਘਰ ਹੋਇਆ, ਜੋ ਦੋਵੇਂ ਮੈਡੀਕਲ ਪੇਸ਼ੇਵਰ ਸਨ। ਉਸ ਦੀ ਮਾਤਾ ਸਰੋਜ ਪੰਜਾਬ ਤੋਂ ਅਤੇ ਪਿਤਾ ਐੱਸ.ਵੀ. ਆਨੰਦ ਤਾਮਿਲਨਾਡੂ ਦਾ ਰਹਿਣ ਵਾਲਾ ਸੀ। ਆਨੰਦ ਨੂੰ ਰਾਜਨੀਤੀ ਦਾ ਕਾਫੀ ਤਜ਼ਰਬਾ ਹੈ। ਉਸਨੇ ਕੋਵਿਡ ਮਹਾਮਾਰੀ ਦੌਰਾਨ ਬਹੁਤ ਵਧੀਆ ਕੰਮ ਕੀਤਾ। ਇਸ ਨਾਲ ਉਸ ਨੂੰ ਕਾਫੀ ਪ੍ਰਸਿੱਧੀ ਮਿਲੀ ਸੀ। ਭਾਰਤੀ ਮੂਲ ਦੇ ਲੋਕਾਂ ਵਿਚ ਵੀ ਉਨ੍ਹਾਂ ਦੀ ਚੰਗੀ ਛਵੀ ਮੰਨੀ ਜਾਂਦੀ ਹੈ। ਭਾਰਤੀ ਮੂਲ ਦੇ ਇੱਕ ਹੋਰ ਆਗੂ ਅਲਬਰਟਾ ਦੇ ਲਿਬਰਲ ਐੱਮ.ਪੀ. ਜਾਰਜ ਚਾਹਲ ਵੀ ਕੈਨੇਡਾ ਦੇ ਪ੍ਰਧਾਨ ਮੰਤਰੀ ਬਣ ਸਕਦੇ ਹਨ। ਚਾਹਲ ਨੇ ਵੀ ਪਿਛਲੇ ਹਫ਼ਤੇ ਆਪਣੇ ਕਾਕਸ ਸਾਥੀਆਂ ਨੂੰ ਪੱਤਰ ਲਿਖ ਕੇ ਇਹ ਬੇਨਤੀ ਕੀਤੀ ਹੈ। ਇੱਕ ਵਕੀਲ ਅਤੇ ਕਮਿਊਨਿਟੀ ਲੀਡਰ ਵਜੋਂ ਚਾਹਲ ਨੇ ਕੈਲਗਰੀ ਸਿਟੀ ਕੌਂਸਲਰ ਵਜੋਂ ਵੱਖ-ਵੱਖ ਕਮੇਟੀਆਂ ਵਿਚ ਕੰਮ ਕੀਤਾ ਹੈ। ਉਹ ਕੁਦਰਤੀ ਸਰੋਤਾਂ ਬਾਰੇ ਸਥਾਈ ਕਮੇਟੀ ਅਤੇ ਸਿੱਖ ਕਾਕਸ ਦੇ ਚੇਅਰਮੈਨ ਵੀ ਹਨ। ਚਾਹਲ ਪਿਛਲੇ ਕੁਝ ਸਮੇਂ ਤੋਂ ਟਰੂਡੋ ਦੀ ਆਲੋਚਨਾ ਕਰਦੇ ਰਹੇ ਹਨ।

■ ਬਾਕੀ ਖਬਰ ਸਫਾ 13 'ਤੇ

## ਡੱਲੇਵਾਲ ਨੇ ਸੁਪਰੀਮ ਕੋਰਟ ਕਮੇਟੀ ਦੀ ਇਲਾਜ ਲਈ ਬੇਨਤੀ ਨਕਾਰੀ

### ਦੇਸ਼ ਦੇ ਲੱਖਾਂ ਕਿਸਾਨਾਂ ਦੀਆਂ ਜਾਨਾਂ ਬਚਾਉਣ ਲਈ ਕੇਂਦਰ ਨੂੰ ਹਦਾਇਤਾਂ ਜਾਰੀ ਕਰੇ ਅਦਾਲਤ: ਡੱਲੇਵਾਲ



ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨਾਲ ਗੱਲਬਾਤ ਕਰਦੇ ਹੋਏ ਉੱਚ ਤਾਕਤੀ ਕਮੇਟੀ ਦੇ ਨੁਮਾਇੰਦੇ।

**ਪਟਿਆਲਾ/ਪਾਤੜਾਂ, (ਪੰਜਾਬ ਮੇਲ)-** ਕਿਸਾਨੀ ਮਸਲਿਆਂ ਨੂੰ ਘੋਖਣ ਲਈ ਚਾਰ ਮਹੀਨੇ ਪਹਿਲਾਂ ਸੁਪਰੀਮ ਕੋਰਟ ਵੱਲੋਂ ਸੇਵਾਮੁਕਤ ਜੱਜ ਨਵਾਬ ਸਿੰਘ ਦੀ ਅਗਵਾਈ ਹੇਠ ਬਣਾਈ ਗਈ ਉੱਚ ਤਾਕਤੀ ਕਮੇਟੀ ਨੇ ਢਾਬੀ ਗੁੱਜਰਾਂ ਬਾਰਡਰ 'ਤੇ ਮਰਨ ਵਰਤ ਉਪਰ ਬੈਠੇ ਕਿਸਾਨ ਆਗੂ ਜਗਜੀਤ ਸਿੰਘ ਡੱਲੇਵਾਲ ਨਾਲ ਮੁਲਾਕਾਤ ਕਰਕੇ ਉਨ੍ਹਾਂ ਨੂੰ ਆਪਣਾ ਇਲਾਜ ਕਰਾਉਣ ਦੀ ਬੇਨਤੀ ਕੀਤੀ। ਡੱਲੇਵਾਲ ਨੇ ਕਮੇਟੀ ਦੀ ਬੇਨਤੀ ਨੂੰ ਨਕਾਰ ਦਿੱਤਾ। ਉਨ੍ਹਾਂ ਕਿਹਾ ਕਿ ਕਮੇਟੀ ਸੁਪਰੀਮ ਕੋਰਟ ਵੱਲੋਂ ਕੇਂਦਰ ਸਰਕਾਰ ਨੂੰ ਹਦਾਇਤਾਂ ਜਾਰੀ ਕਰਵਾਉਣਾ ਯਕੀਨੀ ਬਣਾਏ, ਤਾਂ ਜੋ ਦੇਸ਼ ਦੇ ਲੱਖਾਂ ਕਿਸਾਨਾਂ ਦੀਆਂ ਜਾਨਾਂ ਬਚਾਈਆਂ ਜਾ ਸਕਣ। ਕਮੇਟੀ ਦੀ ਦਲੀਲ ਸੀ ਕਿ ਕਿਸਾਨੀ ਅਤੇ ਆਰਥਿਕ ਤੌਰ 'ਤੇ ਕਮਜ਼ੋਰ ਵਰਗਾਂ ਦਾ ਜੀਵਨ ਪੱਧਰ ਉੱਚਾ ਚੁੱਕਣ ਲਈ ਸੁਝਾਵਾਂ 'ਤੇ ਆਧਾਰਿਤ ਰਿਪੋਰਟ ਜਲਦੀ ਹੀ ਸੁਪਰੀਮ ਕੋਰਟ ਨੂੰ ਸੌਂਪੀ ਜਾਵੇਗੀ। ਕਮੇਟੀ ਮੈਂਬਰਾਂ ਨੇ ਰਿਪੋਰਟ ਮਿਆਰੀ ਹੋਣ ਵੱਲ ਇਸ਼ਾਰਾ ਕੀਤਾ ਪਰ ਡੱਲੇਵਾਲ ਟਸ ਤੋਂ ਮਸ ਨਾ ਹੋਏ। ਉਨ੍ਹਾਂ ਦੁਹਰਾਇਆ ਕਿ ਐੱਮ.ਐੱਸ.ਪੀ. ਸਮੇਤ ਬਾਕੀ ਮੰਗਾਂ ਮੰਨੇ ਜਾਣ ਤੱਕ ਉਹ ਮਰਨ ਵਰਤ ਜਾਰੀ ਰੱਖਣਗੇ। ਕੁਝ ਅਧਿਕਾਰੀਆਂ ਅਤੇ ਹੋਰਾਂ ਨੇ ਮੀਟਿੰਗ ਨੂੰ ਹਾਂ-ਪੱਖੀ ਮੰਨਦਿਆਂ ਕਿਹਾ ਕਿ ਕਮੇਟੀ ਕਿਸਾਨਾਂ ਅਤੇ ਸਰਕਾਰ ਦਰਮਿਆਨ ਪੁੱਲ ਦਾ ਕੰਮ ਕਰੇਗੀ ਅਤੇ ਅਗਲੇ ਦਿਨਾਂ 'ਚ ਕੁਝ ਵਧੀਆ ਖ਼ਬਰਾਂ ਸੁਣਨ ਨੂੰ ਮਿਲ ਸਕਦੀਆਂ ਹਨ।

## ਇਤਿਹਾਸ 'ਚ ਪਹਿਲੀ ਵਾਰ 6 ਭਾਰਤੀ-ਅਮਰੀਕੀਆਂ ਨੇ ਕਾਂਗਰਸਮੈਂਨਾਂ ਵਜੋਂ ਸਹੁੰ ਚੁੱਕੀ



**ਵਾਸ਼ਿੰਗਟਨ, (ਪੰਜਾਬ ਮੇਲ)-** 6 ਭਾਰਤੀ-ਅਮਰੀਕੀ ਨੇਤਾਵਾਂ ਨੇ ਅਮਰੀਕੀ ਕਾਂਗਰਸਮੈਨਾਂ ਵਜੋਂ ਸਹੁੰ ਚੁੱਕੀ। ਇਹ ਪਹਿਲੀ ਵਾਰ ਹੈ ਜਦੋਂ ਇੰਨੀ ਵੱਡੀ ਗਿਣਤੀ ਵਿਚ ਭਾਰਤੀ-ਅਮਰੀਕੀਆਂ ਨੇ ਕਾਂਗਰਸਮੈਨਾਂ ਵਜੋਂ ਸਹੁੰ ਚੁੱਕੀ ਹੈ। ਇਨ੍ਹਾਂ ਵਿਚ ਡਾਕਟਰ ਐਮੀ ਬੇਰੀ, ਸੁਹਾਸ ਸੁਬਰਾਮਣੀਅਨ, ਸ਼੍ਰੀ ਥਾਣੇਦਾਰ, ਰੋ ਖੰਨਾ, ਰਾਜਾ ਕ੍ਰਿਸ਼ਨਮੂਰਤੀ ਅਤੇ ਪ੍ਰਮਿਲਾ ਜੈਪਾਲ ਸ਼ਾਮਲ ਹਨ।

ਸੁਹਾਸ ਸੁਬਰਾਮਨੀਅਨ ਨੇ ਪਹਿਲੀ ਵਾਰ ਕਾਂਗਰਸਮੈਨ ਵਜੋਂ ਸਹੁੰ ਚੁੱਕੀ। ਉਥੇ ਹੀ ਖੰਨਾ, ਕ੍ਰਿਸ਼ਨਾਮੂਰਤੀ ਅਤੇ ਜੈਪਾਲ ਨੇ ਲਗਾਤਾਰ 5ਵੀਂ ਵਾਰ ਸਹੁੰ ਚੁੱਕੀ ਹੈ।

## ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਘਰ 'ਚ ਨਜ਼ਰਬੰਦ



**ਖਡੂਰ ਸਾਹਿਬ, (ਪੰਜਾਬ ਮੇਲ)-** ਲੋਕ ਸਭਾ ਹਲਕਾ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੂੰ ਘਰ ਦੇ ਵਿਚ ਹੀ ਨਜ਼ਰਬੰਦ ਕਰ ਲਿਆ ਗਿਆ ਹੈ। ਉਹ ਮੋਹਾਲੀ ਜਾਣ ਵਾਲੇ ਸਨ, ਜਿੱਥੇ ਉਨ੍ਹਾਂ ਨੇ ਕੌਮੀ ਇਨਸਾਫ਼ ਮੋਰਚੇ ਵਿਚ ਸ਼ਾਮਲ ਹੋਣਾ ਸੀ।

ਜ਼ਿਕਰਯੋਗ ਹੈ ਕਿ ਬੰਦੀ ਸਿੰਘਾਂ ਦੀ ਰਿਹਾਈ ਸਮੇਤ ਹੋਰ ਮੰਗਾਂ ਲਈ ਲੱਗੇ ਕੌਮੀ ਇਨਸਾਫ਼ ਮੋਰਚੇ ਨੂੰ 2 ਸਾਲ ਪੂਰੇ ਹੋ ਗਏ ਹਨ। ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਤਰਸੇਮ ਸਿੰਘ ਨੇ ਇਸ ਮੌਕੇ 'ਤੇ ਸਾਥੀਆਂ ਸਮੇਤ ਕੌਮੀ ਇਨਸਾਫ਼ ਮੋਰਚੇ ਵਿਚ ਸ਼ਾਮਲ ਹੋਣ ਲਈ ਜਾਣਾ ਸੀ।

■ ਬਾਕੀ ਖਬਰ ਸਫਾ 25 'ਤੇ

## ਅਮਰੀਕਾ 'ਚ ਕਤਲ ਦੇ ਦੋਸ਼ 'ਚ 5 ਭਾਰਤੀ ਨੌਜਵਾਨ ਗ੍ਰਿਫਤਾਰ




**ਨਿਊਯਾਰਕ, (ਪੰਜਾਬ ਮੇਲ)-** ਅਮਰੀਕਾ ਦੇ ਨਿਊਜਰਸੀ ਦੇ ਇੱਕ ਜੰਗਲ ਵਿਚ ਇੱਕ ਭਾਰਤੀ ਵਿਅਕਤੀ ਦਾ ਕਤਲ ਕਰਨ ਦੇ ਦੋਸ਼ ਵਿਚ ਭਾਰਤੀ ਮੂਲ ਦੇ 5 ਲੋਕਾਂ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਇਹ ਜਾਣਕਾਰੀ ਸਥਾਨਕ ਅਧਿਕਾਰੀਆਂ ਨੇ ਦਿੱਤੀ। ਓਸ਼ੀਅਨ ਕਾਉਂਟੀ ਦੇ ਸਰਕਾਰੀ ਵਕੀਲ ਬ੍ਰੈਡਲੇ ਬਿਲਹਿਮਰ ਅਤੇ ਨਿਊਜਰਸੀ ਪੁਲਿਸ ਦੇ ਕਰਨਲ ਪੈਟਰਿਕ ਕੈਲਹਾਨ ਮੁਤਾਬਕ ਇਨ੍ਹਾਂ ਦੋਸ਼ੀਆਂ ਵਿਚੋਂ ਆਖਰੀ ਦੋਸ਼ੀ ਸੰਦੀਪ ਕੁਮਾਰ ਨੂੰ ਸ਼ੁੱਕਰਵਾਰ ਨੂੰ ਗ੍ਰਿਫਤਾਰ ਕੀਤਾ ਗਿਆ।

ਕੁਲਦੀਪ ਕੁਮਾਰ ਦੀ ਲਾਸ਼ 14 ਦਸੰਬਰ ਨੂੰ ਨਿਊਜਰਸੀ ਦੇ ਗ੍ਰੀਨਵੁੱਡ ਵਾਈਲਡ ਲਾਈਫ ਮੈਨੇਜਮੈਂਟ ਏਰੀਆ 'ਚ ਮਿਲੀ ਸੀ, ਜਿਸ ਦੇ ਸਰੀਰ 'ਤੇ ਗੋਲੀਆਂ ਦੇ ਨਿਸ਼ਾਨ ਸਨ। ਹਾਲਾਂਕਿ ਉਨ੍ਹਾਂ ਦੇ ਪਰਿਵਾਰ ਨੇ 26 ਅਕਤੂਬਰ ਨੂੰ ਉਨ੍ਹਾ ਦੇ ਲਾਪਤਾ ਹੋਣ ਦੀ ਸੂਚਨਾ ਦਿੱਤੀ ਸੀ, ਪਰ ਉਨ੍ਹਾਂ ਦੀ ਲਾਸ਼ ਕਰੀਬ 2 ਮਹੀਨਿਆਂ ਬਾਅਦ ਮਿਲੀ। ਸਰਕਾਰੀ ਵਕੀਲ ਦੇ ਦਫਤਰ ਨੇ

■ ਬਾਕੀ ਖਬਰ ਸਫਾ 25 'ਤੇ

## ਭਾਰਤ ਵਿਚ ਅਮਰੀਕੀ ਕੌਂਸਲੇਟ 9 ਜਨਵਰੀ ਨੂੰ ਰਹਿਣਗੇ ਬੰਦ



**ਨਵੀਂ ਦਿੱਲੀ, (ਪੰਜਾਬ ਮੇਲ)-** ਸਾਬਕਾ ਰਾਸ਼ਟਰਪਤੀ ਜਿੰਮੀ ਕਾਰਟਰ ਦੇ ਅੰਤਿਮ ਸੰਸਕਾਰ ਲਈ ਅਮਰੀਕੀ ਸਰਕਾਰ ਦੇ ਬੰਦ ਦੇ ਮੱਦੇਨਜ਼ਰ ਭਾਰਤ ਵਿੱਚ ਅਮਰੀਕੀ ਕੌਂਸਲੇਟ ਸਮੇਤ ਭਾਰਤ ਵਿੱਚ ਸਾਰੇ ਅਮਰੀਕੀ ਸਰਕਾਰੀ ਦਫ਼ਤਰ 9 ਜਨਵਰੀ ਨੂੰ ਬੰਦ ਰਹਿਣਗੇ।

ਉਸ ਦਿਨ ਅਮਰੀਕੀ ਨਾਗਰਿਕ ਸੇਵਾਵਾਂ ਜਾਂ ਵੀਜ਼ਾ ਇੰਟਰਵਿਊ ਲਈ ਮੁਲਾਕਾਤਾਂ ਵਾਲੇ ਬਿਨੈਕਾਰਾਂ ਨੂੰ ਰੀ-ਸ਼ਡਿਊਲਿੰਗ ਵਿਕਲਪਾਂ ਬਾਰੇ ਈਮੇਲ ਰਾਹੀਂ ਸੂਚਿਤ ਕੀਤਾ ਗਿਆ ਹੈ।

ਇਹ ਬੰਦ ਸੰਯੁਕਤ ਰਾਜ ਦੇ 39ਵੇਂ ਰਾਸ਼ਟਰਪਤੀ ਦੇ ਸਨਮਾਨ ਵਿੱਚ ਜਾਰੀ ਕੀਤੇ ਗਏ ਇੱਕ ਕਾਰਜਕਾਰੀ ਆਦੇਸ਼ ਦੇ ਬਾਅਦ ਕੀਤਾ ਗਿਆ ਹੈ, ਜੋ ਰਾਸ਼ਟਰਪਤੀ ਕਾਰਟਰ ਲਈ ਯਾਦਗਾਰੀ ਦਿਨ ਵਜੋਂ ਦਰਸਾਉਂਦਾ ਹੈ। ਇਸ ਤੋਂ ਇਲਾਵਾ, 1 ਜਨਵਰੀ ਤੋਂ, ਭਾਰਤ ਵਿੱਚ ਅਮਰੀਕੀ ਦੂਤਾਵਾਸ ਨੇ ਗੈਰ-ਪ੍ਰਵਾਸੀ ਵੀਜ਼ਾ ਮੁਲਾਕਾਤਾਂ ਦੀ ਸਮਾਂ-ਸਾਰਣੀ ਅਤੇ ਮੁੜ ਤਹਿ ਕਰਨ ਲਈ ਨਵੇਂ ਨਿਯਮ ਪੇਸ਼ ਕੀਤੇ ਹਨ। ਬਿਨੈਕਾਰਾਂ ਨੂੰ ਹੁਣ ਵਾਧੂ ਖਰਚੇ ਲਏ ਬਿਨਾਂ ਆਪਣੀ ਮੁਲਾਕਾਤਾਂ ਨੂੰ ਇੱਕ ਵਾਰ ਮੁੜ ਤਹਿ ਕਰਨ ਦੀ ਇਜਾਜ਼ਤ ਹੈ। ਹਾਲਾਂਕਿ, ਜੇਕਰ ਮੁੜ-ਨਿਰਧਾਰਤ ਮੁਲਾਕਾਤ ਖੁੰਝ ਜਾਂਦੀ ਹੈ ਜਾਂ ਦੂਜੀ ਰੀ-ਸ਼ਡਿਊਲ ਦੀ ਲੋੜ ਹੁੰਦੀ ਹੈ, ਤਾਂ ਬਿਨੈਕਾਰਾਂ ਨੂੰ ਇੱਕ ਨਵੀਂ ਮੁਲਾਕਾਤ ਬੁੱਕ ਕਰਨ ਅਤੇ ਅਰਜ਼ੀ ਫ਼ੀਸ ਦਾ ਭੁਗਤਾਨ ਕਰਨ ਦੀ ਲੋੜ ਹੋਵੇਗੀ।

## ਕੈਨੇਡਾ ਵੱਲੋਂ ਪਰਿਵਾਰ ਮਿਲਨ ਪ੍ਰੋਗਰਾਮ 'ਤੇ ਰੋਕ

■ ਸੁਪਰ ਵੀਜ਼ਾ ਪ੍ਰੋਗਰਾਮ ਜਾਰੀ ਰਹੇਗਾ

■ ਪਹਿਲਾਂ ਦਾਖ਼ਲ ਅਰਜ਼ੀਆਂ ਦੇ ਨਿਬੇੜੇ 'ਤੇ ਦਿੱਤਾ ਜਾਵੇਗਾ ਜ਼ੋਰ

**ਵੈਨਕੂਵਰ, (ਪੰਜਾਬ ਮੇਲ)-** ਕੈਨੇਡਾ ਦੇ ਆਵਾਸ ਵਿਭਾਗ ਵੱਲੋਂ ਇਸ ਸਾਲ ਪਰਿਵਾਰ ਮਿਲਾਨ ਸਕੀਮ ਤਹਿਤ ਅਰਜ਼ੀਆਂ ਨਹੀਂ ਲਈਆਂ ਜਾਣਗੀਆਂ, ਪਰ ਸੁਪਰ ਵੀਜ਼ਾ ਪ੍ਰੋਗਰਾਮ ਜਾਰੀ ਰਹੇਗਾ। ਵਿਭਾਗ ਅਨੁਸਾਰ ਇਸ ਸਕੀਮ ਤਹਿਤ ਪਿਛਲੇ ਸਾਲਾਂ ਤੋਂ ਉਡੀਕ ਸੂਚੀ ਵਿਚ ਪਈਆਂ 15 ਹਜ਼ਾਰ ਅਰਜ਼ੀਆਂ ਦਾ ਨਿਬੇੜਾ ਇਸ ਸਾਲ ਦੇ ਅੰਤ ਤੱਕ ਕੀਤੇ ਜਾਣ ਦੇ ਯਤਨ ਕੀਤੇ ਜਾਣਗੇ। ਵਿਭਾਗ ਵਲੋਂ ਅਰਜ਼ੀਆਂ ਭਰਨ ਦੀ ਉਡੀਕ ਵਿਚ ਬੈਠੇ ਪੀ.ਆਰ. ਲੋਕਾਂ ਨੂੰ ਕਿਹਾ ਗਿਆ ਹੈ ਕਿ ਉਹ ਆਪਣੇ ਮਾਪਿਆਂ ਨੂੰ ਸੁਪਰ ਵੀਜ਼ੇ ਤਹਿਤ ਆਪਣੇ ਕੋਲ ਰੱਖਣ ਨੂੰ ਪਹਿਲ ਦੇਣ, ਜਿਸ ਦੀ ਮਿਆਦ ਪਹਿਲਾਂ ਪੰਜ ਸਾਲ ਕਰ ਦਿੱਤੀ ਹੋਈ ਹੈ। ਵਿਭਾਗ ਨੇ ਪੋਸਟ ਗ੍ਰੈਜੂਏਸ਼ਨ ਪ੍ਰੋਗਰਾਮ ਤਹਿਤ ਵਿਦੇਸ਼ਾਂ ਤੋਂ ਸੱਦੇ ਜਾਣ ਵਾਲੇ ਹੁਨਰਮੰਦ ਕਾਮਿਆਂ ਦੇ ਪੀ.ਆਰ. ਕੋਟੇ 'ਤੇ ਵੀ 20 ਫੀਸਦੀ ਕੱਟ ਲਾ ਕੇ 24500 ਕਰ ਦਿੱਤਾ ਹੈ।

ਇੱਥੇ ਦੱਸਣਾ ਬਣਦਾ ਹੈ ਕਿ ਕੈਨੇਡਾ ਸਰਕਾਰ ਵਲੋਂ ਸਥਾਈ ਤੌਰ ਤੇ ਰਹਿੰਦੇ ਵਿਦੇਸ਼ੀ ਮੂਲ ਦੇ ਲੋਕਾਂ ਨੂੰ ਸਹੂਲਤ ਦਿੱਤੀ ਹੋਈ ਸੀ ਕਿ ਉਹ ਪਰਿਵਾਰ ਮਿਲਨ ਪ੍ਰੋਗਰਾਮ ਤਹਿਤ ਆਪਣੇ ਮਾਤਾ-ਪਿਤਾ, ਦਾਦਾ-ਦਾਦੀ ਤੇ ਨਾਨਾ-ਨਾਨੀ ਨੂੰ ਪੱਕੇ ਤੌਰ 'ਤੇ ਕੈਨੇਡਾ ਸੱਦ ਸਕਦੇ ਹਨ।

■ ਬਾਕੀ ਖਬਰ ਸਫਾ 25 'ਤੇ

# ਕੈਨੇਡਾ ਦੇ ਪ੍ਰਧਾਨ ਮੰਤਰੀ ਟਰੂਡੋ ਨੇ ਦਿੱਤਾ ਅਸਤੀਫ਼ਾ

- ਲਿਬਰਲ ਪਾਰਟੀ ਨੂੰ ਨਵਾਂ ਨੇਤਾ ਚੁਣਨ ਲਈ ਕਿਹਾ
- ਅਗਲਾ ਨੇਤਾ ਚੁਣੇ ਜਾਣ ਤੱਕ ਬਣੇ ਰਹਿਣਗੇ ਅਹੁਦੇ 'ਤੇ



ਟੋਰਾਂਟੋ, (ਪੰਜਾਬ ਮੇਲ)- ਪਾਰਟੀ 'ਚ ਅੰਦਰੂਨੀ ਖਿੱਚੋਤਾਣ ਅਤੇ ਲੋਕਾਂ 'ਚ ਡਿੱਗ ਰਹੇ ਵੱਕਾਰ ਕਾਰਨ ਕੈਨੇਡਾ ਦੇ ਪ੍ਰਧਾਨ ਮੰਤਰੀ ਜਸਟਿਨ ਟਰੂਡੋ (53) ਨੇ ਅਸਤੀਫ਼ੇ ਦਾ ਐਲਾਨ ਕਰਦਿਆਂ ਹੁਕਮਰਾਨ ਲਿਬਰਲ ਪਾਰਟੀ ਨੂੰ ਨਵਾਂ ਨੇਤਾ ਚੁਣਨ ਲਈ ਆਖ ਦਿੱਤਾ ਹੈ। ਉਨ੍ਹਾਂ ਕਿਹਾ ਕਿ ਪਾਰਟੀ ਦੀ ਅੰਦਰੂਨੀ ਖਿੱਚੋਤਾਣ ਦਾ ਮਤਲਬ ਹੈ ਕਿ ਉਹ ਅਗਲੀਆਂ ਚੋਣਾਂ 'ਚ 'ਬਿਹਤਰੀਨ ਬਦਲ' ਨਹੀਂ ਹੋ ਸਕਦੇ ਹਨ।

ਟਰੂਡੋ ਨੇ ਮੀਡੀਆ ਨਾਲ ਗੱਲਬਾਤ ਕਰਦਿਆਂ ਆਪਣੀ ਲਿਬਰਲ ਪਾਰਟੀ ਦੇ ਪ੍ਰਧਾਨ ਨੂੰ ਕਿਹਾ ਕਿ ਉਹ ਨਵੇਂ ਆਗੂ ਦੀ ਚੋਣ ਦਾ ਅਮਲ ਸ਼ੁਰੂ ਕਰਨ। ਟਰੂਡੋ ਨੇ ਇਹ ਫ਼ੈਸਲਾ ਕਰੀਬ ਇਕ ਦਹਾਕੇ ਤੱਕ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਰਹਿਣ ਤੋਂ ਬਾਅਦ ਲਿਆ ਹੈ।

ਟਰੂਡੋ ਨੇ ਆਪਣੀ ਰਿਹਾਇਸ਼ ਦੇ ਬਾਹਰ ਸੱਦੀ ਪ੍ਰੈੱਸ ਕਾਨਫਰੰਸ ਦੌਰਾਨ ਕਿਹਾ ਕਿ ਉਨ੍ਹਾਂ ਪਾਰਟੀ ਨੇਤਾ ਦੇ ਅਹੁਦੇ ਤੋਂ ਅਸਤੀਫਾ ਦੇਣ ਦਾ ਫ਼ੈਸਲਾ ਕੀਤਾ ਹੈ। ਜਦੋਂ ਤੱਕ ਪਾਰਟੀ ਆਪਣਾ ਅਗਲਾ ਨੇਤਾ ਨਹੀਂ ਚੁਣ ਲੈਂਦੀ, ਉਦੋਂ ਤੱਕ ਉਹ ਆਪਣਾ ਕੰਮ ਜਾਰੀ ਰੱਖਣਗੇ।

ਉਨ੍ਹਾਂ ਕਿਹਾ ਕਿ ਗਵਰਨਰ ਜਨਰਲ ਵੱਲੋਂ ਸੰਸਦ 24 ਮਾਰਚ ਤੱਕ ਮੁਅੱਤਲ ਰੱਖਣ ਦੀ ਬੇਨਤੀ ਨੂੰ ਪ੍ਰਵਾਨ ਕਰਨ ਦਾ ਭਰੋਸਾ ਦਿੱਤਾ ਗਿਆ ਹੈ। ਉਦੋਂ ਤੱਕ ਪਾਰਟੀ ਦੇ ਨਵੇਂ ਆਗੂ ਦੀ ਚੋਣ ਵੀ ਹੋ ਜਾਵੇਗੀ। ਪਹਿਲਾਂ ਸੰਸਦ ਦਾ ਇਜਲਾਸ 27 ਜਨਵਰੀ ਤੋਂ ਸ਼ੁਰੂ ਹੋਣਾ ਸੀ। ਇਸ ਤੋਂ ਪਹਿਲਾਂ 'ਗਲੋਬ ਐਂਡ ਮੇਲ' ਅਖ਼ਬਾਰ ਨੇ ਸੂਤਰਾਂ ਦੇ ਹਵਾਲੇ ਨਾਲ ਕਿਹਾ ਸੀ ਕਿ 2015 ਤੋਂ ਕੈਨੇਡਾ ਦੇ ਪ੍ਰਧਾਨ ਮੰਤਰੀ ਚੱਲੇ ਆ ਰਹੇ ਟਰੂਡੋ ਵੱਲੋਂ ਕੌਮੀ ਕੌਕਸ ਦੀ ਬੁੱਧਵਾਰ ਨੂੰ ਹੋਣ ਵਾਲੀ ਮੀਟਿੰਗ ਤੋਂ ਪਹਿਲਾਂ ਅਸਤੀਫ਼ਾ ਦਿੱਤਾ ਜਾ ਸਕਦਾ ਹੈ। ਰਿਪੋਰਟ 'ਚ ਕਿਹਾ ਗਿਆ ਕਿ ਆਗੂ ਦੇ ਮੁੱਦੇ 'ਤੇ ਫ਼ੈਸਲਾ ਲੈਣ ਵਾਲੀ ਲਿਬਰਲ ਪਾਰਟੀ ਦੀ ਕੌਮੀ ਕਾਰਜਕਾਰਨੀ ਇਸ ਹਫ਼ਤੇ ਕੌਕਸ ਇਜਲਾਸ ਮਗਰੋਂ ਮੀਟਿੰਗ ਕਰ ਸਕਦੀ ਹੈ।

ਲਿਬਰਲ ਪਾਰਟੀ ਦੇ ਇਕ ਸੂਤਰ ਨੇ ਦੱਸਿਆ ਕਿ ਲੀਡਰਸ਼ਿਪ ਦਾ ਫ਼ੈਸਲਾ ਕਰਨ ਵਿਚ ਘੱਟੋ-ਘੱਟ ਤਿੰਨ ਮਹੀਨੇ ਲੱਗਣਗੇ, ਹਾਲਾਂਕਿ ਪਾਰਟੀ ਸੰਵਿਧਾਨ ਵਿਚ ਘੱਟੋ-ਘੱਟ ਚਾਰ ਮਹੀਨੇ ਦਾ ਪ੍ਰਬੰਧ ਹੈ। ਜਸਟਿਨ ਟਰੂਡੋ ਦੇ ਅਸਤੀਫ਼ੇ ਦੀ ਖ਼ਬਰ ਅਜਿਹੇ ਸਮੇਂ ਵਿਚ ਆਈ ਹੈ, ਜਦੋਂ ਦੇਸ਼ ਵਿਚ ਉਨ੍ਹਾਂ ਦੀ ਲੋਕਪ੍ਰਿਅਤਾ ਲਗਾਤਾਰ ਘੱਟਦੀ ਜਾ ਰਹੀ ਹੈ ਅਤੇ ਅਕਤੂਬਰ ਦੇ ਅਖ਼ੀਰ ਤੱਕ ਦੇਸ਼ ਵਿਚ ਚੋਣਾਂ ਹੋ ਸਕਦੀਆਂ ਹਨ।

# ਗਾਇਕਾ ਸੁੱਖੀ ਬਰਾੜ ਬਣੀ ਚੰਡੀਗੜ੍ਹ ਪ੍ਰਸ਼ਾਸਨ ਦੇ ਪ੍ਰਸ਼ਾਸਕ ਦੀ ਸਲਾਹਕਾਰ ਮੈਂਬਰ



ਫਰਿਜ਼ਨੋ, (ਪੰਜਾਬ ਮੇਲ)- ਚੰਡੀਗੜ੍ਹ ਪ੍ਰਸ਼ਾਸਨ ਦੀ ਹੋਂਦ ਨੂੰ ਹੋਰ ਮਜ਼ਬੂਤ ਬਣਾਉਂਦੇ ਹੋਏ ਇਸ ਦਾ ਗਠਨ ਗਿਆ ਹੈ, ਜਿਸ ਵਿਚ ਵੱਖ-ਵੱਖ ਖੇਤਰਾਂ ਦੇ ਰਾਜਸੀ ਮਾਹਿਰਾਂ, ਸਿਆਸੀ ਆਗੂਆਂ ਅਤੇ ਨੀਤੀਵਾਨਾਂ ਨੂੰ ਸ਼ਾਮਲ ਕੀਤਾ ਗਿਆ ਹੈ। ਪੰਜਾਬ ਦੀ ਗਾਇਕੀ ਦੇ ਵਿਰਸੇ ਨੂੰ ਸੰਭਾਲਣ ਵਾਲੀ, ਗਾਇਕਾ ਸੁੱਖੀ ਬਰਾੜ ਨੂੰ ਵੀ ਬਤੌਰ ਮੈਂਬਰ ਸ਼ਾਮਲ ਕਰਕੇ ਗਾਇਕ ਅਤੇ ਸੰਗੀਤ ਪਰਿਵਾਰ ਨੂੰ ਵੀ ਮਾਣ ਬਖਸ਼ਿਆ ਗਿਆ। ਗਾਇਕਾਂ ਸੁੱਖੀ ਬਰਾੜ ਹਮੇਸ਼ਾ ਹੀ ਪੰਜਾਬੀ ਸੱਭਿਆਚਾਰਕ ਵਿਰਸੇ ਨਾਲ ਜੁੜੀ ਰਹੀ ਹੈ। ਸੁੱਖੀ ਬਰਾੜ ਨੂੰ ਚੰਡੀਗੜ੍ਹ ਪ੍ਰਸ਼ਾਸਨ ਦੇ ਪ੍ਰਸ਼ਾਸਕ ਮੈਂਬਰ ਬਣਨ 'ਤੇ ਦੇਸ਼-ਵਿਦੇਸ਼ ਦੀਆਂ ਵੱਖ-ਵੱਖ ਸੰਸਥਾਵਾਂ, ਸਿਆਸੀ ਆਗੂਆਂ, ਬੁੱਧੀਜੀਵੀਆਂ ਅਤੇ ਸੰਗੀਤ ਜਗਤ ਨਾਲ ਜੁੜੀਆਂ ਸ਼ਖ਼ਸੀਅਤਾਂ ਵੱਲੋਂ ਵਧਾਈਆਂ ਮਿਲ ਰਹੀਆਂ ਹਨ।

# ਅਦਾਲਤ ਨੇ ਪਰਦੇ ਪਿੱਛੇ ਅਦਾਇਗੀ ਦੇ ਮਾਮਲੇ 'ਚ ਟਰੰਪ ਨੂੰ ਦੋਸ਼ੀ ਠਹਿਰਾਉਣ ਦੇ ਫੈਸਲੇ ਨੂੰ ਰਖਿਆ ਬਹਾਲ

- 10 ਜਨਵਰੀ ਨੂੰ ਸੁਣਾਈ ਜਾਵੇਗੀ ਸਜ਼ਾ



ਸੈਕਰਾਮੈਂਟੋ, (ਹੁਸਨ ਲੜੋਆ ਬੰਗਾ)-ਨਿਊਯਾਰਕ ਦੀ ਇਕ ਅਦਾਲਤ ਨੇ ਪਿਛਲੇ ਸਾਲ 30 ਮਈ ਨੂੰ 2016 ਦੀਆਂ ਰਾਸ਼ਟਰਪਤੀ ਚੋਣਾਂ ਤੋਂ ਪਹਿਲਾਂ ਪੋਰਨ ਸਟਾਰ ਸਟੌਰਮੀ ਡੈਨੀਅਲ ਨੂੰ ਪਰਦੇ ਪਿੱਛੇ ਕੀਤੀ ਅਦਾਇਗੀ ਨੂੰ ਛੁਪਾਉਣ ਲਈ ਬਣਾਏ ਫਰਜ਼ੀ ਕਾਰੋਬਾਰੀ ਲੇਖੇ-ਜੋਖੇ ਦੇ ਮਾਮਲੇ 'ਚ ਡੋਨਾਲਡ ਟਰੰਪ ਨੂੰ ਦੋਸ਼ੀ ਕਰਾਰ ਦੇਣ ਦੇ ਫੈਸਲੇ ਨੂੰ ਬਹਾਲ ਰਖਿਆ ਹੈ। ਜੱਜ ਨੇ ਕਿਹਾ ਹੈ ਕਿ ਸਜ਼ਾ 10 ਜਨਵਰੀ ਨੂੰ ਸੁਣਾਈ ਜਾਵੇਗੀ ਪਰੰਤੂ ਉਨ੍ਹਾਂ ਨੂੰ ਜੇਲ੍ਹ ਨਹੀਂ ਜਾਣਾ ਪਵੇਗਾ ਤੇ ਨਾ ਹੀ ਕੋਈ ਪਰਖ ਸਮਾਂ ਤੈਅ ਕੀਤਾ ਜਾਵੇਗਾ। ਇਸ ਤੋਂ ਪਹਿਲਾਂ ਟਰੰਪ ਵੱਲੋਂ ਚੋਣਾਂ ਤੱਕ ਸਜ਼ਾ ਸੁਣਾਏ ਜਾਣ ਨੂੰ ਅੱਗੇ ਪਾਉਣ ਦੀ ਕੀਤੀ ਬੇਨਤੀ 'ਤੇ ਜੱਜ ਜੁਆਨ ਮਰਚਨ ਨੇ ਸਹਿਮਤੀ ਪ੍ਰਗਟਾਈ ਸੀ। ਜੱਜ ਨੇ ਕਿਹਾ ਕਿ "20 ਜਨਵਰੀ ਨੂੰ ਅਹੁਦਾ ਸੰਭਾਲਣ ਤੋਂ ਪਹਿਲਾਂ ਟਰੰਪ ਨੂੰ ਸਜ਼ਾ ਸੁਣਾਏ ਜਾਣ ਦੇ ਅਮਲ ਨੂੰ ਰੋਕਣ ਦਾ ਕੋਈ ਕਾਨੂੰਨੀ ਕਾਰਨ ਮੌਜੂਦ ਨਹੀਂ ਹੈ। 20 ਜਨਵਰੀ, 2025 ਤੋਂ ਪਹਿਲਾਂ ਮਾਮਲੇ ਨੂੰ ਨਿਪਟਾਉਣਾ ਇਸ ਅਦਾਲਤ ਉਪਰ ਨਿਰਭਰ ਕਰਦਾ ਹੈ।" ਜੱਜ ਨੇ ਆਪਣੇ ਫੈਸਲੇ ਵਿਚ ਹੋਰ ਕਿਹਾ ਕਿ ਬਿਨਾਂ ਸ਼ਰਤ ਮਾਮਲੇ ਦਾ ਨਿਬੇੜਾ ਸਭ ਤੋਂ ਵਧ ਯੋਗ ਹੱਲ ਹੈ। ਨਿਊਯਾਰਕ ਦੇ ਕਾਨੂੰਨ ਅਨੁਸਾਰ ਇਸ ਦਾ ਅਰਥ ਹੈ ਕੈਦ, ਜੁਰਮਾਨੇ ਜਾਂ ਪਰਖ ਸਮੇ ਤੋਂ ਬਿਨਾਂ ਸਜ਼ਾ ਸੁਣਾਉਣੀ। ਦੂਸਰੇ ਪਾਸੇ ਟਰੰਪ ਦੇ ਬੁਲਾਰੇ ਸਟੀਵਨ ਚੇਉਂਗ ਨੇ ਜੱਜ ਦੇ ਫੈਸਲੇ ਨੂੰ ਸੁਪਰੀਮ ਕੋਰਟ ਵੱਲੋਂ ਦਿੱਤੇ ਉਸ ਫੈਸਲੇ ਦੀ ਸਿੱਧੀ ਉਲੰਘਣਾ ਕਰਾਰ ਦਿੱਤਾ ਹੈ, ਜਿਸ ਵਿਚ ਸਰਵਉੱਚ ਅਦਾਲਤ ਨੇ ਸਪੱਸ਼ਟ ਕੀਤਾ ਸੀ ਕਿ ਆਪਣੇ ਕਾਰਜਕਾਲ ਦੌਰਾਨ ਸਰਕਾਰੀ ਡਿਊਟੀ ਨਾਲ ਸਬੰਧਿਤ ਅਪਰਾਧਿਕ ਦੋਸ਼ਾਂ ਤੋਂ ਸਾਬਕਾ ਰਾਸ਼ਟਰਪਤੀ ਮੁਕਤ ਹਨ। ਮੈਨਹਟਨ ਡਿਸਟ੍ਰਿਕਟ ਅਟਾਰਨੀ ਐਲਵਿਨ ਬਰਾਗ ਨੇ ਕਿਹਾ ਹੈ ਕਿ ਟਰੰਪ ਦੁਆਰਾ ਆਪਣੇ ਵਕੀਲ ਮਾਈਕਲ ਕੋਹੇਨ ਰਾਹੀਂ ਡੈਨੀਅਲ ਨੂੰ ਕੀਤੀ ਗਈ ਅਦਾਇਗੀ ਰਾਸ਼ਟਰਪਤੀ ਦੇ ਸਰਕਾਰੀ ਕੰਮਕਾਜ਼ ਦੇ ਖੇਤਰ ਵਿਚ ਨਹੀਂ ਆਉਂਦੀ।



# ਕੈਲੀਫੋਰਨੀਆ 'ਚ ਭਾਰਤੀ ਸਿੱਖ ਸਟੋਰ ਮਾਲਕ ਨੂੰ 1.22 ਬਿਲੀਅਨ ਡਾਲਰ ਦੀ ਜੈਕਪਾਟ ਲਾਟਰੀ ਦੀ ਟਿਕਟ ਵੇਚਣ 'ਤੇ ਮਿਲੇਗਾ 1 ਮਿਲੀਅਨ ਡਾਲਰ ਦਾ ਬੋਨਸ

ਨਿਊਯਾਰਕ, (ਰਾਜ ਗੋਗਨਾ/ਪੰਜਾਬ ਮੇਲ)- ਬੀਤੇ ਦਿਨੀਂ ਇੱਕ ਭਾਰਤੀ-ਅਮਰੀਕੀ ਪਰਿਵਾਰ, ਜਿਨ੍ਹਾਂ ਦਾ ਅੱਜ ਤੋਂ ਤਿੰਨ ਸਾਲ ਪਹਿਲਾਂ ਉਨ੍ਹਾਂ ਦੇ ਗੈਸ ਸਟੇਸ਼ਨ ਨੂੰ ਅੱਗ ਲੱਗਣ ਕਾਰਨ ਭਾਰੀ ਨੁਕਸਾਨ ਹੋਇਆ ਸੀ, ਪ੍ਰਮਾਤਮਾ ਨੇ 2024 ਦੇ ਅੰਤ ਵਿਚ ਹੀ ਉਨ੍ਹਾਂ ਦੀ ਕਿਸਮਤ ਨੂੰ ਬਦਲ ਕੇ ਰੱਖ ਦਿੱਤਾ। ਅਮਰੀਕਾ ਦੇ ਸੂਬੇ ਕੈਲੀਫੋਰਨੀਆ ਦੇ ਕਸਬੇ ਕਾਟਨਵੁੱਡ ਵਿਚ ਸਨਸ਼ਾਈਨ ਫੂਡ ਐਂਡ ਗੈਸ ਨਾਂ ਦਾ ਸਟੋਰ ਹੈ। ਉਸ ਦੇ ਮਾਲਕ ਭਾਰਤੀ ਸਿੱਖ ਜਸਪਾਲ ਸਿੰਘ ਅਤੇ ਉਸ ਦੇ ਪੁੱਤਰ ਈਸ਼ਰ ਗਿੱਲ ਨੇ ਬੀਤੀ 27 ਦਸੰਬਰ ਨੂੰ 1.22 ਬਿਲੀਅਨ ਡਾਲਰ ਦੀ ਮੈਗਾ ਮਿਲੀਅਨ ਜੈਕਪਾਟ ਦੀ ਟਿਕਟ ਸਟੋਰ ਤੋਂ ਵੇਚੀ ਅਤੇ ਇਹ ਖੇਡ ਦੇ ਇਤਿਹਾਸ ਵਿਚ ਪੰਜਵੀਂ ਸਭ ਤੋਂ ਵੱਡੀ ਜਿੱਤ ਹੈ, ਜਿਸ ਨੇ ਕੈਲੀਫੋਰਨੀਆ ਵਿਚ ਆਪਣੇ ਛੋਟੇ ਜਿਹੇ ਕਸਬੇ ਦੇ ਸਟੋਰ ਵੱਲ ਰਾਸ਼ਟਰੀ




ਪੱਧਰ 'ਤੇ ਧਿਆਨ ਖਿੱਚਿਆ। ਹਾਲਾਂਕਿ ਟਿਕਟ ਖਰੀਦਦਾਰ ਦੀ ਪਛਾਣ ਅਣਜਾਣ ਹੈ, ਇਸ ਸਟੋਰ ਤੋਂ ਮੈਗਾ ਮਿਲੀਅਨਜ਼ ਲਾਟਰੀ ਦੀ ਵੇਚੀ ਗਈ ਟਿਕਟ ਵੇਚਣ ਦੇ ਬਦਲੇ 'ਚ ਇਕ ਮਿਲੀਅਨ ਡਾਲਰ ਮਿਲੇਗਾ। ਇਸ ਜੈਕਪਾਟ ਦੀ ਖਬਰ ਨੇ ਪਰਿਵਾਰ ਨੂੰ ਹੈਰਾਨ ਕਰ ਦਿੱਤਾ। ਭਾਰਤੀ ਪਰਿਵਾਰ ਦਾ ਇਹ ਕੋਈ ਪਹਿਲਾ ਕਾਰੋਬਾਰੀ ਉੱਦਮ ਨਹੀਂ ਸੀ ਕਿਉਂਕਿ ਉਨ੍ਹਾਂ ਦੇ ਕੋਲ ਇੱਕ ਗੈਸ ਸਟੇਸ਼ਨ ਸੀ, ਜਿਸ ਨੂੰ ਪਹਿਲਾਂ ਅਗਸਤ 2021 ਵਿਚ ਅੱਗ ਲੱਗ ਗਈ ਸੀ। ਪਰ ਪਰਿਵਾਰ ਨੇ ਉਮੀਦ ਨਹੀਂ ਛੱਡੀ ਅਤੇ ਮਾਰਚ 2023 ਵਿਚ ਆਪਣਾ ਕਾਰੋਬਾਰ ਦੁਬਾਰਾ ਸ਼ੁਰੂ ਕੀਤਾ। ਇੰਨੀ ਵੱਡੀ ਇਨਾਮੀ ਰਕਮ ਦੇ ਬਾਵਜੂਦ, ਸਿੱਖ ਪਰਿਵਾਰ ਨੇ ਇਸ ਨੂੰ ਆਪਣੇ ਸਿਰ ਨਹੀਂ ਚੜ੍ਹਨ ਦਿੱਤਾ।

## ਟਰੰਪ ਦੀ ਪਤਨੀ ਮੇਲਾਨੀਆ ਦੇ ਜੀਵਨ 'ਤੇ ਅਧਾਰਿਤ ਦਸਤਾਵੇਜ਼ੀ ਫਿਲਮ ਹੋਵੇਗੀ ਪ੍ਰਸਾਰਿਤ



ਲਾਸ ਏਂਜਲਸ, (ਪੰਜਾਬ ਮੇਲ)- ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਦੀ ਪਤਨੀ ਮੇਲਾਨੀਆ ਟਰੰਪ ਦੇ ਜੀਵਨ 'ਤੇ ਆਧਾਰਿਤ ਇਕ ਦਸਤਾਵੇਜ਼ੀ ਫਿਲਮ ਓ.ਟੀ.ਟੀ. (ਓਵਰ ਦਾ ਟਾਪ) ਪਲੇਟਫਾਰਮ ਐਮਾਜ਼ੋਨ ਪ੍ਰਾਈਮ ਵੀਡੀਓ 'ਤੇ ਪ੍ਰਸਾਰਿਤ ਕੀਤੀ ਜਾਵੇਗੀ।

ਐਮਾਜ਼ੋਨ ਪ੍ਰਾਈਮ ਵੀਡੀਓ ਨੇ ਐਤਵਾਰ ਨੂੰ ਕਿਹਾ ਕਿ ਬ੍ਰੈਟ ਰੈਟਨਰ ਦੁਆਰਾ ਨਿਰਦੇਸ਼ਤ ਦਸਤਾਵੇਜ਼ੀ ਫਿਲਮ ਇਸ ਸਾਲ ਦੇ ਅੰਤ ਵਿਚ ਰਿਲੀਜ਼ ਕੀਤੀ ਜਾਵੇਗੀ। ਕੰਪਨੀ ਨੇ ਕਿਹਾ ਕਿ ਇਸ 'ਚ ਦਰਸ਼ਕਾਂ ਨੂੰ ਮੇਲਾਨੀਆ ਦੀ ਜ਼ਿੰਦਗੀ ਦੇ 'ਅਣਪਛਾਤੇ ਪਹਿਲੂਆਂ' ਬਾਰੇ

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਬਾਇਡਨ ਵੱਲੋਂ ਹਿਲੇਰੀ ਕਲਿੰਟਨ, ਜੌਰਜ ਸੋਰੋਸ, ਲਿਓਨਲ ਮੈਸੀ ਦਾ ਅਮਰੀਕਾ ਦੇ ਸਿਖਰਲੇ ਨਾਗਰਿਕ ਪੁਰਸਕਾਰ ਨਾਲ ਸਨਮਾਨ

■ ਵ੍ਹਾਈਟ ਹਾਊਸ 'ਚ ਰੱਖੇ ਸਮਾਗਮ 'ਚੋਂ ਮੈਸੀ ਰਿਹਾ ਗੈਰਹਾਜ਼ਰ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ, ਫੁਟਬਾਲ ਸੁਪਰਸਟਾਰ ਲਾਇਨਲ ਮੈਸੀ, ਵਿਵਾਦਤ ਸਮਾਜਸੇਵੀ ਜੌਰਜ ਸੋਰੋਸ ਤੇ ਅਦਾਕਾਰ ਡੈਂਜ਼ਲ ਵਾਸ਼ਿੰਗਟਨ ਸਣੇ ਕੁੱਲ 19 ਵਿਅਕਤੀਆਂ ਦਾ ਦੇਸ਼ ਦੇ ਸਿਖਰਲੇ ਨਾਗਰਿਕ ਪੁਰਸਕਾਰ 'ਪ੍ਰੈਜ਼ੀਡੈਂਸ਼ੀਅਲ ਮੈਡਲ ਆਫ਼ ਫਰੀਡਮ' ਨਾਲ ਸਨਮਾਨ ਕੀਤਾ ਹੈ। ਇਹ ਪੁਰਸਕਾਰ ਉਨ੍ਹਾਂ ਵਿਅਕਤੀਆਂ ਨੂੰ ਦਿੱਤਾ ਜਾਂਦਾ ਹੈ, ਜਿਨ੍ਹਾਂ ਅਮਰੀਕਾ ਦੀ ਖੁਸ਼ਹਾਲੀ, ਉਸ ਦੀਆਂ ਕਦਰਾਂ-ਕੀਮਤਾਂ ਤੇ ਆਲਮੀ ਸ਼ਾਂਤੀ ਨੂੰ ਵਧਾਉਣ ਵਿਚ ਅਹਿਮ ਯੋਗਦਾਨ ਪਾਇਆ ਹੋਵੇ ਜਾਂ ਫਿਰ ਜਨਤਕ ਜਾਂ ਨਿੱਜੀ ਖੇਤਰ ਵਿਚ ਅਹਿਮ ਕੰਮ ਕੀਤੇ ਹੋਣ। ਅਰਜਨਟੀਨਾ ਦਾ ਫੁੱਟਬਾਲ ਖਿਡਾਰੀ ਲਾਇਨਲ ਮੈਸੀ ਪਹਿਲਾਂ ਤੋਂ ਨਿਰਧਾਰਿਤ ਪ੍ਰੋਗਰਾਮਾਂ ਕਰਕੇ ਇਹ ਪੁਰਸਕਾਰ ਲੈਣ ਲਈ ਵ੍ਹਾਈਟ ਹਾਊਸ ਵਿਚ ਨਿੱਜੀ ਰੂਪ ਵਿਚ ਮੌਜੂਦ ਨਹੀਂ ਸੀ। ਬਾਇਡਨ ਨੇ ਵ੍ਹਾਈਟ ਹਾਊਸ ਦੇ ਈਸਟ ਰੂਮ ਵਿਚ ਰੱਖੇ ਸਮਾਗਮ ਦੌਰਾਨ ਕਿਹਾ, "ਮੈਨੂੰ ਰਾਸ਼ਟਰਪਤੀ ਵਜੋਂ ਆਖਰੀ ਵਾਰ ਦੇਸ਼ ਦੇ ਸਰਬਉੱਚ ਨਾਗਰਿਕ ਸਨਮਾਨ ਨਾਲ ਅਸਾਧਾਰਨ ਲੋਕਾਂ ਨੂੰ



ਰਾਸ਼ਟਰਪਤੀ ਜੋਅ ਬਾਇਡਨ ਸਾਬਕਾ ਵਿਦੇਸ਼ ਮੰਤਰੀ ਹਿਲੇਰੀ ਕਲਿੰਟਨ ਦਾ ਰਾਸ਼ਟਰਪਤੀ ਮੈਡਲ ਨਾਲ ਸਨਮਾਨ ਕਰਦੇ ਹੋਏ।

ਸਨਮਾਨਿਤ ਕਰਨ ਦਾ ਮੌਕਾ ਮਿਲਿਆ ਹੈ। ਅਜਿਹੇ ਲੋਕ ਜਿਨ੍ਹਾਂ ਅਮਰੀਕਾ ਦੇ ਸੱਭਿਆਚਾਰ ਤੇ ਟੀਚੇ ਨੂੰ ਆਕਾਰ ਦੇਣ ਵਿਚ ਯੋਗਦਾਨ ਪਾਇਆ।" ਸਮਾਗਮ ਵਿਚ ਸਾਬਕਾ ਰਾਸ਼ਟਰਪਤੀ ਬਿਲ ਕਲਿੰਟਨ, ਰੱਖਿਆ ਮੰਤਰੀ ਲਾਇਡ ਆਸਟਿਨ, ਕਈ ਮੰਤਰੀ ਤੇ ਹੋਰ ਉੱਘੀਆਂ ਸ਼ਖ਼ਸੀਅਤਾਂ ਹਾਜ਼ਰ ਸਨ।

# ਜੇਲੇਂਸਕੀ ਨੂੰ ਟਰੰਪ ਦੇ ਮਜ਼ਬੂਤ ਰੁਖ ਅਪਣਾਉਣ 'ਤੇ ਜੰਗ ਦਾ ਭਿਆਨਕ ਦੌਰ ਜਲਦ ਖਤਮ ਹੋਣ ਦੀ ਉਮੀਦ

ਕੀਵ, (ਪੰਜਾਬ ਮੇਲ)- ਯੂਕਰੇਨ ਦੇ ਰਾਸ਼ਟਰਪਤੀ ਵੋਲੋਦੀਮੀਰ ਜ਼ੇਲੇਂਸਕੀ ਨੇ ਕਿਹਾ ਹੈ ਕਿ ਅਮਰੀਕਾ ਦੇ ਨਵ-ਨਿਯੁਕਤ ਰਾਸ਼ਟਰਪਤੀ ਡੋਨਾਲਡ ਟਰੰਪ 'ਮਜ਼ਬੂਤ ਤੇ ਅਨੁਮਾਨਿਤ' ਹਨ ਅਤੇ ਇਹ ਵਿਸ਼ੇਸ਼ਤਾਵਾਂ ਯੂਕਰੇਨ 'ਤੇ ਰੂਸ ਦੇ ਹਮਲੇ ਪ੍ਰਤੀ ਉਨ੍ਹਾਂ ਦੇ ਨੀਤੀਗਤ ਰੁਖ 'ਚ ਇਕ ਨਿਰਣਾਇਕ ਕਾਰਕ ਹਨ। ਹਾਲਾਂਕਿ ਜ਼ੇਲੇਂਸਕੀ ਨੇ ਕਿਹਾ ਕਿ ਲਗਭਗ 3 ਸਾਲਾਂ ਤੋਂ ਜਾਰੀ ਜੰਗ ਨੂੰ ਇਕ ਦਿਨ 'ਚ ਖਤਮ ਕਰਨਾ ਸੰਭਵ ਨਹੀਂ ਹੋਵੇਗਾ, ਜਿਵੇਂ ਕਿ ਟਰੰਪ ਨੇ ਆਪਣੀ ਚੋਣ ਮੁਹਿੰਮ ਦੌਰਾਨ ਦਾਅਵਾ ਕੀਤਾ ਸੀ ਕਿ ਉਹ ਅਜਿਹਾ ਕਰ ਸਕਦੇ ਹਨ। ਜ਼ੇਲੇਂਸਕੀ ਨੇ ਯੂਕਰੇਨੀ ਟੈਲੀਵਿਜ਼ਨ ਨੂੰ ਦਿੱਤੀ ਇੰਟਰਵਿਊ 'ਚ ਜੰਗ ਦਾ ਹਵਾਲਾ ਦਿੰਦੇ ਹੋਏ ਕਿਹਾ, "ਜੇਕਰ ਟਰੰਪ ਮਜ਼ਬੂਤ ਰੁਖ ਅਪਣਾਉਂਦੇ ਹਨ, ਤਾਂ ਜੰਗ ਦਾ ਭਿਆਨਕ ਦੌਰ ਬਹੁਤ ਜਲਦ ਖ਼ਤਮ ਹੋ ਸਕਦਾ ਹੈ।"

ਟਰੰਪ 20 ਜਨਵਰੀ ਨੂੰ ਅਮਰੀਕਾ ਦੇ ਰਾਸ਼ਟਰਪਤੀ ਦਾ ਅਹੁਦਾ ਸੰਭਾਲਣ ਜਾ ਰਹੇ ਹਨ। ਉਨ੍ਹਾਂ ਯੂਕਰੇਨ 'ਤੇ ਆਪਣੀ ਨੀਤੀ





ਨੂੰ ਜਨਤਕ ਤੌਰ 'ਤੇ ਸਪੱਸ਼ਟ ਨਹੀਂ ਕੀਤਾ ਹੈ ਪਰ ਉਨ੍ਹਾਂ ਦੀਆਂ ਪਿਛਲੀਆਂ ਟਿੱਪਣੀਆਂ ਨੇ ਇਸ ਗੱਲ 'ਤੇ ਸਵਾਲ ਖੜ੍ਹੇ ਕੀਤੇ ਹਨ ਕਿ ਕੀ ਅਮਰੀਕਾ ਯੂਕਰੇਨ ਦਾ ਸਭ ਤੋਂ ਵੱਡਾ ਅਤੇ ਸਭ ਤੋਂ ਮਹੱਤਵਪੂਰਨ ਫੌਜੀ ਸਮਰਥਕ ਬਣਿਆ ਰਹੇਗਾ। ਜ਼ੇਲੇਂਸਕੀ ਨੇ ਕਿਹਾ, "ਮੇਰਾ ਮੰਨਣਾ ਹੈ ਕਿ (ਟਰੰਪ) ਮਜ਼ਬੂਤ ਅਤੇ ਅਨੁਮਾਨਿਤ ਹਨ। ਮੈਂ ਚਾਹਾਂਗਾ ਕਿ ਰਾਸ਼ਟਰਪਤੀ ਟਰੰਪ ਦਾ ਅਚਨਚੇਤ ਰੁਖ ਮੁੱਖ ਤੌਰ 'ਤੇ ਰੂਸ ਪ੍ਰਤੀ ਹੋਵੇ।" ਅਗਲੇ ਮਹੀਨੇ ਯੁੱਧ ਚੌਥੇ ਸਾਲ ਵਿਚ ਦਾਖਲ ਹੋਣ ਅਤੇ ਟਰੰਪ ਦੇ ਅਹੁਦਾ ਸੰਭਾਲਣ ਦੇ ਨਾਲ, ਇਹ ਸਵਾਲ ਉੱਠਦਾ ਹੈ ਕਿ ਯੂਰਪ ਦਾ ਸਭ ਤੋਂ ਵੱਡਾ ਸੰਘਰਸ਼ ਕਿਵੇਂ ਅਤੇ ਕਦੋਂ ਖਤਮ ਹੋਵੇਗਾ।

## ਆਈ.ਐੱਸ.ਆਈ.ਐੱਸ. ਦਾ ਕੱਟੜ ਸਮਰਥਕ ਸੀ ਨਿਊ ਓਰਲੀਅਨਜ਼ ਦਾ ਹਮਲਾਵਰ : ਬਾਇਡਨ



ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਨੇ ਕਿਹਾ ਹੈ ਕਿ ਨਿਊ ਓਰਲੀਅਨਜ਼ 'ਚ ਨਵੇਂ ਸਾਲ ਦਾ ਜਸ਼ਨ ਮਨਾ ਰਹੇ ਲੋਕਾਂ 'ਤੇ ਹਮਲਾ ਕਰਨ ਵਾਲਾ ਸ਼ਮਸੁਦੀਨ ਜੱਬਾਰ ਆਈ.ਐੱਸ.ਆਈ.ਐੱਸ. ਦਾ ਕੱਟੜ ਸਮਰਥਕ ਸੀ।

ਬਾਇਡਨ ਨੇ ਪੱਤਰਕਾਰਾਂ ਨੂੰ ਕਿਹਾ, "ਐੱਫ.ਬੀ.ਆਈ. ਨੇ ਮੈਨੂੰ ਦੱਸਿਆ ਕਿ ਸਾਨੂੰ ਅਜੇ ਤੱਕ ਇਸ ਗੱਲ ਦਾ ਕੋਈ ਸਬੂਤ ਨਹੀਂ ਮਿਲਿਆ ਹੈ ਕਿ ਹਮਲੇ 'ਚ ਕੋਈ ਹੋਰ ਸ਼ਾਮਲ ਸੀ। ਹਮਲਾਵਰ ਨੇ ਕੁਝ ਘੰਟੇ ਪਹਿਲਾਂ 'ਫ੍ਰੈਂਚ ਕੁਆਰਟਰ' 'ਚ ਦੋ ਨੇੜਲੇ ਸਥਾਨਾਂ 'ਤੇ ਆਈਸ ਕੂਲਰਾਂ 'ਚ ਵਿਸਫੋਟਕ ਰੱਖੇ ਸਨ। ਹਮਲਾਵਰ ਨੇ ਹਮਲੇ ਤੋਂ ਕੁਝ ਘੰਟੇ ਪਹਿਲਾਂ ਕਈ ਵੀਡੀਓਜ਼ ਪੋਸਟ ਕੀਤੀਆਂ ਸਨ, ਜਿਸ ਤੋਂ ਪਤਾ ਲੱਗਦਾ ਹੈ ਕਿ ਉਹ ਆਈ.ਐੱਸ.ਆਈ.ਐੱਸ. ਦਾ ਕੱਟੜ ਸਮਰਥਕ ਸੀ।"

# ਐਰੀਜ਼ੋਨਾ 'ਚ ਬਜ਼ੁਰਗਾਂ ਦੇ ਘੁਟਾਲੇ ਵਿਚ 2 ਭਾਰਤੀ ਨਾਗਰਿਕਾਂ 'ਤੇ ਲੱਗਾ ਦੋਸ਼

ਐਰੀਜ਼ੋਨਾ, (ਪੰਜਾਬ ਮੇਲ)- ਅਹਿਮਦ ਮਕਬੁਲ ਸਈਦ (57) ਅਤੇ ਰੂਪੇਸ਼ ਚੰਦਰ ਚਿੰਤਾਕਿੰਡੀ (27), ਦੋ ਭਾਰਤੀ ਨਾਗਰਿਕਾਂ 'ਤੇ ਐਰੀਜ਼ੋਨਾ ਵਿਚ ਇੱਕ ਦੇਸ਼ ਵਿਆਪੀ ਘੁਟਾਲੇ ਵਿਚ ਉਨ੍ਹਾਂ ਦੀ ਭੂਮਿਕਾ ਲਈ ਦੋਸ਼ ਲਗਾਇਆ ਗਿਆ ਹੈ, ਜਿਸਨੇ ਬਜ਼ੁਰਗ ਅਮਰੀਕੀਆਂ ਨੂੰ ਨਿਸ਼ਾਨਾ ਬਣਾਇਆ ਸੀ।

ਇੱਕ ਬਿਆਨ ਵਿਚ, ਐਰੀਜ਼ੋਨਾ ਜ਼ਿਲ੍ਹੇ ਲਈ ਸੰਯੁਕਤ ਰਾਜ ਦੇ ਅਟਾਰਨੀ ਦਫ਼ਤਰ ਨੇ ਐਲਾਨ ਕੀਤਾ, "'ਤਕਨੀਕੀ ਸਹਾਇਤਾ' ਯੋਜਨਾ ਵਿਚ ਭਾਗੀਦਾਰਾਂ 'ਤੇ ਧੋਖਾਧੜੀ ਵਾਲੇ ਪੈਸੇ ਨੂੰ ਲਾਂਡਰ ਕਰਨ ਦੀ ਸਾਜ਼ਿਸ਼ ਦਾ ਦੋਸ਼ ਲਗਾਇਆ ਗਿਆ ਹੈ।"

ਟਕਸਨ 'ਚ ਇੱਕ ਸੰਘੀ ਗ੍ਰੈਂਡ ਜਿਊਰੀ ਦੁਆਰਾ ਲਗਾਏ ਗਏ ਇਸ ਮੁੱਦੇ 'ਤੇ ਜ਼ਿਕਰ ਕੀਤੇ ਗਏ ਦੋਸ਼ਾਂ ਵਿਚ ਦੋਸ਼ ਲਗਾਇਆ ਗਿਆ ਹੈ ਕਿ ਸਈਦ ਅਤੇ ਚਿੰਤਾਕਿੰਡੀ ਨੇ ਮਨੀ ਲਾਂਡਰਿੰਗ ਕਰਨ ਦੀ ਸਾਜ਼ਿਸ਼ ਰਚੀ ਸੀ। ਇਸ ਤੋਂ ਇਲਾਵਾ, ਸਈਦ 'ਤੇ ਵਾਇਰ ਧੋਖਾਧੜੀ ਕਰਨ ਦੀ ਸਾਜ਼ਿਸ਼ ਦੇ ਇੱਕ ਵੱਖਰੇ ਦੋਸ਼ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਦੋਸ਼ ਪੱਤਰ ਵਿਚ



ਦਾਅਵਾ ਕੀਤਾ ਗਿਆ ਹੈ ਕਿ ਸਈਦ, ਚਿੰਤਾਕਿੰਡੀ ਅਤੇ ਹੋਰਾਂ ਨੇ ਮਿਲ ਕੇ ਅਮਰੀਕਾ ਭਰ ਵਿਚ ਬਜ਼ੁਰਗ ਪੀੜਤਾਂ ਨੂੰ ਧੋਖਾ ਦੇਣ ਲਈ ਵੱਡੀ ਮਾਤਰਾ ਵਿਚ ਪੈਸੇ ਕਢਵਾਉਣ, ਸੋਨਾ ਖਰੀਦਣ ਅਤੇ ਗਿਫਟ ਕਾਰਡ ਖਰੀਦਣ ਲਈ ਕੰਮ ਕੀਤਾ। ਇਹ ਘੁਟਾਲਾ ਪੀੜਤਾਂ ਦੇ ਕੰਪਿਊਟਰਾਂ 'ਤੇ ਇੱਕ ਪੌਪ-ਅੱਪ ਨਾਲ ਸ਼ੁਰੂ ਹੋਇਆ, ਜਿਸ ਵਿਚ ਝੂਠਾ ਦਾਅਵਾ ਕੀਤਾ ਗਿਆ ਸੀ ਕਿ ਉਨ੍ਹਾਂ ਦੇ ਸਿਸਟਮ ਹੈਕ ਹੋ ਗਏ ਹਨ। ਫਿਰ ਪੀੜਤਾਂ ਨੂੰ ਜਾਅਲੀ "ਤਕਨੀਕੀ ਸਹਾਇਤਾ" ਜਾਂ "ਸਰਕਾਰੀ ਪ੍ਰਤੀਨਿਧੀਆਂ" ਵੱਲ ਭੇਜਿਆ ਗਿਆ, ਜੋ ਉਨ੍ਹਾਂ ਨੂੰ ਯਕੀਨ ਦਿਵਾਉਂਦੇ ਸਨ ਕਿ ਉਨ੍ਹਾਂ ਦੇ ਖਾਤਿਆਂ ਨਾਲ ਸਮਝੌਤਾ ਕੀਤਾ ਗਿਆ ਹੈ।

ਘੁਟਾਲੇਬਾਜ਼ਾਂ ਨੇ ਪੀੜਤਾਂ ਨੂੰ ਕਿਹਾ ਕਿ ਉਹ ਨਕਦੀ ਕਢਵਾ ਕੇ, ਸੋਨਾ ਖਰੀਦ ਕੇ ਅਤੇ ਇੱਥੋਂ ਤੱਕ ਕਿ ਬਿਟਕੋਇਨ ਏ.ਟੀ.ਐੱਮ. ਦੀ ਵਰਤੋਂ ਕਰਕੇ ਆਪਣੇ ਪੈਸੇ ਦੀ ਰੱਖਿਆ ਕਰਨ। ਉਨ੍ਹਾਂ ਨੂੰ ਗਿਫਟ ਕਾਰਡ ਖਰੀਦਣ ਅਤੇ ਕਾਰਡ ਨੰਬਰ ਧੋਖੇਬਾਜ਼ਾਂ ਨੂੰ ਭੇਜਣ ਲਈ ਵੀ ਕਿਹਾ ਗਿਆ ਸੀ। ਇਸ ਸਕੀਮ ਨੇ ਬਹੁਤ ਸਾਰੇ ਪੀੜਤਾਂ ਨੂੰ ਵਿੱਤੀ ਤੌਰ 'ਤੇ ਬਰਬਾਦ ਕਰ ਦਿੱਤਾ।

ਸਈਦ ਨੂੰ ਗ੍ਰਿਫਤਾਰ ਕਰ ਲਿਆ ਗਿਆ ਹੈ ਅਤੇ ਉਸਦੇ ਮੁਕੱਦਮੇ ਤੱਕ ਹਿਰਾਸਤ ਵਿਚ ਰੱਖਿਆ ਜਾ ਰਿਹਾ ਹੈ। ਜੇਕਰ ਦੋਸ਼ੀ ਠਹਿਰਾਇਆ ਜਾਂਦਾ ਹੈ, ਤਾਂ ਦੋਵਾਂ ਦੋਸ਼ਾਂ ਦੇ ਨਤੀਜੇ ਵਜੋਂ 20 ਸਾਲ ਤੱਕ ਦੀ ਕੈਦ ਅਤੇ 250,000 ਡਾਲਰ ਦਾ ਜੁਰਮਾਨਾ ਹੋ ਸਕਦਾ ਹੈ। ਐਰੀਜ਼ੋਨਾ, ਇਲੀਨੋਇਸ, ਵਿਸਕਾਨਸਿਨ, ਟੈਕਸਾਸ ਅਤੇ ਇੰਡੀਆਨਾ ਸਮੇਤ ਕਈ ਰਾਜਾਂ ਤੋਂ ਐੱਫ.ਬੀ.ਆਈ. ਅਤੇ ਸਥਾਨਕ ਕਾਨੂੰਨ ਲਾਗੂ ਕਰਨ ਵਾਲੇ, ਨੇ ਜਾਂਚ 'ਤੇ ਕੰਮ ਕੀਤਾ। ਐਰੀਜ਼ੋਨਾ ਜ਼ਿਲ੍ਹੇ ਲਈ ਅਮਰੀਕੀ ਅਟਾਰਨੀ ਦਫ਼ਤਰ ਕੇਸ ਨੂੰ ਸੰਭਾਲ ਰਿਹਾ ਹੈ।

Editorial Board

Chief Editor
Gurjatinder S. Randhawa

Distributor
Jai Singh

Website
Madhu Shardha

Sub Editors
Sandeep Kumar
Amit Saini
Ishu Hallan
Vijay
Surbhi Sharma
Sanjeev Khanna

Punjab Mail USA
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : ww.punjabmailusa.com
App : Punjab Mail USA
Youtube : Punjab Mail USA
Facebook : Punjab Mail USA

Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਟਰੰਪ ਹੋਟਲ ਦੇ ਬਾਹਰ ਸਾਈਬਰ ਟਰੱਕ ਉਡਾਉਣ ਵਾਲੇ ਫੌਜੀ ਨੇ ਲਿਖਿਆ ਪੱਤਰ !

■ ਪੱਤਰ 'ਚ ਲਿਖਿਆ ਸੀ; ਪਤਨ ਵੱਲ ਵਧ ਰਿਹੈ ਅਮਰੀਕਾ



ਨਿਊਯਾਰਕ, (ਪੰਜਾਬ ਮੇਲ)- ਲਾਸ ਵੇਗਾਸ 'ਚ ਟਰੰਪ ਇੰਟਰਨੈਸ਼ਨਲ ਹੋਟਲ ਦੇ ਬਾਹਰ ਧਮਾਕੇ ਤੋਂ ਪਹਿਲਾਂ ਟੈਸਲਾ ਸਾਈਬਰ ਟਰੱਕ 'ਚ ਖ਼ੁਦ ਨੂੰ ਗੋਲੀ ਮਾਰ ਕੇ ਜਾਣ ਦੇਣ ਵਾਲੇ ਫ਼ੌਜੀ ਮੈਥਿਊ ਲਿਵੇਲਸਬਰਗਰ ਨੇ ਪੱਤਰ ਛੱਡਿਆ ਸੀ।

ਅਧਿਕਾਰੀਆਂ ਨੇ ਕਿਹਾ ਕਿ ਮੈਥਿਊ ਦੀ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਪ੍ਰਤੀ ਕੋਈ ਮਾੜੀ ਭਾਵਨਾ ਨਹੀਂ ਸੀ। ਲਾਸ ਵੇਗਾਸ 'ਚ ਐੱਫ.ਬੀ.ਆਈ. ਦੇ ਇੰਚਾਰਜ ਏਜੰਟ ਸਪੈਂਸਰ ਇਵਾਂਸ ਨੇ ਕਿਹਾ ਕਿ ਇਹ ਖ਼ੁਦਕੁਸ਼ੀ ਦਾ ਇਕ ਦੁੱਖਦਾਈ ਮਾਮਲਾ ਪ੍ਰਤੀਤ ਹੁੰਦਾ ਹੈ, ਜਿਸ 'ਚ ਇਕ ਫ਼ੌਜੀ ਸ਼ਾਮਿਲ ਸੀ, ਜਿਹੜਾ ਜੀ.ਟੀ.ਐੱਸ.ਡੀ. ਤਣਾਅ ਤੇ ਹੋਰ ਸਮੱਸਿਆਵਾਂ ਨਾਲ ਜੂਝ ਰਿਹਾ ਸੀ। ਮੈਥਿਊ ਦੀ ਮੌਤ ਸਿਰ 'ਤੇ ਖ਼ੁਦ ਨੂੰ ਗੋਲੀ ਮਾਰਨ ਨਾਲ ਹੋਈ। ਜਾਂਚ ਅਧਿਕਾਰੀਆਂ ਨੇ ਇਹ ਨਹੀਂ ਦੱਸਿਆ ਕਿ ਮੈਥਿਊ ਨੇ ਸਾਈਬਰ ਟਰੱਕ ਦੇ ਅੰਦਰ ਖ਼ੁਦ ਨੂੰ ਕਿਵੇਂ ਗੋਲੀ ਮਾਰੀ ਤੇ ਬੰਬ ਕਿਵੇਂ ਚਲਾਇਆ। ਧਮਾਕੇ ਵਾਲੇ ਦਿਨ ਟਰੰਪ ਤੇ ਮਾਸਕ ਲਾਸ ਵੇਗਾਸ 'ਚ ਨਹੀਂ ਸਨ। ਦੋਵੇਂ ਫਲੋਰੀਡਾ ਅਸਟੇਟ 'ਚ ਨਵੇਂ ਸਾਲ ਦੀ ਪਾਰਟੀ 'ਚ ਸ਼ਾਮਿਲ ਹੋਏ ਸਨ। ਧਮਾਕੇ 'ਚ ਸੱਤ ਲੋਕਾਂ ਨੂੰ ਮਾਮੂਲੀ ਸੱਟਾਂ ਲੱਗੀਆਂ ਪਰ ਟਰੰਪ ਇੰਟਰਨੈਸ਼ਨਲ ਹੋਟਲ ਨੂੰ ਕੋਈ ਨੁਕਸਾਨ ਨਹੀਂ ਹੋਇਆ। ਅਧਿਕਾਰੀਆਂ ਨੇ ਕਿਹਾ ਕਿ ਮੈਥਿਊ ਨੇ ਇਕੱਲੇ ਇਸ ਘਟਨਾ ਨੂੰ ਅੰਜਾਮ ਦਿੱਤਾ।

ਅਧਿਕਾਰੀਆਂ ਨੇ ਸ਼ੁੱਕਰਵਾਰ ਨੂੰ ਪੱਤਰ ਜਾਰੀ ਕੀਤਾ। ਅਧਿਕਾਰੀਆਂ ਨੇ ਕਿਹਾ ਕਿ ਮੈਥਿਊ ਵੱਲੋਂ ਛੱਡੇ ਗਏ ਨੋਟਾਂ ਤੋਂ ਪਤਾ ਲੱਗਦਾ ਹੈ ਕਿ ਉਸ ਨੇ ਦੇਸ਼ ਨੂੰ ਸਚੇਤ ਕਰਨ ਲਈ ਖ਼ੁਦਕੁਸ਼ੀ ਕੀਤੀ ਹੈ। ਇਸ 'ਚ ਲਿਖਿਆ ਸੀ ਕਿ ਇਹ ਧਮਾਕਾ ਦੇਸ਼ ਦੀਆਂ ਬੁਰਾਈਆਂ ਬਾਰੇ ਸੁਚੇਤ ਕਰੇਗਾ। ਉਸ ਨੇ ਪੱਤਰ 'ਚ ਸਿਆਸੀ ਹਮਲਿਆਂ, ਸਮਾਜਿਕ ਸਮੱਸਿਆਵਾਂ ਤੇ ਯੂਕਰੇਨ 'ਚ ਜੰਗ ਸਮੇਤ ਘਰੇਲੂ ਤੇ ਕੌਮਾਂਤਰੀ ਮੁੱਦਿਆਂ ਸਮੇਤ ਕਈ ਵਿਸ਼ੇ ਚੁੱਕੇ। ਉਸ ਨੇ ਕਿਹਾ ਕਿ ਆਪਣੀ ਗੱਲ ਕਹਿਣ ਲਈ ਧਮਾਕੇ ਵਾਲੇ ਸਟੰਟ ਤੋਂ ਬਿਹਤਰ ਕਿਹੜਾ ਤਰੀਕਾ ਹੋ ਸਕਦਾ ਹੈ ?

# ਮੱਧ ਅਮਰੀਕਾ 'ਚ ਬਰਫੀਲੇ ਤੂਫਾਨ ਦੀ ਚਿਤਾਵਨੀ ਜਾਰੀ

■ ਪਿਛਲੇ ਇਕ ਦਹਾਕੇ ਦੀ ਸਭ ਤੋਂ ਭਾਰੀ ਬਰਫਬਾਰੀ ਹੋਣ ਦੀ ਸੰਭਾਵਨਾ



ਵਾਸ਼ਿੰਗਟਨ, (ਪੰਜਾਬ ਮੇਲ)- ਮੱਧ ਅਮਰੀਕਾ ਵਿਚ ਭਿਆਨਕ ਬਰਫੀਲੇ ਤੂਫਾਨ ਕਾਰਨ ਕੁਝ ਇਲਾਕਿਆਂ ਵਿਚ 'ਪਿਛਲੇ ਇਕ ਦਹਾਕੇ ਵਿਚ ਸਭ ਤੋਂ ਭਾਰੀ ਬਰਫਬਾਰੀ' ਹੋਣ ਦੀ ਸੰਭਾਵਨਾ ਹੈ। ਨੈਸ਼ਨਲ ਵੈਦਰ ਸਰਵਿਸ ਨੇ ਕਨਸਾਸ ਅਤੇ ਮਿਸੌਰੀ ਤੋਂ ਨਿਊਜਰਸੀ ਤੱਕ ਬਰਫੀਲੇ ਤੂਫਾਨ ਦੀ ਚਿਤਾਵਨੀ ਜਾਰੀ ਕੀਤੀ ਹੈ। ਮੌਸਮ ਵਿਭਾਗ ਨੇ ਕਿਹਾ, "ਇਨ੍ਹਾਂ ਖੇਤਰਾਂ ਦੇ ਉਨ੍ਹਾਂ ਸਥਾਨਾਂ 'ਤੇ ਜਿੱਥੇ ਸਭ ਤੋਂ ਵੱਧ ਬਰਫਬਾਰੀ ਹੁੰਦੀ ਹੈ, ਉਥੇ ਘੱਟੋ-ਘੱਟ ਇੱਕ ਦਹਾਕੇ ਦੀ ਸਭ ਤੋਂ ਭਾਰੀ ਬਰਫ਼ਬਾਰੀ ਹੋ ਸਕਦੀ ਹੈ।"

ਕੈਂਟਕੀ, ਮੈਰੀਲੈਂਡ, ਸੈਂਟਰਲ ਇਲੀਨੋਇਸ, ਵਰਜੀਨੀਆ, ਇੰਡੀਆਨਾ ਸਮੇਤ ਕਈ ਸੂਬਿਆਂ ਲਈ ਚੇਤਾਵਨੀ ਜਾਰੀ ਕੀਤੀ ਗਈ ਹੈ। ਬਰਫਬਾਰੀ, ਠੰਡੀ ਹਵਾ ਅਤੇ ਲਗਾਤਾਰ ਡਿੱਗਦੇ ਤਾਪਮਾਨ ਨੇ ਦੇਸ਼ ਦੇ ਕੁਝ ਹਿੱਸਿਆਂ ਵਿਚ ਯਾਤਰਾ ਦੀ ਸਥਿਤੀ ਨੂੰ ਖਤਰਨਾਕ ਬਣਾ ਦਿੱਤਾ ਹੈ। ਕਨਸਾਸ ਅਤੇ ਇੰਡੀਆਨਾ ਦੇ ਕੁਝ ਹਿੱਸਿਆਂ ਵਿਚ ਬਰਫਬਾਰੀ ਕਾਰਨ ਮੁੱਖ ਸੜਕਾਂ ਜਾਮ ਹੋ ਗਈਆਂ ਹਨ। ਇੰਡੀਆਨਾ ਵਿਚ ਅੰਤਰਰਾਜੀ 64 ਅਤੇ ਯੂ.ਐੱਸ. ਰੂਟ 41 ਦੇ ਹਿੱਸੇ ਪੂਰੀ ਤਰ੍ਹਾਂ ਬਰਫ਼ ਨਾਲ ਢੱਕੇ ਹੋਏ ਹਨ ਅਤੇ ਇੰਡੀਆਨਾ ਰਾਜ ਪੁਲਿਸ ਨੇ ਵਾਹਨ ਚਾਲਕਾਂ ਨੂੰ ਗੈਰ-ਜ਼ਰੂਰੀ ਯਾਤਰਾ ਤੋਂ ਬਚਣ ਦੀ ਅਪੀਲ ਕੀਤੀ ਹੈ।

ਸਾਰਜੈਂਟ ਟੌਡ ਰਿੰਗਲ ਨੇ ਸੋਸ਼ਲ ਮੀਡੀਆ ਪਲੇਟਫਾਰਮ ਐਕਸ 'ਤੇ ਕਿਹਾ, "ਕਿਰਪਾ ਕਰਕੇ ਜਦੋਂ ਤੱਕ ਕਿ ਜ਼ਰੂਰੀ ਨਾ ਹੋਵੇ, ਯਾਤਰਾ ਕਰਨ ਤੋਂ ਪਰਹੇਜ਼ ਕਰੋ।" ਕਨਸਾਸ ਸਿਟੀ ਇੰਟਰਨੈਸ਼ਨਲ ਏਅਰਪੋਰਟ ਨੇ ਭਾਰੀ ਬਰਫਬਾਰੀ ਕਾਰਨ ਸ਼ਨੀਵਾਰ ਦੁਪਹਿਰ ਨੂੰ ਅਸਥਾਈ ਤੌਰ 'ਤੇ ਫਲਾਈਟ ਸੰਚਾਲਨ ਨੂੰ ਰੋਕ ਦਿੱਤਾ। ਮੌਸਮ ਵਿਗਿਆਨੀਆਂ ਨੇ ਕਿਹਾ ਹੈ ਕਿ ਸੋਮਵਾਰ ਤੋਂ ਦੇਸ਼ ਦੇ ਦੋ-ਤਿਹਾਈ ਪੂਰਬੀ ਹਿੱਸੇ 'ਚ ਖਤਰਨਾਕ, ਹੱਡ-ਚੀਰਵੀਂ ਠੰਡ ਪਵੇਗੀ ਅਤੇ ਠੰਡੀਆਂ ਹਵਾਵਾਂ ਚੱਲਣਗੀਆਂ। ਵਰਜੀਨੀਆ ਦੇ ਗਵਰਨਰ ਗਲੇਨ ਯੰਗਕਿਨ ਨੇ ਤੂਫਾਨ ਤੋਂ ਪਹਿਲਾਂ ਸ਼ੁੱਕਰਵਾਰ ਸ਼ਾਮ ਨੂੰ ਐਮਰਜੈਂਸੀ ਦੀ ਸਥਿਤੀ ਦਾ ਐਲਾਨ ਕੀਤਾ। ਰਾਸ਼ਟਰੀ ਮੌਸਮ ਸੇਵਾ ਨੂੰ ਅੰਨਾਪੋਲਿਸ ਖੇਤਰ ਵਿਚ ਲਗਭਗ 20 ਤੋਂ 30 ਸੈਂਟੀਮੀਟਰ ਤੱਕ ਬਰਫਬਾਰੀ ਹੋਣ ਦੀ ਸੰਭਾਵਨਾ ਹੈ। ਬਾਲਟੀਮੋਰ ਵਿਚ ਵੀ ਮੌਸਮ ਨੂੰ ਲੈ ਕੇ ਚੇਤਾਵਨੀ ਜਾਰੀ ਕੀਤੀ ਗਈ ਅਤੇ ਏਜੰਸੀਆਂ ਨੂੰ ਲੋੜਵੰਦ ਲੋਕਾਂ ਨੂੰ ਪਨਾਹ ਅਤੇ ਹੋਰ ਲੋੜੀਂਦੀ ਸਹਾਇਤਾ ਪ੍ਰਦਾਨ ਕਰਨ ਦੇ ਨਿਰਦੇਸ਼ ਦਿੱਤੇ ਗਏ।

# ਬੇਕਰਸਫੀਲਡ 'ਚ ਪੰਜਾਬੀ ਨੌਜਵਾਨ ਦਾ ਰਿਸ਼ਤੇਦਾਰ ਵੱਲੋਂ ਗੋਲੀਆਂ ਮਾਰ ਕੇ ਕਤਲ

ਖਮਾਣੋਂ, (ਪੰਜਾਬ ਮੇਲ)- ਇਥੋਂ ਨੇੜਲੇ ਪਿੰਡ ਰਿਆ ਦੇ ਇਕ ਨੌਜਵਾਨ ਨੂੰ ਅਮਰੀਕਾ ਦੇ ਸ਼ਹਿਰ ਬੇਕਰਸਫੀਲਡ ਵਿਖੇ ਇਕ ਰਿਸ਼ਤੇਦਾਰ ਨੇ ਗੋਲੀਆਂ ਮਾਰ ਕੇ ਕਤਲ ਕਰ ਦਿੱਤਾ। ਇਸ ਸਬੰਧੀ ਮ੍ਰਿਤਕ ਦੇ ਭਰਾ ਸੰਦੀਪ ਸਿੰਘ ਨੇ ਦੱਸਿਆ ਕਿ ਉਸਦਾ ਭਰਾ ਜਤਿੰਦਰ ਸਿੰਘ ਕਰੀਬ 7 ਸਾਲ ਤੋਂ ਅਮਰੀਕਾ 'ਚ ਰਹਿ ਰਿਹਾ ਸੀ। ਜੋ ਯਾਰਡ 'ਚ ਆਪਣਾ ਟਰੱਕ ਖੜ੍ਹਾ ਕਰਕੇ ਘਰ ਵਾਪਸ ਜਾਣ ਲੱਗਿਆ ਸੀ, ਤਾਂ ਵੀਰਵਾਰ ਨੂੰ ਉਸਦੇ ਕਰੀਬੀ ਰਿਸ਼ਤੇਦਾਰ ਨੇ ਕਿਸੇ ਗੱਲੋਂ ਤਕਰਾਰ ਹੋਣ ਕਰਕੇ ਗੋਲੀਆਂ ਮਾਰ ਕੇ ਮਾਰ ਦਿੱਤਾ। ਮ੍ਰਿਤਕ ਆਪਣੇ ਪਿੱਛੇ ਇਕ ਬੇਟੀ ਅਤੇ ਪਤਨੀ ਨੂੰ ਛੱਡ ਗਿਆ। ਦੱਸਣਯੋਗ ਹੈ ਕਿ ਮ੍ਰਿਤਕ ਦੀ ਪਤਨੀ ਅਤੇ ਬੇਟੀ ਪਿਛਲੇ ਸਾਲ ਹੀ ਅਮਰੀਕਾ ਪੁੱਜੇ ਸਨ। ਇਸ ਘਟਨਾਂ ਦੀ ਖ਼ਬਰ ਮਿਲਦੇ ਹੀ ਇਲਾਕੇ 'ਚ ਸੋਗ ਦੀ ਲਹਿਰ ਫੈਲ ਗਈ। ਇਸ ਮੌਕੇ ਪਰਿਵਾਰ ਨਾਲ ਦੁੱਖ ਸਾਂਝਾ ਕਰਨ ਲਈ ਸ਼੍ਰੋਮਣੀ ਗੁਰਦੁਆਰਾ ਕਮੇਟੀ ਦੇ ਜੂਨੀਅਰ ਮੀਤ ਪ੍ਰਧਾਨ ਅਵਤਾਰ ਸਿੰਘ ਰਿਆ, ਸ਼੍ਰੋਮਣੀ ਕਮੇਟੀ ਮੈਂਬਰ ਰਵਿੰਦਰ ਸਿੰਘ ਖਾਲਸਾ, ਆੜ੍ਹਤੀ ਐਸੋਸੀਏਸ਼ਨ ਪ੍ਰਧਾਨ ਕੇਵਲ ਜੀਤ ਸਿੰਘ ਭੁੱਲਰ, ਗੁਰਦੇਵ ਸਿੰਘ, ਸੁਰਮੁੱਖ ਸਿੰਘ ਕਲੇਰ ਆੜ੍ਹਤੀ, ਅਕਾਲੀ ਦਲ ਬਾਦਲ ਦੇ ਹਲਕਾ ਇੰਚਾਰਜ ਜਥੇਦਾਰ ਦਰਬਾਰਾ ਸਿੰਘ ਗੁਰੂ, ਬੀ.ਕੇ.ਯੂ. ਕਾਦੀਆਂ ਦੇ ਸੀਨੀਅਰ ਆਗੂ ਪਰਮਜੀਤ ਸਿੰਘ ਅਮਰਾਲਾ, ਮੁਨੀ ਲਾਲ ਢੋਲਾ ਅਤੇ ਇਲਾਕੇ 'ਚੋਂ ਲੋਕ ਵੱਡੀ ਗਿਣਤੀ 'ਚ ਪੁੱਜੇ।



# ਭਾਰਤੀ ਮੂਲ ਦੀਆਂ ਕੰਪਨੀਆਂ ਨੇ 20 ਫੀਸਦੀ ਐੱਚ-1ਬੀ ਵੀਜ਼ਾ ਕੀਤੇ ਹਾਸਲ

**ਨਵੀਂ ਦਿੱਲੀ, (ਪੰਜਾਬ ਮੇਲ)-** ਅਮਰੀਕਾ ਦੁਆਰਾ ਜਾਰੀ ਕੀਤੇ ਐੱਚ-1ਬੀ ਵੀਜ਼ਾ ਦਾ ਕਰੀਬ ਇਕ-5ਵਾਂ ਹਿੱਸਾ ਮਤਲਬ 20 ਫੀਸਦੀ ਭਾਰਤੀ ਮੂਲ ਦੀ ਤਕਨੀਕੀ ਕੰਪਨੀਆਂ ਨੇ ਹਾਸਲ ਕੀਤਾ ਹੈ। ਐੱਚ-1ਬੀ ਵੀਜ਼ਾ ਹਾਸਲ ਕਰਨ 'ਚ ਇਨਫੋਸਿਸ ਅਤੇ ਟਾਟਾ ਕੰਸਲਟੈਂਸੀ ਸਰਵਿਸਿਜ਼ (ਟੀ.ਸੀ.ਐੱਸ.) ਸਭ ਤੋਂ ਅੱਗੇ ਰਹੀਆਂ ਹਨ। ਅਮਰੀਕੀ ਇਮੀਗ੍ਰੇਸ਼ਨ ਵਿਭਾਗ ਦੇ ਅੰਕੜਿਆਂ ਦੇ ਵਿਸ਼ਲੇਸ਼ਣ ਤੋਂ ਇਹ ਸਿੱਟਾ ਕੱਢਿਆ ਗਿਆ ਹੈ।




ਅਮਰੀਕੀ ਨਾਗਰਿਕਤਾ ਅਤੇ ਇਮੀਗ੍ਰੇਸ਼ਨ ਸੇਵਾਵਾਂ ਦੇ ਅੰਕੜਿਆਂ ਅਨੁਸਾਰ, ਅਪ੍ਰੈਲ-ਸਤੰਬਰ, 2024 ਦੀ ਮਿਆਦ 'ਚ ਵੱਖ-ਵੱਖ ਇੰਪਲਾਇਰਜ਼ ਨੂੰ ਜਾਰੀ ਕੀਤੇ ਗਏ ਕੁੱਲ 1.3 ਲੱਖ ਐੱਚ-1ਬੀ ਵੀਜ਼ਾ 'ਚੋਂ ਲਗਭਗ 24,766 ਵੀਜ਼ਾ ਭਾਰਤੀ ਮੂਲ ਦੀਆਂ ਕੰਪਨੀਆਂ ਨੂੰ ਜਾਰੀ ਕੀਤੇ ਗਏ।

ਇਨ੍ਹਾਂ 'ਚੋਂ ਇਨਫੋਸਿਸ ਨੇ 8,140 ਲਾਭਪਾਤਰੀਆਂ ਦੇ ਨਾਲ ਮੋਹਰੀ ਸਥਾਨ ਹਾਸਲ ਕੀਤਾ। ਇਸ ਤੋਂ ਬਾਅਦ ਟੀ.ਸੀ.ਐੱਸ. (5,274) ਅਤੇ ਐੱਚ.ਸੀ.ਐੱਲ. ਅਮਰੀਕਾ (2,953) ਦਾ ਸਥਾਨ ਰਿਹਾ। ਐਮਾਜ਼ੋਨ ਕਾਮ ਸਰਵਿਸਿਜ਼ ਐੱਲ.ਐੱਲ.ਸੀ. ਤੋਂ ਬਾਅਦ ਇਨਫੋਸਿਸ ਇਹ ਵੀਜ਼ਾ ਹਾਸਲ ਕਰਨ 'ਚ ਦੂਜੇ ਸਥਾਨ 'ਤੇ ਰਹੀ। ਐਮਾਜ਼ੋਨ ਕਾਮ ਸਰਵਿਸਿਜ਼ ਨੇ 9,265 ਐੱਚ-1ਬੀ ਵੀਜ਼ਾ ਹਾਸਲ ਕੀਤੇ। ਕਾਗਨੀਜੈਂਟ ਇਸ ਸੂਚੀ 'ਚ 6,321 ਵੀਜ਼ੇ ਦੇ ਨਾਲ ਤੀਜੇ ਸਥਾਨ 'ਤੇ ਰਹੀ।

# ਟਰੰਪ ਵੱਲੋਂ ਐੱਚ-1ਬੀ ਵੀਜ਼ਾ ਦੀ ਹਮਾਇਤ ਮਗਰੋਂ ਤਕਨੀਕੀ ਕੰਪਨੀਆਂ ਸਰਗਰਮ

■ ਕਈ ਕੰਪਨੀਆਂ ਦੇ ਆਗੂਆਂ 'ਚ ਟਰੰਪ ਦੇ ਐਲਾਨ ਮਗਰੋਂ ਰੋਸ

**ਕੈਲੀਫੋਰਨੀਆ, (ਪੰਜਾਬ ਮੇਲ)-** ਅਮਰੀਕਾ ਦੇ ਨਵੇਂ ਬਣਨ ਵਾਲੇ ਰਾਸ਼ਟਰਪਤੀ ਡੋਨਲਡ ਟਰੰਪ ਵੱਲੋਂ ਐੱਚ-1ਬੀ ਵੀਜ਼ਾ ਦੀ ਹਮਾਇਤ ਕੀਤੇ ਜਾਣ ਮਗਰੋਂ ਗੂਗਲ ਤੇ ਮੇਟਾ ਦੇ ਮੁਖੀਆਂ ਸਮੇਤ ਅਮਰੀਕਾ ਦੇ ਅਮੀਰ ਤੇ ਤਾਕਤਵਰ ਲੋਕਾਂ ਨੇ ਟਰੰਪ ਨਾਲ ਨੇੜਤਾ ਵਧਾਉਣੀ ਸ਼ੁਰੂ ਕਰ ਦਿੱਤੀ ਹੈ। ਇਹ ਜਾਣਕਾਰੀ ਸਥਾਨਕ ਮੀਡੀਆ ਰਿਪੋਰਟਾਂ 'ਚ ਦਿੱਤੀ ਗਈ ਹੈ। ਐਲਨ ਮਸਕ ਦੇ ਐੱਚ-1ਬੀ ਵੀਜ਼ਾ ਨੂੰ ਬਰਕਰਾਰ ਰੱਖਣ ਦੀ ਹਮਾਇਤ ਕੀਤੇ ਜਾਣ ਨੇ ਉਨ੍ਹਾਂ ਕੰਪਨੀਆਂ 'ਚ ਰੋਸ ਪੈਦਾ ਕੀਤਾ ਹੈ, ਜੋ ਕਿਸੇ ਨਾ ਕਿਸੇ ਢੰਗ ਨਾਲ ਇਮੀਗ੍ਰੇਸ਼ਨ ਦੇ ਖ਼ਿਲਾਫ਼ ਹਨ। ਲਾਸ ਏਂਜਲਸ ਟਾਈਮਜ਼ ਦੇ ਹਵਾਲੇ ਨਾਲ ਸ਼ਿਨਹੂਆ ਖ਼ਬਰ ਏਜੰਸੀ ਨੇ ਕਿਹਾ ਕਿ ਤਕਨੀਕੀ ਤੇ ਹੁਨਰਮੰਦ ਕਾਮਿਆਂ ਲਈ ਰਾਹ ਖੁੱਲ੍ਹਾ ਰੱਖਣ ਨੂੰ ਕਈ ਕਾਰੋਬਾਰੀ ਆਗੂ ਅਮਰੀਕੀ ਅਰਥਚਾਰੇ ਲਈ ਅਹਿਮ ਮੰਨਦੇ ਹਨ। ਇਸ ਤੋਂ ਪਹਿਲਾਂ ਟਰੰਪ ਨੇ ਅਮਰੀਕਾ 'ਚ ਕੰਮ ਕਰਨ ਲਈ ਯੋਗ ਪੇਸ਼ੇਵਰਾਂ ਦੇ ਪ੍ਰੋਗਰਾਮ ਦੇ ਵਿਰੋਧ ਨੂੰ ਖਾਰਜ ਕਰਦਿਆਂ ਐਲਾਨ ਕੀਤਾ ਸੀ ਕਿ ਉਹ ਐੱਚ-1ਬੀ ਵੀਜ਼ਾ 'ਚ ਯਕੀਨ ਰੱਖਦੇ ਹਨ। ਇਸ ਐਲਾਨ ਨੇ ਉਨ੍ਹਾਂ ਦੇ ਸਲਾਹਕਾਰਾਂ ਐਲਨ ਮਸਕ ਤੇ ਵਿਵੇਕ ਰਾਮਾਸਵਾਮੀ ਖ਼ਿਲਾਫ਼ ਇਕ ਧੜਾ ਖੜ੍ਹਾ ਕਰ ਦਿੱਤਾ ਸੀ। ਉਨ੍ਹਾਂ ਬੀਤੇ ਸ਼ਨਿਚਰਵਾਰ ਨਿਊਯਾਰਕ ਪੋਸਟ ਨਾਲ ਫੋਨ 'ਤੇ ਇਕ ਇੰਟਰਵਿਊ ਦੌਰਾਨ ਕਿਹਾ, "ਇਹ ਬਹੁਤ ਚੰਗਾ ਪ੍ਰੋਗਰਾਮ ਹੈ।"

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# 26/11 ਦੇ ਮਾਸਟਰਮਾਈਂਡ ਤਹੱਵੁਰ ਰਾਣਾ ਨੂੰ ਲਿਆਂਦਾ ਜਾਵੇਗਾ ਦਿੱਲੀ

**ਨਵੀਂ ਦਿੱਲੀ, (ਪੰਜਾਬ ਮੇਲ)-** ਪਾਕਿਸਤਾਨੀ ਮੂਲ ਦੇ ਕੈਨੇਡੀਅਨ ਕਾਰੋਬਾਰੀ ਤਹੱਵੁਰ ਰਾਣਾ ਨੂੰ ਜਲਦ ਭਾਰਤ ਲਿਆਂਦਾ ਜਾ ਸਕਦਾ ਹੈ। ਉਸ ਨੂੰ ਕੂਟਨੀਤਿਕ ਪ੍ਰਕਿਰਿਆਵਾਂ ਰਾਹੀਂ ਭਾਰਤ ਹਵਾਲੇ ਕਰਨ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਉਹ 26/11 ਦੇ ਮੁੰਬਈ ਹਮਲਿਆਂ ਵਿਚ ਸ਼ਾਮਲ ਸੀ। ਅਗਸਤ 2024 ਵਿਚ ਅਮਰੀਕੀ ਅਦਾਲਤ ਨੇ ਇਸ ਮਾਮਲੇ ਵਿਚ ਆਪਣਾ ਫੈਸਲਾ ਸੁਣਾਇਆ ਸੀ। ਅਦਾਲਤ ਨੇ ਭਾਰਤ-ਅਮਰੀਕਾ ਹਵਾਲਗੀ ਸੰਧੀ ਤਹਿਤ ਉਸ ਨੂੰ ਭਾਰਤ ਭੇਜਣ ਦੀ ਮਨਜ਼ੂਰੀ ਦਿੱਤੀ ਸੀ। ਹੁਣ ਰਾਣਾ ਨੂੰ ਜਲਦ ਭਾਰਤ ਲਿਆਉਣ ਦੀ ਮੁਹਿੰਮ ਤੇਜ਼ ਹੋ ਗਈ ਹੈ। ਅਮਰੀਕਾ ਦੀ ਅਦਾਲਤ ਨੇ ਮੁੰਬਈ ਹਮਲੇ ਵਿਚ ਸ਼ਾਮਲ ਤਹੱਵੁਰ ਰਾਣਾ ਨੂੰ ਭਾਰਤ ਹਵਾਲੇ ਨਾ ਕਰਨ ਦੀ ਪਟੀਸ਼ਨ ਰੱਦ ਕਰ ਦਿੱਤੀ ਹੈ। ਅਦਾਲਤ ਨੇ ਕਿਹਾ ਕਿ ਭਾਰਤ ਨੇ ਰਾਣਾ ਖਿਲਾਫ ਪੁਖਤਾ ਸਬੂਤ ਪੇਸ਼ ਕੀਤੇ ਹਨ। ਮੁੰਬਈ ਪੁਲਿਸ ਨੇ 26/11 ਹਮਲੇ ਦੇ ਮਾਮਲੇ ਵਿਚ ਰਾਣਾ ਦਾ ਨਾਂ ਚਾਰਜਸ਼ੀਟ ਵਿਚ ਸ਼ਾਮਲ ਕੀਤਾ ਸੀ। ਉਸ 'ਤੇ ਪਾਕਿਸਤਾਨ ਦੀ ਇੰਟਰ-ਸਰਵਿਸਿਜ਼ ਇੰਟੈਲੀਜੈਂਸ (ਆਈ.ਐੱਸ.ਆਈ.) ਅਤੇ ਅੱਤਵਾਦੀ ਸੰਗਠਨ ਲਸ਼ਕਰ-ਏ-ਤੋਇਬਾ ਦਾ ਸਰਗਰਮ ਮੈਂਬਰ ਹੋਣ ਦਾ ਦੋਸ਼ ਹੈ। ਚਾਰਜਸ਼ੀਟ 'ਚ ਕਿਹਾ ਗਿਆ ਹੈ ਕਿ ਤਹੱਵੁਰ ਰਾਣਾ ਨੇ ਮੁੰਬਈ ਹਮਲੇ ਦੇ ਮਾਸਟਰਮਾਈਂਡ ਡੇਵਿਡ ਕੋਲਮੈਨ ਹੈਡਲੀ ਦੀ ਮਦਦ ਕੀਤੀ ਸੀ, ਜਿਸ ਨੇ ਹਮਲੇ ਲਈ ਮੁੰਬਈ 'ਚ ਨਿਸ਼ਾਨੇ ਦੀ ਰੇਕੀ ਕੀਤੀ ਸੀ।

# ਮੁੰਬਈ ਹਮਲਾ: ਦੋਸ਼ੀ ਰਾਣਾ ਦੇ ਵਕੀਲ ਵੱਲੋਂ ਰਾਣਾ ਨੂੰ ਭਾਰਤ ਹਵਾਲੇ ਕਰਨ ਦੇ ਅਦਾਲਤੀ ਫੈਸਲੇ ਦੀ ਸਮੀਖਿਆ ਕਰਨ ਦੀ ਅਪੀਲ

**ਵਾਸ਼ਿੰਗਟਨ, (ਪੰਜਾਬ ਮੇਲ)-** ਮੁੰਬਈ ਹਮਲੇ ਦੇ ਦੋਸ਼ੀ ਤਹੱਵੁਰ ਰਾਣਾ ਦੇ ਵਕੀਲ ਨੇ ਅਮਰੀਕੀ ਸੁਪਰੀਮ ਕੋਰਟ ਨੂੰ ਉਸ ਨੂੰ ਭਾਰਤ ਹਵਾਲੇ ਕਰਨ ਦੇ ਹੇਠਲੀ ਅਦਾਲਤ ਦੇ ਫੈਸਲੇ ਦੀ ਸਮੀਖਿਆ ਕਰਨ ਦੀ ਅਪੀਲ ਕੀਤੀ ਹੈ। ਉਨ੍ਹਾਂ ਨੇ 'ਦੋਹਰੇ ਖ਼ਤਰੇ ਦੇ ਸਿਧਾਂਤ' ਦਾ ਹਵਾਲਾ ਦਿੱਤਾ ਹੈ, ਜੋ ਕਿਸੇ ਵਿਅਕਤੀ ਨੂੰ ਇੱਕ ਹੀ ਅਪਰਾਧ ਲਈ 2 ਵਾਰ ਮੁਕੱਦਮਾ ਚਲਾਉਣ ਜਾਂ ਸਜ਼ਾ ਦੇਣ ਤੋਂ ਰੋਕਦਾ ਹੈ। ਭਾਰਤ ਪਾਕਿਸਤਾਨੀ ਮੂਲ ਦੇ ਕੈਨੇਡੀਅਨ ਨਾਗਰਿਕ ਰਾਣਾ ਦੀ ਹਵਾਲਗੀ ਦੀ ਮੰਗ ਕਰ ਰਿਹਾ ਹੈ, ਕਿਉਂਕਿ ਉਹ 2008 ਦੇ ਮੁੰਬਈ ਅੱਤਵਾਦੀ ਹਮਲਿਆਂ ਦੇ ਮਾਮਲੇ ਵਿਚ ਲੋੜੀਂਦਾ ਹੈ। ਹੇਠਲੀਆਂ



ਅਦਾਲਤਾਂ ਅਤੇ ਸਾਨ ਫਰਾਂਸਿਸਕੋ ਵਿਚ ਉੱਤਰੀ ਸਰਕਟ ਲਈ ਅਮਰੀਕੀ ਕੋਰਟ ਆਫ਼ ਅਪੀਲਜ਼ ਸਮੇਤ ਕਈ ਸੰਘੀ ਅਦਾਲਤਾਂ ਵਿਚ ਕਾਨੂੰਨੀ ਲੜਾਈ ਹਾਰਨ ਤੋਂ ਬਾਅਦ ਰਾਣਾ ਨੇ 13 ਨਵੰਬਰ ਨੂੰ ਅਮਰੀਕੀ ਸੁਪਰੀਮ ਕੋਰਟ ਦੇ ਸਾਹਮਣੇ ਰਿਕਾਰਡ ਲਈ ਪਟੀਸ਼ਨ ਦਾਇਰ ਕੀਤੀ ਸੀ। ਅਮਰੀਕੀ ਸਾਲਿਸਟਰ ਜਨਰਲ ਐਲਿਜ਼ਾਬੈਥ ਬੀ ਪ੍ਰੀਲੋਗਰ ਨੇ 16 ਦਸੰਬਰ ਨੂੰ ਸੁਪਰੀਮ ਕੋਰਟ ਨੂੰ ਪਟੀਸ਼ਨ ਖਾਰਜ ਕਰਨ ਦੀ ਅਪੀਲ ਕੀਤੀ। ਰਾਣਾ ਦੇ ਵਕੀਲ ਜੋਸ਼ੂਆ ਐੱਲ ਡਰੇਟਲ ਨੇ 23 ਦਸੰਬਰ ਨੂੰ ਆਪਣੇ ਜਵਾਬ ਵਿਚ ਅਮਰੀਕੀ ਸਰਕਾਰ ਦੀ ਸਿਫਾਰਿਸ਼ ਨੂੰ ਚੁਣੌਤੀ ਦਿੱਤੀ ਅਤੇ ਅਦਾਲਤ ਨੂੰ ਬੇਨਤੀ ਕੀਤੀ ਕਿ ਉਨ੍ਹਾਂ ਦੀ ਪਟੀਸ਼ਨ ਸਵੀਕਾਰ ਕੀਤੀ ਜਾਵੇ।

ਇਕ ਲੰਮੀ ਕਾਨੂੰਨੀ ਲੜਾਈ ਵਿਚ, ਇਹ ਰਾਣਾ ਲਈ ਭਾਰਤ ਹਵਾਲੇ ਨਾ ਕੀਤੇ ਜਾਣ ਦਾ ਆਖਰੀ ਕਾਨੂੰਨੀ ਮੌਕਾ ਹੈ। ਅਦਾਲਤ ਨੇ ਇਸ ਮੁੱਦੇ 'ਤੇ ਦੋਵਾਂ ਧਿਰਾਂ ਦੀ ਸੁਣਵਾਈ 17 ਜਨਵਰੀ ਨੂੰ ਤੈਅ ਕੀਤੀ ਹੈ। ਰਾਣਾ, ਜੋ ਇਸ ਸਮੇਂ ਲਾਸ ਏਂਜਲਸ ਦੀ ਜੇਲ੍ਹ ਵਿਚ ਬੰਦ ਹੈ, ਉੱਤੇ ਮੁੰਬਈ ਹਮਲਿਆਂ ਦੀ ਸਾਜ਼ਿਸ਼ ਵਿਚ ਸ਼ਾਮਲ ਹੋਣ ਦਾ ਦੋਸ਼ ਹੈ। ਮੰਨਿਆ ਜਾਂਦਾ ਹੈ ਕਿ ਉਹ ਪਾਕਿਸਤਾਨੀ-ਅਮਰੀਕੀ ਅੱਤਵਾਦੀ ਡੇਵਿਡ ਕੋਲਮੈਨ ਹੈਡਲੀ ਨਾਲ ਜੁੜਿਆ ਹੋਇਆ ਹੈ, ਜੋ 26/11 ਦੇ ਮੁੰਬਈ ਹਮਲਿਆਂ ਦੇ ਮੁੱਖ ਸਾਜ਼ਿਸ਼ਕਰਤਾਵਾਂ ਵਿਚੋਂ ਇੱਕ ਹੈ।

Global Allianz
LAW FIRM LLP
ਕਾਨੂੰਨੀ ਸਲਾਹਾਂ
■ ਇਮੀਗਰੇਸ਼ਨ ਸੇਵਾਵਾਂ
■ ਘਰੇਲੂ ਹਿੰਸਾ ਦੇ ਕੇਸ
■ ਨਸ਼ਾ ਕਰਕੇ ਗੱਡੀ ਚਲਾਉਣਾ
■ ਕੰਮ 'ਤੇ ਸੱਟ ਲਗਣਾ
Asylum & Deportation Defense



Atul Kapoor
C.E.O



Neat Allen Sawyer
Attorney at law
Designed By Punjab Mail USA
555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਮਾਈਕ ਜਾਨਸਨ ਦੁਬਾਰਾਂ ਚੁਣੇ ਗਏ ਅਮਰੀਕੀ ਪ੍ਰਤੀਨਿਧੀ ਸਭਾ ਦੇ ਸਪੀਕਰ

■ **ਅਮਰੀਕੀ ਪ੍ਰਤੀਨਿਧੀ ਸਭਾ ਦੇ ਫਿਰ ਪ੍ਰਧਾਨ ਚੁਣੇ ਗਏ ਮਾਈਕ ਜਾਨਸਨ**



ਵਾਸ਼ਿੰਗਟਨ, (ਪੰਜਾਬ ਮੇਲ)- ਰਿਪਬਲਿਕਨ ਪਾਰਟੀ ਦੇ ਨੇਤਾ ਅਤੇ ਸੰਸਦ ਮੈਂਬਰ ਮਾਈਕ ਜਾਨਸਨ ਸ਼ੁੱਕਰਵਾਰ ਨੂੰ ਤਿੰਨ ਵੋਟਾਂ ਦੇ ਮਾਮੂਲੀ ਫਰਕ ਨਾਲ ਜਿੱਤ ਨਾਲ ਅਮਰੀਕੀ ਪ੍ਰਤੀਨਿਧੀ ਸਭਾ ਦੇ ਸਪੀਕਰ ਚੁਣੇ ਗਏ। ਰਿਪਬਲਿਕਨ ਪਾਰਟੀ ਕੋਲ ਸਦਨ ਵਿਚ 219 ਸੀਟਾਂ ਹਨ, ਜਦੋਂਕਿ ਡੈਮੋਕ੍ਰੇਟਿਕ ਪਾਰਟੀ ਕੋਲ 215 ਸੀਟਾਂ ਹਨ।

ਲੂਸੀਆਨਾ ਦੇ ਚੌਥੇ ਕਾਂਗਰੇਸ਼ਨਲ ਡਿਸਟ੍ਰਿਕਟ ਦੀ ਨੁਮਾਇੰਦਗੀ ਕਰਨ ਵਾਲੇ 52 ਸਾਲਾ ਜਾਨਸਨ ਨੂੰ 218 ਵੋਟਾਂ ਮਿਲੀਆਂ, ਜਦੋਂਕਿ ਡੈਮੋਕ੍ਰੇਟਿਕ ਪਾਰਟੀ ਦੇ ਹਕੀਮ ਜੈਫਰੀਜ਼ ਨੂੰ 215 ਵੋਟਾਂ ਮਿਲੀਆਂ। ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਜਾਨਸਨ ਨੂੰ ਸਪੀਕਰ ਦੇ ਤੌਰ 'ਤੇ ਮੁੜ ਚੁਣੇ ਜਾਣ 'ਤੇ ਵਧਾਈ ਦਿੱਤੀ ਹੈ। ਉਨ੍ਹਾਂ ਕਿਹਾ, "ਕਾਂਗਰਸ ਵਿਚ ਬੇਮਿਸਾਲ ਭਰੋਸੇ ਦਾ ਵੋਟ ਪ੍ਰਾਪਤ ਕਰਨ ਲਈ ਸਪੀਕਰ ਮਾਈਕ ਜਾਨਸਨ ਨੂੰ ਵਧਾਈ। ਮਾਈਕ ਇਕ ਸ਼ਾਨਦਾਰ ਸਪੀਕਰ ਹੋਵੇਗਾ, ਜੋ ਸਾਡੇ ਦੇਸ਼ ਨੂੰ ਲਾਭ ਪਹੁੰਚਾਏਗਾ।"

ਚੋਣ ਜਿੱਤਣ ਤੋਂ ਬਾਅਦ ਜਾਨਸਨ ਨੇ ਕਿਹਾ, "ਇਹ ਮੇਰੇ ਲਈ ਸਨਮਾਨ ਦੀ ਗੱਲ ਹੈ। ਇਹ ਸਾਡੇ ਇਤਿਹਾਸ ਦਾ ਅਹਿਮ ਸਮਾਂ ਹੈ।" ਇਸ ਤੋਂ ਤੁਰੰਤ ਬਾਅਦ ਉਨ੍ਹਾਂ ਨੇ 119ਵੀਂ ਕਾਂਗਰਸ ਦੇ ਮੈਂਬਰਾਂ ਨੂੰ ਸਹੁੰ ਚੁਕਾਈ।

# ਅਮਰੀਕੀ ਸਰਜਨ ਜਨਰਲ ਵੱਲੋਂ ਕੈਂਸਰ ਦੇ ਖਤਰੇ ਸਬੰਧੀ ਸ਼ਰਾਬ ਦੀਆਂ ਬੋਤਲਾਂ 'ਤੇ ਚੇਤਾਵਨੀ ਲਿਖਣ ਦੀ ਮੰਗ

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕੀ ਸਰਜਨ ਜਨਰਲ ਨੇ ਸ਼ਰਾਬ ਦੇ ਸੇਵਨ ਨਾਲ ਹੋਣ ਵਾਲੇ ਕੈਂਸਰ ਦੇ ਖਤਰੇ ਸਬੰਧੀ ਬੋਤਲਾਂ 'ਤੇ ਚੇਤਾਵਨੀ ਲਿਖਣ ਦੀ ਮੰਗ ਕੀਤੀ ਹੈ। ਉਨ੍ਹਾਂ ਕਿਹਾ ਕਿ ਸ਼ਰਾਬ ਕੈਂਸਰ ਦਾ ਮੁੱਖ ਕਾਰਨ ਹੈ, ਇਹ ਇਕ ਅਜਿਹਾ ਖਤਰਾ ਹੈ, ਜਿਸ ਨੂੰ ਅਮਰੀਕੀਆਂ ਵੱਲੋਂ ਸੇਵਨ ਕੀਤੀਆਂ ਜਾਣ ਵਾਲੀਆਂ ਸ਼ਰਾਬ ਦੀਆਂ ਬੋਤਲਾਂ 'ਤੇ ਸਪੱਸ਼ਟ ਤੌਰ ਲਿਖਿਆ ਜਾਣਾ ਚਾਹੀਦਾ ਹੈ। ਅਮਰੀਕੀ ਸਰਜਨ ਜਨਰਲ ਵਿਵੇਕ ਮੂਰਤੀ ਨੇ ਸ਼ੁੱਕਰਵਾਰ ਨੂੰ ਇਹ ਪ੍ਰਸਤਾਵ ਰੱਖਿਆ। ਮੂਰਤੀ ਦੀ ਇਹ ਸਲਾਹ ਅਜਿਹੇ ਸਮੇਂ ਵਿਚ ਆਈ ਹੈ, ਜਦੋਂ ਸ਼ਰਾਬ ਦੇ ਮਨੁੱਖੀ ਸਿਹਤ 'ਤੇ ਪੈਣ ਵਾਲੇ ਮਾੜੇ ਪ੍ਰਭਾਵਾਂ ਦੇ ਬਾਰੇ ਵਿਚ ਸੋਧ ਅਤੇ ਸਬੂਤ ਵੱਧ ਰਹੇ ਹਨ। ਮੂਰਤੀ ਨੇ ਆਪਣੀ ਸਲਾਹ ਵਿਚ ਦਲੀਲ ਦਿੱਤੀ ਹੈ ਕਿ ਅਮਰੀਕੀਆਂ ਨੂੰ ਖਾਸ ਤੌਰ 'ਤੇ ਸ਼ਰਾਬ ਅਤੇ ਕੈਂਸਰ ਦੇ ਵਿਚਕਾਰ ਸਬੰਧ ਬਾਰੇ ਬਿਹਤਰ ਜਾਣਕਾਰੀ ਹੋਣੀ ਚਾਹੀਦੀ ਹੈ। ਉਨ੍ਹਾਂ ਕਿਹਾ ਕਿ ਪਿਛਲੇ ਦਹਾਕੇ ਦੌਰਾਨ ਅਮਰੀਕਾ ਵਿਚ ਲਗਭਗ 10 ਲੱਖ ਰੋਕਥਾਮਯੋਗ ਕੈਂਸਰ ਦੇ ਮਾਮਲਿਆਂ ਲਈ ਸ਼ਰਾਬ ਦਾ ਸੇਵਨ ਜ਼ਿੰਮੇਵਾਰ ਹੈ। ਉਨ੍ਹਾਂ ਦੀ ਸਲਾਹ ਅਨੁਸਾਰ, ਸ਼ਰਾਬ ਨਾਲ ਸਬੰਧਤ ਕੈਂਸਰ ਕਾਰਨ ਹਰ ਸਾਲ ਲਗਭਗ 20,000 ਲੋਕ ਮਰਦੇ ਹਨ। ਬੀਅਰ, ਵਾਈਨ ਅਤੇ ਸ਼ਰਾਬ ਦੀਆਂ ਬੋਤਲਾਂ 'ਤੇ ਪਹਿਲਾਂ ਹੀ ਚੇਤਾਵਨੀ ਲਿਖੀ ਹੁੰਦੀ ਹੈ ਕਿ ਗਰਭਵਤੀ ਔਰਤ ਵੱਲੋਂ ਸ਼ਰਾਬ ਪੀਣ ਨਾਲ ਜਨਮ ਨੁਕਸ ਦਾ ਖ਼ਤਰਾ ਹੋ ਸਕਦਾ ਹੈ ਪਰ ਮੂਰਤੀ ਦਾ ਇਹ ਪ੍ਰਸਤਾਵ ਕੈਂਸਰ ਦੇ ਖਤਰੇ ਬਾਰੇ ਹੋਰ ਜਾਗਰੂਕਤਾ ਪੈਦਾ ਕਰੇਗਾ। ਖੋਜ ਵਿਚ ਪਾਇਆ ਗਿਆ ਹੈ ਕਿ ਸ਼ਰਾਬ ਦਾ ਸੇਵਨ ਕਰਨ ਨਾਲ ਜਿਗਰ, ਛਾਤੀ ਅਤੇ ਗਲੇ ਦੇ ਕੈਂਸਰ ਸਮੇਤ ਘੱਟੋ-ਘੱਟ 7 ਕਿਸਮ ਦੀਆਂ ਕੈਂਸਰ ਦੀਆਂ ਬਿਮਾਰੀਆਂ ਹੋਣ ਦਾ ਖਤਰਾ ਵੱਧ ਜਾਂਦਾ ਹੈ। ਉਨ੍ਹਾਂ ਦੀ ਸਲਾਹ ਵਿਚ ਇਹ ਵੀ ਕਿਹਾ ਗਿਆ ਹੈ ਕਿ ਜਿਵੇਂ-ਜਿਵੇਂ ਵਿਅਕਤੀ ਇਸ ਦਾ ਸੇਵਨ ਵਧਾਉਂਦਾ ਹੈ, ਉਸੇ ਤਰ੍ਹਾਂ ਇਨ੍ਹਾਂ ਬਿਮਾਰੀਆਂ ਦੇ ਵਿਕਸਿਤ ਹੋਣ ਦਾ ਖਤਰਾ ਵੀ ਵਧਦਾ ਹੈ।

# ਕਾਸ਼ ਪਟੇਲ ਦੇ ਐੱਫ.ਬੀ.ਆਈ. ਨਾਮਜ਼ਦਗੀ ਰਿਕਾਰਡਾਂ ਨੂੰ ਲੈ ਕੇ ਮੁਕੱਦਮਾ

■ **ਸੈਨੇਟਰ ਐਡਮ ਸ਼ਿਫ ਨੇ ਪਟੇਲ ਦੀ ਨਾਮਜ਼ਦਗੀ ਦਾ ਕੀਤਾ ਵਿਰੋਧ**



ਵਾਸ਼ਿੰਗਟਨ, (ਪੰਜਾਬ ਮੇਲ)- ਇੱਕ ਗੈਰ-ਪਾਰਟੀਵਾਦੀ ਨਿਗਰਾਨ 'ਅਮਰੀਕਨ ਓਵਰਸਾਈਟ' ਨੇ ਫੈਡਰਲ ਅਦਾਲਤ ਵਿਚ ਇੱਕ ਮੁਕੱਦਮਾ ਅਤੇ ਇੱਕ ਮੁੱਢਲੇ ਹੁਕਮ ਲਈ ਇੱਕ ਮੋਸ਼ਨ ਦਾਇਰ ਕੀਤਾ ਹੈ, ਜਿਸ ਵਿਚ ਰਾਸ਼ਟਰਪਤੀ-ਚੁਣੇ ਹੋਏ ਡੋਨਾਲਡ ਟਰੰਪ ਦੇ ਇਰਾਦੇ ਐੱਫ.ਬੀ.ਆਈ. ਡਾਇਰੈਕਟਰ ਲਈ ਨਾਮਜ਼ਦ ਕਾਸ਼ ਪਟੇਲ ਨਾਲ ਸਬੰਧਤ ਡਾਇਰੈਕਟਰ ਆਫ ਨੈਸ਼ਨਲ ਇੰਟੈਲੀਜੈਂਸ (ਓ.ਡੀ.ਐੱਨ.ਆਈ.) ਦੇ ਦਫਤਰ ਤੋਂ ਰਿਕਾਰਡ ਜਾਰੀ ਕਰਨ ਦੀ ਮੰਗ ਕੀਤੀ ਗਈ ਹੈ।

ਨਿਗਰਾਨ ਸਮੂਹ ਪਟੇਲ ਅਤੇ ਕਾਂਗਰਸ ਦੇ ਮੌਜੂਦਾ ਅਤੇ ਸਾਬਕਾ ਦੋਵਾਂ ਮੈਂਬਰਾਂ ਵਿਚਕਾਰ ਈਮੇਲਾਂ ਦੀ ਬੇਨਤੀ ਕਰ ਰਿਹਾ ਹੈ, ਨਾਲ ਹੀ ਵਿਵਾਦਪੂਰਨ ਵਿਸ਼ਿਆਂ ਜਿਵੇਂ ਕਿ ਟਰੰਪ ਦੇ ਬੇਬੁਨਿਆਦ ਦਾਅਵਿਆਂ ਕਿ ਓਬਾਮਾ ਪ੍ਰਸ਼ਾਸਨ ਨੇ ਉਸ ਦੇ ਫ਼ੋਨ ਟੈਪ ਕੀਤੇ ਹਨ ਅਤੇ 2019 ਦੀ ਯੂਕਰੇਨ ਸਹਾਇਤਾ ਦੀ ਜਾਂਚ ਬਾਰੇ ਉਸ ਦੀ ਅਧਿਕਾਰਤ ਸਰਕਾਰੀ ਯਾਤਰਾ ਅਤੇ ਸੰਚਾਰ ਦੇ ਰਿਕਾਰਡ ਬਾਰੇ ਗੱਲ ਕਰ ਰਿਹਾ ਹੈ।

ਅਮਰੀਕਨ ਓਵਰਸਾਈਟ ਦੇ ਸੀਨੀਅਰ ਵਕੀਲ ਬੇਨ ਸਪਾਰਕਸ ਨੇ ਕਿਹਾ, "ਸਰਕਾਰ ਸਾਡੀਆਂ ਐੱਫ.ਓ.ਆਈ.ਏ. ਬੇਨਤੀਆਂ 'ਤੇ ਚਾਰ ਸਾਲਾਂ ਤੋਂ ਪਹਿਲਾਂ ਹੀ ਬੈਠੀ ਹੈ ਅਤੇ ਉਨ੍ਹਾਂ ਲਈ ਇਹ ਰਿਕਾਰਡ ਜਨਤਾ ਨੂੰ ਪ੍ਰਦਾਨ ਕਰਨ ਲਈ ਬਹੁਤ ਸਮਾਂ ਬੀਤ ਚੁੱਕਾ ਹੈ। ਪਾਰਦਰਸ਼ਤਾ, ਜਵਾਬਦੇਹੀ ਅਤੇ ਜਨਤਕ ਭਰੋਸੇ ਲਈ ਤੁਰੰਤ ਰਿਲੀਜ਼ ਜ਼ਰੂਰੀ ਹੈ। ਸੈਨੇਟ ਦੁਆਰਾ ਐੱਫ.ਬੀ.ਆਈ. ਦੀ ਅਗਵਾਈ ਕਰਨ ਲਈ ਉਸਦੀ ਨਾਮਜ਼ਦਗੀ 'ਤੇ ਵਿਚਾਰ ਕਰਨ ਤੋਂ ਪਹਿਲਾਂ ਕੋਈ ਵੀ ਵਾਧੂ ਦੇਰੀ ਜਨਤਾ ਨੂੰ ਓ.ਡੀ.ਐੱਨ.ਆਈ. ਵਿਖੇ ਪਟੇਲ ਦੇ ਵਿਹਾਰ ਬਾਰੇ ਮਹੱਤਵਪੂਰਣ ਜਾਣਕਾਰੀ ਤੋਂ ਵਾਂਝੇ ਕਰ ਦੇਵੇਗੀ।

ਸਮੂਹ ਨੇ ਅਸਲ ਵਿਚ ਸੂਚਨਾ ਦੀ ਆਜ਼ਾਦੀ ਐਕਟ (ਐੱਫ.ਓ.ਆਈ.ਏ.) ਦੇ ਤਹਿਤ ਅਗਸਤ 2020 ਵਿਚ ਰਿਕਾਰਡ ਦੀ ਬੇਨਤੀ ਕੀਤੀ ਸੀ,

ਟਰੰਪ ਦੁਆਰਾ ਪਟੇਲ ਨੂੰ ਨਾਮਜ਼ਦ ਕਰਨ ਦੇ ਆਪਣੇ ਇਰਾਦੇ ਦਾ ਐਲਾਨ ਕਰਨ ਤੋਂ ਬਾਅਦ ਦਸੰਬਰ ਵਿਚ ਤੇਜ਼ੀ ਨਾਲ ਪ੍ਰਕਿਰਿਆ ਕਰਨ ਦੀ ਬੇਨਤੀ ਕੀਤੀ ਗਈ। ਮੁਕੱਦਮਾ ਅਦਾਲਤ ਨੂੰ ਬੇਨਤੀ ਕਰਦਾ ਹੈ ਕਿ ਸੈਨੇਟ ਵੱਲੋਂ ਪਟੇਲ ਦੀ ਨਾਮਜ਼ਦਗੀ ਦਾ ਮੁਲਾਂਕਣ ਕਰਨ ਤੋਂ ਪਹਿਲਾਂ ਓ.ਡੀ.ਐੱਨ.ਆਈ. ਨੂੰ 17 ਜਨਵਰੀ ਤੱਕ ਦਸਤਾਵੇਜ਼ ਜਾਰੀ ਕਰਨ ਲਈ ਮਜਬੂਰ ਕੀਤਾ ਜਾਵੇ।

ਟਰੰਪ ਦੇ ਵਫ਼ਾਦਾਰ ਵਜੋਂ ਜਾਣੇ ਜਾਂਦੇ ਪਟੇਲ ਨੂੰ ਆਪਣੀਆਂ ਪਿਛਲੀਆਂ ਕਾਰਵਾਈਆਂ ਅਤੇ ਜਨਤਕ ਬਿਆਨਾਂ ਲਈ ਜਾਂਚ ਦਾ ਸਾਹਮਣਾ ਕਰਨਾ ਪਿਆ ਹੈ। ਉਸਨੇ ਕਥਿਤ ਤੌਰ 'ਤੇ 2020 ਦੀਆਂ ਚੋਣਾਂ ਅਤੇ ਅਖੌਤੀ "ਡੂੰਘੀ ਸਥਿਤੀ" ਬਾਰੇ ਸਾਜ਼ਿਸ਼ ਦੇ ਸਿਧਾਂਤਾਂ ਨੂੰ ਅੱਗੇ ਵਧਾਇਆ ਹੈ, "ਸਰਕਾਰੀ ਗੈਂਗਸਟਰਾਂ" ਨੂੰ ਸਾਫ਼ ਕਰਨ ਦੀ ਸਹੁੰ ਖਾਧੀ ਹੈ। ਅਮਰੀਕਨ ਓਵਰਸਾਈਟ ਦੇ ਅਨੁਸਾਰ, ਪਟੇਲ ਨੇ ਜਨਤਕ ਤੌਰ 'ਤੇ ਸਰਕਾਰ ਅਤੇ ਮੀਡੀਆ ਦੇ ਅੰਦਰ "ਸਾਜ਼ਿਸ਼ਕਰਤਾਵਾਂ ਨੂੰ ਲੱਭਣ" ਦਾ ਆਪਣਾ ਇਰਾਦਾ ਦੱਸਿਆ ਹੈ, "ਹਾਂ, ਅਸੀਂ ਮੀਡੀਆ ਵਿਚ ਉਨ੍ਹਾਂ ਲੋਕਾਂ ਦੇ ਪਿੱਛੇ ਆਉਣ ਜਾ ਰਹੇ ਹਾਂ, ਜਿਨ੍ਹਾਂ ਨੇ ਅਮਰੀਕੀ ਨਾਗਰਿਕਾਂ ਬਾਰੇ ਝੂਠ ਬੋਲਿਆ, ਜਿਨ੍ਹਾਂ ਨੇ ਜੋਅ ਬਾਇਡਨ ਦੀ ਮਦਦ ਕੀਤੀ ਸੀ।



# ਮਾਘੀ ਵੇਲੇ ਪੰਜਾਬ ਵਿਚ ਬਣ ਸਕਦੀ ਹੈ ਨਵੀਂ ਪੰਥਕ ਪਾਰਟੀ

■ **ਲੋਕ ਸਭਾ ਮੈਂਬਰ ਸਰਬਜੀਤ ਸਿੰਘ ਅਤੇ ਭਾਈ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਹੋਵੇਗਾ ਪਾਰਟੀ ਦਾ ਐਲਾਨ**



ਸਰਬਜੀਤ ਸਿੰਘ, ਅੰਮ੍ਰਿਤਪਾਲ ਸਿੰਘ।

**ਫਰੀਦਕੋਟ, (ਪੰਜਾਬ ਮੇਲ)-** ਪੰਜਾਬ ਵਿਚ ਮਾਘੀ ਵਾਲੇ ਦਿਨ 14 ਜਨਵਰੀ ਨੂੰ ਨਵੀਂ ਪੰਥਕ ਪਾਰਟੀ ਦਾ ਐਲਾਨ ਹੋ ਸਕਦਾ ਹੈ। ਫਰੀਦਕੋਟ ਦੇ ਲੋਕ ਸਭਾ ਮੈਂਬਰ ਭਾਈ ਸਰਬਜੀਤ ਸਿੰਘ ਅਤੇ ਖਡੂਰ ਸਾਹਿਬ ਦੇ ਲੋਕ ਸਭਾ ਮੈਂਬਰ ਤੇ ਹੁਣ ਡਿਬਰੂਗੜ੍ਹ ਜੇਲ੍ਹ ਵਿਚ ਨਜ਼ਰਬੰਦ ਭਾਈ ਅੰਮ੍ਰਿਤਪਾਲ ਸਿੰਘ ਦੀ ਅਗਵਾਈ ਹੇਠ ਨਵੀਂ ਪੰਥਕ ਪਾਰਟੀ ਬਣ ਰਹੀ ਹੈ। ਸੂਚਨਾ ਅਨੁਸਾਰ ਇਨ੍ਹਾਂ ਆਗੂਆਂ ਨੇ ਨਵੇਂ ਪਾਰਟੀ ਦੇ ਗਠਨ ਲਈ ਆਪਣੇ ਵੱਧ ਤੋਂ ਵੱਧ ਸਮਰਥਕਾਂ ਨੂੰ ਮਾਘੀ ਮੇਲੇ 'ਤੇ ਸ੍ਰੀ ਮੁਕਤਸਰ ਸਾਹਿਬ ਪਹੁੰਚਣ ਦੀ ਅਪੀਲ ਕੀਤੀ ਹੈ। ਦੋਵੇਂ ਲੰਘੀਆਂ ਲੋਕ ਸਭਾ ਚੋਣਾਂ ਵਿਚ ਆਜ਼ਾਦ ਉਮੀਦਵਾਰ ਵਜੋਂ ਵੱਡੇ ਫਰਕ ਨਾਲ ਚੋਣ ਜਿੱਤੇ ਸਨ। ਸ਼੍ਰੋਮਣੀ ਅਕਾਲੀ ਦਲ ਬਾਦਲ ਪਿਛਲੀਆਂ ਤਿੰਨ ਚੋਣਾਂ ਲਗਾਤਾਰ ਬੁਰੀ ਤਰ੍ਹਾਂ ਹਾਰਿਆ ਹੈ। ਨਵੀਂ ਪੰਥਕ ਪਾਰਟੀ ਸ਼੍ਰੋਮਣੀ ਅਕਾਲੀ ਦਲ ਦੀ ਹਾਰ ਕਾਰਨ ਪੈਦਾ ਹੋਏ ਖਲਾਅ ਵਿਚ ਆਪਣਾ ਭਵਿੱਖ ਭਾਲ ਰਹੀ ਹੈ।

ਭਾਈ ਸਰਬਜੀਤ ਸਿੰਘ ਪਹਿਲਾਂ ਹੀ ਕਹਿ ਚੁੱਕੇ ਹਨ ਕਿ ਉਹ ਸਿੱਖਾਂ ਅਤੇ ਪੰਜਾਬੀਆਂ ਦੇ ਮੁੱਦੇ ਚੁੱਕਣ ਲਈ ਪੰਜਾਬ ਵਿਚ ਨਵੀਂ ਪੰਥਕ ਪਾਰਟੀ ਬਣਾਉਣ ਲਈ ਜੱਦੋ-ਜਹਿਦ ਕਰ ਰਹੇ ਹਨ। ਭਾਈ ਸਰਬਜੀਤ ਸਿੰਘ ਦੇ ਨੇੜਲੇ ਵਰਕਰ ਗੋਰਾ ਸਿੰਘ ਮੱਤਾ ਨੇ ਇਸ ਗੱਲ ਦੀ ਪੁਸ਼ਟੀ ਕਰਦਿਆਂ ਕਿਹਾ ਕਿ ਦੋਵੇਂ ਲੋਕ ਸਭਾ ਮੈਂਬਰਾਂ ਨੇ ਆਪਣੇ ਸਮਰਥਕਾਂ ਅਤੇ ਪੰਥਕ ਵਿਚਾਰਧਾਰਾ ਵਾਲੇ ਵਿਅਕਤੀਆਂ ਨੂੰ 14 ਜਨਵਰੀ ਨੂੰ ਸ੍ਰੀ ਮੁਕਤਸਰ ਸਾਹਿਬ ਦੇ ਮਾਘੀ ਮੇਲੇ 'ਤੇ ਸੱਦਿਆ ਹੈ, ਤਾਂ ਜੋ ਨਵੀਂ ਪੰਥਕ ਪਾਰਟੀ ਸਥਾਪਤ ਕੀਤੀ ਜਾ ਸਕੇ। ਉਨ੍ਹਾਂ ਆਸ ਪ੍ਰਗਟਾਈ ਕਿ ਮਾਘੀ ਮੇਲੇ ਤੋਂ ਪਹਿਲਾਂ ਭਾਈ ਅੰਮ੍ਰਿਤਪਾਲ ਸਿੰਘ ਵੀ ਡਿਬਰੂਗੜ੍ਹ ਜੇਲ੍ਹ ਤੋਂ ਰਿਹਾਅ ਹੋ ਜਾਣਗੇ।

# ਕਿਸਾਨ ਅੰਦੋਲਨ 'ਚ ਸ਼ਹੀਦ ਹੋਏ ਕਿਸਾਨਾਂ ਦੇ ਵਾਰਿਸਾਂ ਨੂੰ ਮਿਲੀ ਸਰਕਾਰੀ ਨੌਕਰੀ !

**ਜਲੰਧਰ, (ਪੰਜਾਬ ਮੇਲ)-** ਐੱਮ.ਐੱਸ.ਪੀ. ਦੀ ਕਾਨੂੰਨੀ ਗਾਰੰਟੀ ਅਤੇ ਤਿੰਨ ਖੇਤੀ ਕਾਨੂੰਨਾਂ ਨੂੰ ਲੈ ਕੇ ਦੇਸ਼ ਭਰ ਵਿਚ ਕਿਸਾਨ ਅੰਦੋਲਨ ਦੌਰਾਨ 700 ਤੋਂ ਵਧ ਕਿਸਾਨ ਸ਼ਹੀਦ ਹੋਏ ਸਨ। ਸਰਕਾਰ ਨਾਲ ਹੋਏ ਸਮਝੌਤੇ ਤਹਿਤ ਜਿਹੜੇ ਕਿਸਾਨ ਅਤੇ ਖੇਤ ਮਜ਼ਦੂਰ ਅੰਦੋਲਨ ਦੌਰਾਨ ਸ਼ਹੀਦ ਹੋ ਗਏ ਹਨ, ਉਨ੍ਹਾਂ ਦੇ ਪਰਿਵਾਰਾਂ ਨੂੰ ਸਰਕਾਰੀ ਨੌਕਰੀ ਅਤੇ ਹੋਰ ਆਰਥਿਕ ਮਦਦ ਕੀਤੀ ਗਈ ਹੈ।

ਇਸ ਦੇ ਤਹਿਤ ਹੁਣ 18 ਕਿਸਾਨਾਂ ਦੇ ਪਰਿਵਾਰ ਵਾਲਿਆਂ ਨੂੰ ਵੱਖ-ਵੱਖ ਜ਼ਿਲ੍ਹਿਆਂ ਵਿਚ ਡਿਪਟੀ ਕਮਿਸ਼ਨਰ ਦਫ਼ਤਰਾਂ ਵਿਚ ਕਲਰਕ ਦੀ ਨੌਕਰੀ ਦਿੱਤੀ ਗਈ ਹੈ। ਹੁਣ ਜ਼ਿਲ੍ਹਿਆਂ 'ਚ ਨੌਕਰੀ ਜੁਆਇਨਿੰਗ ਕਰਨ ਤੋਂ ਬਾਅਦ ਡਿਪਟੀ ਕਮਿਸ਼ਨਰ ਵੱਲੋਂ ਉਨ੍ਹਾਂ ਨੂੰ ਨਿਯੁਕਤੀ ਪੱਤਰ ਦਿੱਤੇ ਜਾਣਗੇ। ਇਨ੍ਹਾਂ 18 ਪਰਿਵਾਰਕ ਮੈਂਬਰਾਂ ਵਿਚੋਂ ਜਲੰਧਰ ਨੂੰ 8 ਕਲਰਕ ਮਿਲੇ ਹਨ। ਪੰਜਾਬ ਸਰਕਾਰ ਦੇ ਮਾਲ ਪੁਨਰਵਾਸ ਅਤੇ ਡਿਜਾਸਟਰ ਮੈਨੇਜਮੈਂਟ ਵਿਭਾਗ ਵੱਲੋਂ ਜੋ ਪੱਤਰ ਜਾਰੀ ਕੀਤਾ ਗਿਆ ਹੈ, ਉਸ ਦੇ ਤਹਿਤ 18 ਵਾਰਸਾਂ ਨੂੰ ਗਰੁੱਪ ਸੀ ਵਿਚ ਰੁਜ਼ਗਾਰ ਦਿੱਤਾ ਗਿਆ ਹੈ।

ਜਾਣਕਾਰੀ ਮੁਤਾਬਕ ਡਿਪਟੀ ਕਮਿਸ਼ਨਰ ਬਰਨਾਲਾ, ਜਲੰਧਰ, ਪਟਿਆਲਾ, ਕਪੂਰਥਲਾ, ਸ਼ਹੀਦ ਭਗਤ ਸਿੰਘ ਨਗਰ, ਫਤਿਹਗੜ੍ਹ ਸਾਹਿਬ, ਮਲੇਰਕੋਟਲਾ ਨੂੰ ਭੇਜੀ ਗਈ ਹੈ। ਖੇਤੀਬਾੜੀ ਅਤੇ ਕਿਸਾਨ ਭਲਾਈ ਵਿਭਾਗ ਪੰਜਾਬ ਵੱਲੋਂ ਵੱਖ-ਵੱਖ ਮਹੀਨੇ ਵਿਚ ਪੱਤਰ ਜਾਰੀ ਕਰਦੇ ਹੋਏ ਮ੍ਰਿਤਕ ਕਿਸਾਨਾਂ ਦੇ 18 ਪਰਿਵਾਰਕ ਮੈਂਬਰਾਂ ਨੂੰ ਨੌਕਰੀ ਦਿੱਤੀ ਗਈ ਹੈ। ਹਾਲਾਂਕਿ ਅਜੇ ਤੱਕ ਇਨ੍ਹਾਂ ਵਿਚੋਂ ਕਿਸੇ ਨੇ ਜਲੰਧਰ ਵਿਚ ਜੁਆਇਨਿੰਗ ਨਹੀਂ ਕੀਤੀ ਹੈ। ਉਮੀਦ ਹੈ ਕਿ ਅਗਲੇ ਹਫ਼ਤੇ ਤੱਕ ਸਾਰੇ ਉਮੀਦਵਾਰ ਕਲਰਕ ਦੀ ਨੌਕਰੀ ਜੁਆਇਨ ਕਰਨਗੇ।

# ਨਿਊਯਾਰਕ 'ਚ ਐਂਟਰੀ ਟੈਕਸ ਲਾਗੂ



**ਵਾਸ਼ਿੰਗਟਨ, (ਪੰਜਾਬ ਮੇਲ)-** ਅਮਰੀਕੀ ਸ਼ਹਿਰ ਨਿਊਯਾਰਕ ਵਿਚ ਕੰਜੈਸ਼ਨ ਚਾਰਜ (ਐਂਟਰੀ ਟੈਕਸ) ਲਾਗੂ ਕਰ ਦਿੱਤਾ ਗਿਆ ਹੈ। ਇਸ ਦੇ ਤਹਿਤ ਐਂਪਾਇਰ ਸਟੇਟ ਬਿਲਡਿੰਗ, ਟਾਈਮਜ਼ ਸਕੁਏਅਰ, ਵਾਲ ਸਟਰੀਟ ਵਰਗੇ ਜ਼ਿਆਦਾ ਭੀੜ-ਭੜੱਕੇ ਵਾਲੇ ਇਲਾਕਿਆਂ 'ਚ ਵਾਹਨਾਂ ਨੂੰ ਲਿਜਾਣ 'ਤੇ ਫੀਸ ਲੱਗੇਗੀ। ਕਾਰ ਚਾਲਕਾਂ ਨੂੰ ਬਿਜ਼ੀ ਘੰਟਿਆਂ ਦੌਰਾਨ 9 ਡਾਲਰ (ਲਗਭਗ 770 ਰੁਪਏ) ਅਤੇ ਹੋਰ ਸਮੇਂ 'ਤੇ 2.25 ਡਾਲਰ (ਲਗਭਗ 190 ਰੁਪਏ) ਅਦਾ ਕਰਨੇ ਪੈਣਗੇ।

ਅੰਦਾਜ਼ਾ ਹੈ ਕਿ ਇਸ ਨਾਲ ਵਾਹਨਾਂ ਦੀ ਗਿਣਤੀ 5 ਤੋਂ 10 ਫੀਸਦੀ ਤੱਕ ਘੱਟ ਜਾਵੇਗੀ। ਨਾਲ ਹੀ ਟ੍ਰੈਫਿਕ ਜਾਮ ਦੀ ਸਮੱਸਿਆ ਤੋਂ ਵੀ ਰਾਹਤ ਮਿਲੇਗੀ। ਕੰਜੈਸ਼ਨ ਚਾਰਜਿੰਗ ਨੂੰ ਪਹਿਲੀ ਵਾਰ 2023 ਵਿਚ ਨਿਊਯਾਰਕ ਰਾਜ ਦੀ ਗਵਰਨਰ ਕੈਥੀ ਹੋਚੁਲ ਦੁਆਰਾ ਉਤਸ਼ਾਹਿਤ ਕੀਤਾ ਗਿਆ ਸੀ। ਪਰ ਕੁਝ ਯਾਤਰੀਆਂ ਅਤੇ ਵਪਾਰੀਆਂ ਦੀਆਂ ਸ਼ਿਕਾਇਤਾਂ ਤੋਂ ਬਾਅਦ ਇਸ ਵਿਚ ਦੇਰੀ ਹੋਈ ਅਤੇ ਫਿਰ ਇਸ ਨੂੰ ਸੋਧਿਆ ਗਿਆ।

# ਪੰਜਾਬ ਸਰਕਾਰ ਵੱਲੋਂ ਪ੍ਰਵਾਸੀ ਪੰਜਾਬੀਆਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ 'ਆਨਲਾਈਨ ਐੱਨ.ਆਰ.ਆਈ. ਮਿਲਣੀ' ਦੀ ਸ਼ੁਰੂਆਤ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਸਰਕਾਰ ਨੇ ਪ੍ਰਵਾਸੀ ਪੰਜਾਬੀਆਂ ਦੀਆਂ ਸ਼ਿਕਾਇਤਾਂ ਦੇ ਨਿਪਟਾਰੇ ਲਈ ਦੇਸ਼ ਭਰ 'ਚ ਆਪਣੀ ਕਿਸਮ ਦੀ ਪਹਿਲੀ ਅਤੇ ਵਿਲੱਖਣ ਪਹਿਲਕਦਮੀ 'ਆਨਲਾਈਨ ਐੱਨ.ਆਰ.ਆਈ. ਮਿਲਣੀ' ਦੀ ਸ਼ੁਰੂਆਤ ਕੀਤੀ ਹੈ। ਇਸ ਸੇਵਾ ਸੂਬਾ ਸਰਕਾਰ ਤਹਿਤ ਪ੍ਰਵਾਸੀ ਪੰਜਾਬੀਆਂ ਵੱਲੋਂ ਪ੍ਰਾਪਤ ਵਿਭਿੰਨ ਸ਼ਿਕਾਇਤਾਂ ਦਾ ਛੇਤੀ ਤੇ ਢੁੱਕਵਾਂ ਨਿਪਟਾਰਾ ਕਰ ਰਹੀ ਹੈ ਅਤੇ ਸ਼ਿਕਾਇਤਾਂ ਦੇ ਤੁਰੰਤ ਨਿਪਟਾਰੇ ਲਈ ਯਤਨ ਲਗਾਤਾਰ ਜਾਰੀ ਰੱਖੇ ਜਾਣਗੇ। ਇਹ ਪ੍ਰਗਟਾਵਾ ਕਰਦਿਆਂ ਪੰਜਾਬ ਦੇ ਐੱਨ.ਆਰ.ਆਈ. ਮਾਮਲਿਆਂ ਬਾਰੇ ਮੰਤਰੀ ਕੁਲਦੀਪ ਸਿੰਘ ਧਾਲੀਵਾਲ ਨੇ ਕਿਹਾ ਕਿ ਪ੍ਰਵਾਸੀ ਪੰਜਾਬੀਆਂ ਦੀਆਂ 100 ਤੋਂ ਵੱਧ ਸ਼ਿਕਾਇਤਾਂ ਸੁਣੀਆਂ ਅਤੇ ਸਬੰਧਤ ਸਿਵਲ ਅਤੇ ਪੁਲਿਸ ਅਧਿਕਾਰੀਆਂ ਨੂੰ ਮੌਕੇ 'ਤੇ ਹੀ ਨਿਪਟਾਰਾ ਕਰਨ ਦੀਆਂ ਹਦਾਇਤਾਂ ਦਿੱਤੀਆਂ। ਉਨ੍ਹਾਂ ਦੱਸਿਆ ਕਿ ਪ੍ਰਾਪਤ ਹੋਈਆਂ ਸ਼ਿਕਾਇਤਾਂ ਅਮਰੀਕਾ, ਕੈਨੇਡਾ, ਇੰਗਲੈਂਡ, ਆਸਟ੍ਰੇਲੀਆ, ਜਰਮਨੀ, ਆਸਟਰੀਆ, ਇਟਲੀ ਅਤੇ ਅਫ਼ਰੀਕਾ ਵਿਚ ਵੱਸਦੇ ਪੰਜਾਬੀਆਂ ਨਾਲ ਸੰਬੰਧਤ ਸਨ, ਜੋ ਪ੍ਰਾਪਰਟੀ, ਨਾਜਾਇਜ਼ ਕਬਜ਼ਿਆਂ ਅਤੇ ਵਿਆਹ ਮਾਮਲਿਆਂ ਨਾਲ ਸੰਬੰਧਤ ਸਨ।

ਐੱਨ.ਆਰ.ਆਈ. ਮਿਲਣੀ ਮੌਕੇ ਧਾਲੀਵਾਲ ਨੇ ਕਿਹਾ ਕਿ ਇਸ ਵਿਲੱਖਣ ਸੇਵਾ ਰਾਹੀਂ ਪੰਜਾਬ ਸਰਕਾਰ ਪ੍ਰਵਾਸੀ ਭਾਰਤੀਆਂ ਦੀਆਂ ਸ਼ਿਕਾਇਤਾਂ ਦਾ ਲਗਾਤਾਰ ਨਿਪਟਾਰਾ ਕਰੇਗੀ। ਉਨ੍ਹਾਂ ਕਿਹਾ ਕਿ ਪ੍ਰਵਾਸੀ ਪੰਜਾਬੀਆਂ ਦੀਆਂ ਸ਼ਿਕਾਇਤਾਂ ਸੁਣਨ ਲਈ ਹਰ ਮਹੀਨੇ ਦੇ ਪਹਿਲੇ ਹਫਤੇ ਆਨਲਾਈਨ ਮਿਲਣੀ ਹੋਇਆ ਕਰੇਗੀ।

ਧਾਲੀਵਾਲ ਨੇ ਦੱਸਿਆ ਕਿ ਸਮੂਹ ਜ਼ਿਲ੍ਹਿਆਂ ਦੇ ਡੀ.ਸੀਜ਼ ਅਤੇ ਐੱਸ.ਐੱਸ.ਪੀਜ਼ ਨੂੰ ਪ੍ਰਵਾਸੀਆਂ ਪੰਜਾਬੀਆਂ ਦੀਆਂ ਸ਼ਿਕਾਇਤਾਂ ਨੂੰ ਪਹਿਲ ਆਧਾਰ 'ਤੇ ਹੱਲ ਕਰਨ ਲਈ ਕਿਹਾ ਗਿਆ ਹੈ। ਉਨ੍ਹਾਂ ਦੱਸਿਆ ਕਿ ਸਮੂਹ ਡਿਪਟੀ ਕਮਿਸ਼ਨਰਾਂ ਨੂੰ ਜ਼ਿਲ੍ਹਾ ਪੱਧਰ 'ਤੇ ਵੱਖ-ਵੱਖ ਵਿਭਾਗਾਂ ਨਾਲ ਤਾਲਮੇਲ ਕਰਕੇ ਪ੍ਰਵਾਸੀਆਂ ਦੇ ਮਸਲੇ ਹੱਲ ਕਰਨ ਲਈ ਹੁਕਮ ਜਾਰੀ ਕੀਤੇ ਗਏ ਹਨ। ਇਸ ਮੌਕੇ ਏ.ਡੀ.ਜੀ.ਪੀ. ਐੱਨ.ਆਰ.ਆਈ. ਵਿੰਗ ਪੰਜਾਬ ਪ੍ਰਵੀਨ ਕੁਮਾਰ ਸਿਨਹਾ, ਏ.ਆਈ.ਜੀ. ਅਜਿੰਦਰ ਸਿੰਘ ਤੋਂ ਇਲਾਵਾ ਐੱਨ.ਆਰ.ਆਈ. ਵਿਭਾਗ ਦੇ ਸੀਨੀਅਰ ਅਧਿਕਾਰੀ ਹਾਜ਼ਰ ਸਨ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com



# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਧੁੰਦ ਦੇ ਮੱਦੇਨਜ਼ਰ ਵੱਡੀ ਪੱਧਰ ’ਤੇ ਚਲਾਈ ਰਿਫਲੈਕਟਰ ਲਗਾਉ ਮੁਹਿੰਮ

**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)**- ਡਾਕਟਰ ਐੱਸ.ਪੀ. ਸਿੰਘ ਉਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕੰਮਾਂ ਦੀ ਲੜੀ ਤਹਿਤ ਸ. ਜੱਸਾ ਸਿੰਘ ਸੰਧੂ ਕੌਮੀ ਪ੍ਰਧਾਨ ਦੇ ਦਿਸ਼ਾ-ਨਿਰਦੇਸ਼ਾਂ ਤੇ ਧੁੰਦ ਦੇ ਮੱਦੇਨਜ਼ਰ ਸ੍ਰੀ ਮੁਕਤਸਰ ਸਾਹਿਬ ਵਿਖੇ ਵੱਡੀ ਪੱਧਰ ’ਤੇ ਵੱਖ-ਵੱਖ ਵਹੀਕਲਾਂ ’ਤੇ ਰਿਫਲੈਕਟਰ ਲਗਾਉਣ ਦੀ ਮੁਹਿੰਮ ਪਿਛਲੇ ਦਿਨਾਂ ਤੋਂ ਸ਼ੁਰੂ ਕੀਤੀ ਗਈ ਹੈ, ਤਾਂ ਜੋ ਧੁੰਦ ਦੌਰਾਨ ਹੋਣ ਵਾਲੇ ਹਾਦਸਿਆਂ ਤੋਂ ਕੀਮਤੀ ਜਾਨਾਂ ਨੂੰ ਬਚਾਇਆ ਜਾ ਸਕੇ। ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਜ਼ਿਲ੍ਹਾ ਪ੍ਰਧਾਨ ਸ੍ਰੀ ਮੁਕਤਸਰ ਸਾਹਿਬ ਨੇ ਪ੍ਰੈੱਸ ਨੂੰ ਜਾਣਕਾਰੀ ਦਿੱਤੀ ਕਿ ਸ੍ਰੀ ਮੁਕਤਸਰ ਸਾਹਿਬ ਟੀਮ ਵਲੋਂ ਸ਼ਹਿਰ ਵਿਚ ਵੱਖ-ਵੱਖ ਵਹੀਕਲਾਂ ’ਤੇ ਰਿਫਲੈਕਟਰ ਲਗਾਏ ਅਤੇ ਸਪੈਸ਼ਲ ਸਕੂਲਾਂ ਵਿਚ ਜਾ ਕੇ ਸਕੂਲੀ ਵੈਨਾਂ ’ਤੇ ਰਿਫਲੈਕਟਰ ਵੀ ਲਗਾਏ ਗਏ ਕਿਉਂਕਿ ਸ਼ਹਿਰੀ ਸਕੂਲਾਂ ਵਿਚ ਵੱਡੀ ਗਿਣਤੀ ਵਿਚ ਸਕੂਲ ਵੈਨਾਂ ਦੂਰ-ਦੁਰਾਡੇ ਪਿੰਡਾਂ ਵਿਚੋਂ ਆਉਂਦੀਆਂ ਹਨ ਅਤੇ ਹਾਦਸੇ ਵਾਪਰਨ ਦਾ ਡਰ ਬਣਿਆ ਰਹਿੰਦਾ ਹੈ। ਗੁਰਬਿੰਦਰ ਸਿੰਘ ਬਰਾੜ ਇੰਚਾਰਜ ਸਾਊਥ ਵੈਸਟ ਪੰਜਾਬ ਜਸਪਾਲ ਸਿੰਘ ਰਿਟਾਇਰਡ ਲੈਕਚਰਾਰ ਸੀਨੀਅਰ ਮੀਤ ਪ੍ਰਧਾਨ ਨੇ ਦੱਸਿਆ ਕਿ ਆਉਣ ਵਾਲੇ ਸਮੇਂ ਵਿਚ ਇਸ ਮੁਹਿੰਮ ਨੂੰ ਜਾਰੀ ਰੱਖਿਆ ਜਾਵੇਗਾ। ਇਸ ਮੌਕੇ ਬਲਵਿੰਦਰ ਸਿੰਘ ਬਰਾੜ ਜਰਨਲ ਸਕੱਤਰ ਨੇ ਕਿਹਾ ਕਿ ਟਰੱਸਟ ਵੱਲੋਂ ਇਸ ਤੋਂ ਪਹਿਲਾਂ ਵੀ ਵੱਡੀ ਗਿਣਤੀ ਵਿਚ ਰਿਫਲੈਕਟਰ ਲਗਾਏ ਜਾ ਚੁੱਕੇ ਹਨ। ਇਸ ਮੌਕੇ ਗੁਰਪਾਲ ਸਿੰਘ ਪਾਲੀ, ਮਾਸਟਰ ਰਜਿੰਦਰ ਸਿੰਘ, ਗੁਰਜੀਤ ਸਿੰਘ ਜੀਤਾ, ਸੋਮਨਾਥ, ਗੁਰਚਰਨ ਸਿੰਘ ਆਸਟ੍ਰੇਲੀਆ ਵਾਲੇ ਆਦਿ ਹਾਜ਼ਰ ਸਨ।



# ਡਾ. ਐੱਸ.ਪੀ. ਸਿੰਘ ਓਬਰਾਏ ਵੱਲੋਂ ਜਾਰਜੀਆ ਹਾਦਸੇ ’ਚ ਮਰਨ ਵਾਲੇ ਰਵਿੰਦਰ ਦੇ ਪਰਿਵਾਰ ਦੀ ਵੱਡੀ ਮਦਦ

- **10 ਹਜ਼ਾਰ ਰੁਪਏ ਮਹੀਨਾਵਾਰ ਮਦਦ ਤੋਂ ਇਲਾਵਾ 2 ਧੀਆਂ ਦੇ ਨਾਂ ਦੋ-ਦੋ ਲੱਖ ਦੀਆਂ ਐੱਫ.ਡੀ.ਆਰ. ਦਿੱਤੀਆਂ**
- **ਜਾਰਜੀਆ ਹਾਦਸੇ ਤੋਂ ਪੀੜਤ ਬਾਕੀ ਪਰਿਵਾਰਾਂ ਕੋਲ ਵੀ ਜਲਦ ਪਹੁੰਚਾਂਗੇ : ਡਾ. ਉਬਰਾਏ**

**ਜਲੰਧਰ, (ਪੰਜਾਬ ਮੇਲ)**-ਪਿਛਲੇ ਦਿਨੀਂ ਜਾਰਜੀਆ ’ਚ ਹੋਏ ਇੱਕ ਦਰਦਨਾਕ ਹਾਦਸੇ ’ਚ ਮਾਰੇ ਗਏ 11 ਪੰਜਾਬੀ ਨੌਜਵਾਨਾਂ ’ਚ ਸ਼ਾਮਲ ਜਲੰਧਰ ਜ਼ਿਲ੍ਹੇ ਦੇ ਪਿੰਡ ਕੋਟ ਰਾਮਦਾਸ ਨਾਲ ਸਬੰਧਿਤ ਰਵਿੰਦਰ ਕੁਮਾਰ ਦੇ ਘਰ ਦੁੱਖ ਵੰਡਾਉਣ ਲਈ ਪਹੁੰਚੇ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਦੇ ਬਾਨੀ ਡਾ. ਐੱਸ.ਪੀ. ਸਿੰਘ ਉਬਰਾਏ ਵੱਲੋਂ ਪੀੜਤ ਪਰਿਵਾਰ ਦੀ ਵੱਡੀ ਮਦਦ ਕੀਤੀ ਗਈ।

ਇਸ ਮੌਕੇ ਗੱਲਬਾਤ ਕਰਦਿਆਂ ਕੌਮਾਂਤਰੀ ਪੱਧਰ ਦੇ ਉੱਘੇ ਸਮਾਜ ਸੇਵੀ ਡਾ. ਐੱਸ.ਪੀ. ਸਿੰਘ ਉਬਰਾਏ ਨੇ ਦੱਸਿਆ ਕਿ ਜਾਰਜੀਆ ਹਾਦਸੇ ’ਚ ਰਵਿੰਦਰ ਕੁਮਾਰ ਦੀ ਮੌਤ ਹੋ ਜਾਣ ਨਾਲ ਉਸਦੀ ਪਤਨੀ, ਤਿੰਨ ਛੋਟੇ-ਛੋਟੇ ਬੱਚਿਆਂ ਤੋਂ ਇਲਾਵਾ ਬਾਕੀ ਪਰਿਵਾਰ ’ਤੇ ਦੁੱਖਾਂ ਦੇ ਪਹਾੜ ਟੁੱਟ ਗਏ ਹਨ। ਉਨ੍ਹਾਂ ਕਿਹਾ ਕਿ ਮੈਂ ਆਪਣਾ ਫਰਜ਼ ਸਮਝਦਿਆਂ ਇਸ ਔਖੀ ਘੜੀ ਵੇਲੇ ਰਵਿੰਦਰ ਕੁਮਾਰ ਦੀ ਪਤਨੀ ਕੰਚਨ ਨੂੰ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਘਰ ਦੇ ਗੁਜ਼ਾਰੇ ਲਈ 5 ਹਜ਼ਾਰ ਰੁਪਏ ਮਹੀਨਾਵਾਰ ਪੈਨਸ਼ਨ ਦੇਣ ਤੋਂ ਇਲਾਵਾ ਉਸ ਦੇ ਤਿੰਨ ਬੱਚਿਆਂ ਦੀ ਪੜ੍ਹਾਈ ਦੇ ਖਰਚ ਲਈ ਵੀ 5 ਹਜ਼ਾਰ ਰੁਪਏ ਪ੍ਰਤੀ ਮਹੀਨਾ ਮਦਦ ਦਿੱਤੀ ਜਾਵੇਗੀ। ਉਨ੍ਹਾਂ ਇਹ ਵੀ ਦੱਸਿਆ ਕਿ ਉਕਤ ਮਦਦ ਤੋਂ ਇਲਾਵਾ ਰਵਿੰਦਰ ਕੁਮਾਰ ਦੀਆਂ 9 ਤੇ 11 ਸਾਲਾ ਦੋ ਮਾਸੂਮ ਧੀਆਂ ਦੇ ਵਿਆਹਾਂ ਲਈ ਵੀ ਹੁਣ ਤੋਂ ਹੀ ਉਨ੍ਹਾਂ ਦੁਆਰਾ ਬੈਂਕ ਅੰਦਰ ਦੋ-ਦੋ ਲੱਖ ਰੁਪਏ ਦੀਆਂ ਐੱਫ.ਡੀ.ਆਰ. ਕਰਵਾ ਕੇ ਦਿੱਤੀਆਂ ਜਾਣਗੀਆਂ। ਇਸ ਦੌਰਾਨ ਉਨ੍ਹਾਂ ਰਵਿੰਦਰ ਕੁਮਾਰ ਦੀ ਪਤਨੀ ਨੂੰ ਇਹ ਵੀ ਭਰੋਸਾ ਦਿੱਤਾ ਕਿ ਉਨ੍ਹਾਂ ਦੀ ਟੀਮ ਉਸ ਦੇ ਲਈ ਰੁਜ਼ਗਾਰ ਦਾ ਵੀ ਪ੍ਰਬੰਧ ਕਰੇਗੀ।



ਡਾ. ਐੱਸ.ਪੀ. ਸਿੰਘ ਓਬਰਾਏ।

ਡਾ. ਉਬਰਾਏ ਨੇ ਇਹ ਵੀ ਦੱਸਿਆ ਕਿ ਉਹ ਬਹੁਤ ਹੀ ਜਲਦ ਜਾਰਜੀਆ ਹਾਦਸੇ ’ਚ ਮਾਰੇ ਗਏ ਬਾਕੀ ਪੰਜਾਬੀ ਨੌਜਵਾਨਾਂ ਦੇ ਘਰਾਂ ਅੰਦਰ ਜਾਣਗੇ ਅਤੇ ਉਨ੍ਹਾਂ ਦੇ ਪਰਿਵਾਰਾਂ ਦੀਆਂ ਲੋੜਾਂ ਮੁਤਾਬਕ ਉਨ੍ਹਾਂ ਦੀ ਮਦਦ ਵੀ ਕੀਤੀ ਜਾਵੇਗੀ।

ਇਸ ਮੌਕੇ ਟਰੱਸਟ ਦੇ ਦੋਆਬਾ ਜ਼ੋਨ ਦੇ ਇੰਚਾਰਜ ਅਮਰਜੋਤ ਸਿੰਘ, ਮੈਡਮ ਕੁਸ਼ਮ ਸ਼ਰਮਾ, ਐਡਵੋਕੇਟ ਮਨਮੋਹਨ ਸਿੰਘ, ਰਾਕੇਸ਼ ਖਾਂਬੜਾ, ਰਜਿੰਦਰ ਚੌਪੜਾ, ਐੱਸ.ਸੀ. ਸ਼ਰਮਾ ਆਦਿ ਹਾਜ਼ਰ ਸਨ।

# ਅਮਰੀਕਾ ’ਚ ਦੋ ਭਾਰਤੀ ਕੰਪਨੀਆਂ ’ਤੇ ਅਪਰਾਧਿਕ ਸਾਜ਼ਿਸ਼ ਰਚਣ ਦਾ ਦੋਸ਼

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਵਿਚ ਦੋ ਭਾਰਤੀ ਕੰਪਨੀਆਂ (ਰਕਸਟਰ ਕੈਮੀਕਲਜ਼ ਅਤੇ ਈਥੋਸ ਕੈਮੀਕਲਜ਼) ’ਤੇ ‘ਫੈਂਟਾਨਾਇਲ’ ਰਸਾਇਣ ਵੰਡਣ ਅਤੇ ਦਰਾਮਦ ਕਰਨ ਦੀ ਅਪਰਾਧਿਕ ਸਾਜ਼ਿਸ਼ ਰਚਣ ਦਾ ਦੋਸ਼ ਲਗਾਇਆ ਗਿਆ ਹੈ। ਰੈਕਸਟਰ ਕੈਮੀਕਲਜ਼ ਦੇ ਸੰਸਥਾਪਕ ਅਤੇ ਸੀਨੀਅਰ ਐਗਜ਼ੀਕਿਊਟਿਵ ਭਾਵੇਸ਼ ਲਾਠੀਆ ਨੂੰ 4 ਜਨਵਰੀ ਨੂੰ ਨਿਊਯਾਰਕ ’ਚ ਇਸੇ ਤਰ੍ਹਾਂ ਦੇ ਦੋਸ਼ਾਂ ਤਹਿਤ ਗ੍ਰਿਫ਼ਤਾਰ ਕੀਤਾ ਗਿਆ ਸੀ। ਨਿਊਯਾਰਕ ਦੇ ਪੂਰਬੀ ਜ਼ਿਲ੍ਹੇ ਦੇ ਮੈਜਿਸਟ੍ਰੇਟ ਜੱਜ ਜੋਸੇਫ ਏ. ਮਾਰੂਤੋਲੋ ਨੇ ਲਾਠੀਆ ਨੂੰ ਮੁਕੱਦਮੇ ਦੀ ਸੁਣਵਾਈ ਤੱਕ ਜੇਲ੍ਹ ਵਿਚ ਰੱਖਣ ਦਾ ਹੁਕਮ ਦਿੱਤਾ ਹੈ। ਜੇਕਰ ਲਾਠੀਆ ਦੋਸ਼ੀ ਪਾਇਆ ਜਾਂਦਾ ਹੈ, ਤਾਂ ਉਸ ਨੂੰ ਵੱਧ ਤੋਂ ਵੱਧ 53 ਸਾਲ ਦੀ ਸਜ਼ਾ ਹੋ ਸਕਦੀ ਹੈ।

ਜ਼ਿਕਰਯੋਗ ਹੈ ਕਿ ‘ਫੈਂਟਾਨਾਇਲ’ ਇੱਕ ਬਹੁਤ ਜ਼ਿਆਦਾ ਨਸ਼ੀਲਾ ਸਿੰਥੈਟਿਕ ਪਦਾਰਥ ਹੈ, ਜੋ ਹੈਰੋਇਨ ਨਾਲੋਂ ਲਗਭਗ 50 ਗੁਣਾ ਜ਼ਿਆਦਾ ਅਤੇ ਮੋਰਫਿਨ ਨਾਲੋਂ 100 ਗੁਣਾ ਜ਼ਿਆਦਾ ਤੇਜ਼ ਹੈ। ਅਟਾਰਨੀ ਜਨਰਲ ਮੈਰਿਕ ਗਾਰਲੈਂਡ ਨੇ ਸ਼ਨੀਵਾਰ ਨੂੰ ਕਿਹਾ, “ਅਸੀਂ ਦੋਸ਼ ਲਗਾਉਂਦੇ ਹਾਂ ਕਿ ਇਨ੍ਹਾਂ ਕੰਪਨੀਆਂ ਅਤੇ ਕੰਪਨੀ ਦੇ ਸੰਸਥਾਪਕਾਂ ਅਤੇ ਸੀਨੀਅਰ ਅਧਿਕਾਰੀਆਂ ਨੇ ਭਾਰਤ ਤੋਂ ਸੰਯੁਕਤ ਰਾਜ ਅਤੇ ਮੈਕਸੀਕੋ ਵਿਚ ‘ਫੈਂਟਾਨਿਲ ਪ੍ਰੀਕਰਸਰ’ ਰਸਾਇਣਾਂ ਨੂੰ ਵੰਡਣ ਅਤੇ ਆਯਾਤ ਕਰਨ ਦੀ ਸਾਜ਼ਿਸ਼ ਰਚੀ ਸੀ।” ਹੋਮਲੈਂਡ ਸਕਿਓਰਿਟੀ ਸੈਕਟਰੀ ਅਲੇਜੈਂਡਰੋ ਐੱਨ. ਮੇਅਰਕਾਸ ਨੇ ਕਿਹਾ, “ਅਸੀਂ ਫੈਂਟਾਨਿਲ ਖ਼ਿਲਾਫ਼ ਲੜਾਈ ਜਾਰੀ ਰੱਖਾਂਗੇ। ਨਾਲ ਹੀ ਸਿੱਧੇ ਤੌਰ ’ਤੇ ਉਨ੍ਹਾਂ ਕੰਪਨੀਆਂ ਅਤੇ ਵਿਅਕਤੀਆਂ ਜਿਵੇਂ ਕਿ ਕਥਿਤ ਵਿਦੇਸ਼ੀ ਰਸਾਇਣਕ ਨਿਰਯਾਤਕਾਂ ਖ਼ਿਲਾਫ਼ ਲੜਾਈ ਲੜਾਂਗੇ ਕਿਉਂਕਿ ਅਮਰੀਕੀਆਂ ਨੂੰ ਮਾਰਨ ਅਤੇ ਭਾਈਚਾਰਿਆਂ ਨੂੰ ਤਬਾਹ ਕਰਨ ਤੋਂ ਗੈਰ-ਕਾਨੂੰਨੀ ਫੈਂਟਾਨਿਲ ਨੂੰ ਰੋਕਣ ਦਾ ਸਭ ਤੋਂ ਵਧੀਆ ਤਰੀਕਾ ਇਸ ਦਾ ਪਹਿਲੇ ਸਥਾਨ ’ਤੇ ਹੀ ਉਤਪਾਦਨ ਹੋਣ ਤੋਂ ਰੋਕਣਾ ਹੈ।





EXPO
Furniture Gallery
We offer 0% interest financing and carry all major brands.
ਸੈਕਰਾਮੈਂਟੋ 'ਚ ਵਧੀਆ ਫਰਨੀਚਰ ਲੈਣ ਲਈ
ਸਾਡੀ ਲੋਕੇਸ਼ਨ 'ਤੇ ਇਕ ਵਾਰੀ ਜ਼ਰੂਰ ਆਓ
In business for over 30 years
New Year Special Sale
Best price guaranteed.
7310 HOME LEISURE PLAZA, SACRAMENTO, CA 95823
(916) 392-3233
www.expofurnituregallery.com

# ਦਿੱਲੀ ਵਿਧਾਨ ਸਭਾ ਚੋਣਾਂ: ਭਾਜਪਾ ਤੇ ਕਾਂਗਰਸ ਨੇ ਵੱਡੇ ਚਿਹਰੇ ਮੈਦਾਨ 'ਚ ਉਤਾਰੇ

## 'ਆਪ' ਦੇ 5 ਵੱਡੇ ਆਗੂਆਂ ਦੀ ਵਧੀ ਟੈਂਸ਼ਨ; ਦਿਲਚਸਪ ਬਣੀਆਂ ਦਿੱਲੀ ਚੋਣਾਂ

**ਨਵੀਂ ਦਿੱਲੀ, (ਪੰਜਾਬ ਮੇਲ)**- ਭਾਰਤੀ ਜਨਤਾ ਪਾਰਟੀ ਨੇ ਦਿੱਲੀ ਵਿਧਾਨ ਸਭਾ ਚੋਣਾਂ ਲਈ ਆਪਣੀ ਪਹਿਲੀ ਸੂਚੀ ਜਾਰੀ ਕੀਤੀ ਹੈ। ਇਸ ਤੋਂ ਪਹਿਲਾਂ ਆਮ ਆਦਮੀ ਪਾਰਟੀ ਸਾਰੀਆਂ 70 ਸੀਟਾਂ 'ਤੇ ਉਮੀਦਵਾਰਾਂ ਦਾ ਐਲਾਨ ਕਰ ਚੁੱਕੀ ਹੈ। ਇਸ ਦੇ ਨਾਲ ਹੀ ਕਾਂਗਰਸ ਨੇ ਵੀ 48 ਉਮੀਦਵਾਰਾਂ ਦਾ ਐਲਾਨ ਕਰ ਦਿੱਤਾ ਹੈ। ਇਸ ਸੂਚੀ 'ਚ ਆਮ ਆਦਮੀ ਪਾਰਟੀ ਦੀ ਚੋਟੀ ਦੀ ਲੀਡਰਸ਼ਿਪ ਨੂੰ ਘੇਰਨ ਲਈ ਭਾਜਪਾ ਤੇ ਕਾਂਗਰਸ ਨੇ ਵੱਡੇ ਚਿਹਰੇ ਮੈਦਾਨ ਵਿਚ ਉਤਾਰੇ ਹਨ।

ਚੋਣ ਮੈਦਾਨ 'ਚ ਸਭ ਤੋਂ ਵੱਡਾ ਨਾਮ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਦਾ ਹੈ। ਇੱਥੇ ਭਾਜਪਾ ਨੇ ਆਪਣੇ ਫਾਇਰਬ੍ਰਾਂਡ ਨੇਤਾ ਪ੍ਰਵੇਸ਼ ਵਰਮਾ ਨੂੰ ਟਿਕਟ ਦਿੱਤੀ ਹੈ। ਪਹਿਲਾਂ ਹੀ ਸੰਭਾਵਨਾ ਸੀ ਕਿ ਪ੍ਰਵੇਸ਼ ਵਰਮਾ ਨੂੰ ਕੇਜਰੀਵਾਲ ਖਿਲਾਫ਼ ਮੈਦਾਨ 'ਚ ਉਤਾਰਿਆ ਜਾ ਸਕਦਾ ਹੈ। ਕਈ ਵਾਰ ਪ੍ਰਵੇਸ਼ ਵਰਮਾ ਨੇ ਵੀ ਸੰਕੇਤ ਦਿੱਤੇ ਸਨ ਕਿ ਉਹ ਹੀ ਕੇਜਰੀਵਾਲ ਖਿਲਾਫ਼ ਮੈਦਾਨ 'ਚ ਉਤਰਨਗੇ। ਉਨ੍ਹਾਂ ਨੇ ਉਦੋਂ ਕਿਹਾ ਸੀ ਕਿ ਪਾਰਟੀ ਨੇ ਉਨ੍ਹਾਂ ਨੂੰ ਨਵੀਂ ਦਿੱਲੀ ਸੀਟ ਲਈ 'ਤੇ ਆਪਣੀ ਤਿਆਰੀ ਸ਼ੁਰੂ ਕਰਨ ਨੂੰ ਕਿਹਾ ਸੀ। ਇਸ ਦੇ ਨਾਲ ਹੀ ਕਾਂਗਰਸ ਵੀ ਕੇਜਰੀਵਾਲ ਨਾਲ ਪੁਰਾਣਾ ਹਿਸਾਬ ਕਰਨਾ ਚਾਹੁੰਦੀ ਹੈ। ਇਸੇ ਨੂੰ ਧਿਆਨ 'ਚ ਰੱਖਦੇ ਹੋਏ ਸਾਬਕਾ ਸੀ.ਐੱਮ. ਸ਼ੀਲਾ ਦੀਕਸ਼ਿਤ ਦੇ ਪੁੱਤਰ ਸੰਦੀਪ ਦੀਕਸ਼ਿਤ ਨੂੰ ਟਿਕਟ ਦਿੱਤੀ ਗਈ ਹੈ। ਆਤਿਸ਼ੀ ਦਾ ਮੁਕਾਬਲਾ ਭਾਜਪਾ ਦੇ ਸਾਬਕਾ ਐੱਮ.ਪੀ. ਨਾਲ

ਨਵੀਂ ਦਿੱਲੀ ਤੋਂ ਇਲਾਵਾ ਇਕ ਹੋਰ ਸੀਟ ਜੋ ਇਨ੍ਹੀਂ ਦਿਨੀਂ ਸੁਰਖੀਆਂ 'ਚ ਹੈ, ਉਹ ਹੈ ਕਾਲਕਾਜੀ ਸੀਟ। ਦਰਅਸਲ, ਆਮ ਆਦਮੀ ਪਾਰਟੀ ਦੋ ਵਾਰ ਇਸ ਥਾਂ 'ਤੇ ਕਾਬਜ਼ ਰਹੀ ਹੈ। ਅਵਤਾਰ ਸਿੰਘ 2015 'ਚ 'ਆਪ' ਤੋਂ ਵਿਧਾਇਕ ਸਨ। 2020 ਦੀਆਂ ਚੋਣਾਂ 'ਚ ਆਤਿਸ਼ੀ ਨੇ ਭਾਜਪਾ ਦੇ ਧਰਮਬੀਰ ਨੂੰ 11 ਹਜ਼ਾਰ ਤੋਂ ਵੱਧ ਵੋਟਾਂ ਨਾਲ ਹਰਾਇਆ ਸੀ। ਹੁਣ ਭਾਜਪਾ ਨੇ ਆਪਣੇ ਫਾਇਰਬ੍ਰਾਂਡ ਨੇਤਾ ਰਮੇਸ਼ ਬਿਧੂੜੀ ਨੂੰ ਮੈਦਾਨ 'ਚ ਉਤਾਰਿਆ ਹੈ। ਰਮੇਸ਼ ਬਿਧੂੜੀ ਇਸ ਤੋਂ ਪਹਿਲਾਂ ਦੱਖਣੀ ਦਿੱਲੀ ਤੋਂ ਸੰਸਦ ਮੈਂਬਰ ਰਹਿ ਚੁੱਕੇ ਹਨ।

ਲੋਕ ਸਭਾ ਚੋਣਾਂ ਲਈ ਉਨ੍ਹਾਂ ਨੂੰ ਟਿਕਟ ਨਹੀਂ ਦਿੱਤੀ ਗਈ ਸੀ। ਇਸ ਵਾਰ ਉਨ੍ਹਾਂ ਨੂੰ ਆਤਿਸ਼ੀ ਖਿਲਾਫ ਮੈਦਾਨ 'ਚ ਉਤਾਰਿਆ ਗਿਆ ਹੈ, ਜਦੋਂਕਿ ਕਾਂਗਰਸ ਨੇ ਇੱਥੋਂ ਆਪਣੀ ਭੜਕੀਲੇ ਆਗੂ ਅਲਕਾ ਲਾਂਬਾ ਨੂੰ ਟਿਕਟ ਦਿੱਤੀ ਹੈ। ਅਲਕਾ ਲਾਂਬਾ ਮਹਿਲਾ ਕਾਂਗਰਸ ਦੀ ਮੌਜੂਦਾ ਪ੍ਰਧਾਨ ਵੀ ਹੈ। ਉਹ 'ਆਪ' ਦੀ ਟਿਕਟ 'ਤੇ ਚਾਂਦਨੀ ਚੌਕ ਸੀਟ ਤੋਂ ਵਿਧਾਇਕ ਬਣੀ ਹੈ।

ਤੀਸਰੀ ਸੀਟ ਜੰਗਪੁਰਾ ਦੀ ਹੈ, ਜਿੱਥੇ ਤਿੰਨ ਦੈਂਤਾਂ ਵਿਚਾਲੇ ਜੰਗ ਚੱਲ ਰਹੀ ਹੈ। ਦਿੱਲੀ ਦੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਇਸ ਸੀਟ ਤੋਂ 'ਆਪ' ਦੇ ਉਮੀਦਵਾਰ ਹਨ। ਸਿਸੋਦੀਆ ਇਸ ਤੋਂ ਪਹਿਲਾਂ ਪਟਪੜਗੰਜ ਸੀਟ ਤੋਂ ਚੋਣ ਜਿੱਤ ਚੁੱਕੇ ਹਨ। ਪਰ ਇਸ ਵਾਰ ਹਵਾ ਦਾ ਰੁਖ਼ ਸਮਝਦੇ ਹੋਏ ਉਨ੍ਹਾਂ ਨੂੰ ਜੰਗਪੁਰਾ ਸੀਟ ਦਿੱਤੀ ਗਈ ਹੈ। ਜਦਕਿ ਕਾਂਗਰਸ ਨੇ ਇਸ ਸੀਟ 'ਤੇ ਫਰਹਾਦ ਸੂਰੀ ਨੂੰ ਮੈਦਾਨ 'ਚ ਉਤਾਰਿਆ ਹੈ। ਫਰਹਾਦ ਸੂਰੀ ਦਿੱਲੀ ਕਾਂਗਰਸ ਦੇ ਸੀਨੀਅਰ ਨੇਤਾ ਤਾਜਦਾਰ ਬਾਬਰ ਦੇ ਪੁੱਤਰ ਹਨ। ਤਾਜਦਾਰ ਬਾਬਰ ਦੋ ਵਾਰ ਵਿਧਾਇਕ ਰਹਿ ਚੁੱਕੇ ਹਨ। ਉਹ ਕੌਂਸਲਰ ਦੀ ਚੋਣ ਜਿੱਤਦੇ ਰਹੇ ਹਨ। ਇਸ ਦੇ ਨਾਲ ਹੀ ਭਾਜਪਾ ਨੇ ਸਿਸੋਦੀਆ ਖਿਲਾਫ ਤਰਵਿੰਦਰ ਸਿੰਘ ਮਰਵਾਹ ਨੂੰ ਮੈਦਾਨ 'ਚ ਉਤਾਰਿਆ ਹੈ। ਮਰਵਾਹ ਕਦੇ ਕਾਂਗਰਸ ਦਾ ਚਿਹਰਾ ਸਨ। ਉਹ ਜੰਗਪੁਰਾ ਸੀਟ ਤੋਂ ਤਿੰਨ ਵਾਰ ਵਿਧਾਇਕ ਰਹਿ ਚੁੱਕੇ ਹਨ। ਉਹ 2022 ਵਿਚ ਭਾਜਪਾ ਵਿਚ ਸ਼ਾਮਲ ਹੋਏ ਸਨ।

ਇਸ ਤੋਂ ਬਾਅਦ ਜਿਸ ਸੀਟ ਦੀ ਚਰਚਾ ਹੋ ਰਹੀ ਹੈ, ਉਹ ਹੈ ਪਟਪੜਗੰਜ ਸੀਟ। ਆਮ ਆਦਮੀ ਪਾਰਟੀ ਨੇ ਇੱਥੋਂ ਮਸ਼ਹੂਰ ਅਧਿਆਪਕ ਅਵਧ ਓਝਾ ਨੂੰ ਮੈਦਾਨ 'ਚ ਉਤਾਰਿਆ ਹੈ। ਅਵਧ ਓਝਾ ਯੂ.ਪੀ.ਐੱਸ.ਸੀ. ਵਿਦਿਆਰਥੀਆਂ ਨੂੰ ਕੋਚਿੰਗ ਦਿੰਦੇ ਹਨ। ਵਿਦਿਆਰਥੀਆਂ 'ਚ ਉਨ੍ਹਾਂ ਦਾ ਡੂੰਘਾ ਅਸਰ ਹੈ। ਹਾਲ ਹੀ 'ਚ ਉਹ 'ਆਪ' 'ਚ ਸ਼ਾਮਲ ਹੋਏ ਸਨ ਤੇ ਉਨ੍ਹਾਂ ਨੂੰ ਸਿਸੋਦੀਆ ਦੀ ਸੀਟ ਤੋਂ ਉਮੀਦਵਾਰ ਬਣਾਇਆ ਗਿਆ। ਭਾਜਪਾ ਨੇ ਇੱਥੋਂ ਰਵਿੰਦਰ ਸਿੰਘ ਨੇਗੀ ਨੂੰ ਟਿਕਟ ਦਿੱਤੀ ਹੈ। ਨੇਗੀ 2020 ਦੀਆਂ ਵਿਧਾਨ ਸਭਾ ਚੋਣਾਂ 'ਚ ਪਟਪੜਗੰਜ ਤੋਂ ਵੀ ਉਮੀਦਵਾਰ ਸਨ। ਉਨ੍ਹਾਂ ਦਾ ਮੁਕਾਬਲਾ ਸਿਸੋਦੀਆ ਨਾਲ ਸੀ। ਜ਼ੋਰਦਾਰ ਪ੍ਰਚਾਰ ਦੇ ਬਾਵਜੂਦ ਨੇਗੀ ਸਿਸੋਦੀਆ ਤੋਂ ਸਿਰਫ਼ 3,207 ਵੋਟਾਂ ਨਾਲ ਹਾਰ ਗਏ। ਜਦੋਂਕਿ ਕਾਂਗਰਸ ਨੇ ਇੱਥੋਂ ਆਪਣੇ ਦਿੱਗਜ ਚਿਹਰੇ ਅਨਿਲ ਚੌਧਰੀ ਨੂੰ ਟਿਕਟ ਦਿੱਤੀ ਹੈ। ਅਨਿਲ ਚੌਧਰੀ ਦਿੱਲੀ ਕਾਂਗਰਸ ਦੇ ਸੂਬਾ ਪ੍ਰਧਾਨ ਰਹਿ ਚੁੱਕੇ ਹਨ। ਪੰਜਵੀਂ ਸੀਟ ਜਿਸ 'ਤੇ ਜ਼ਬਰਦਸਤ ਮੁਕਾਬਲਾ ਦੇਖਣ ਨੂੰ ਮਿਲ ਰਿਹਾ ਹੈ, ਉਹ ਹੈ ਮਾਲਵੀਯ ਨਗਰ ਸੀਟ। ਇਸ ਸੀਟ ਤੋਂ ਆਮ ਆਦਮੀ ਪਾਰਟੀ ਨੇ ਸੋਮਨਾਥ ਭਾਰਤੀ ਨੂੰ ਉਮੀਦਵਾਰ ਬਣਾਇਆ ਹੈ। ਸੋਮਨਾਥ ਭਾਰਤੀ 2014 ਦੀਆਂ ਲੋਕ ਸਭਾ ਚੋਣਾਂ 'ਚ ਨਵੀਂ ਦਿੱਲੀ ਸੀਟ ਤੋਂ ਵੀ ਉਮੀਦਵਾਰ ਸਨ। ਫਿਰ ਉਨ੍ਹਾਂ ਨੂੰ ਭਾਜਪਾ ਦੀ ਬਾਂਸੁਰੀ ਸਵਰਾਜ ਤੋਂ ਹਾਰ ਦਾ ਸਾਹਮਣਾ ਕਰਨਾ ਪਿਆ ਸੀ। ਭਾਜਪਾ ਨੇ ਇਸ ਸੀਟ ਤੋਂ ਆਪਣੇ ਦਿੱਗਜ ਨੇਤਾ ਸਤੀਸ਼ ਉਪਾਧਿਆਏ ਨੂੰ ਮੈਦਾਨ 'ਚ ਉਤਾਰਿਆ ਹੈ। ਉਹ ਦਿੱਲੀ ਭਾਜਪਾ ਦੇ ਸੂਬਾ ਪ੍ਰਧਾਨ ਰਹਿ ਚੁੱਕੇ ਹਨ। ਵਰਤਮਾਨ 'ਚ ਉਹ ਨਵੀਂ ਦਿੱਲੀ ਮਿਉਂਸਪਲ ਕੌਂਸਲ (ਐੱਨ.ਡੀ.ਐੱਮ.ਸੀ.) ਦੇ ਵਾਈਸ ਚੇਅਰਮੈਨ ਵਜੋਂ ਕੰਮ ਕਰਦੇ ਹਨ। ਜਦੋਂਕਿ ਕਾਂਗਰਸ ਨੇ ਇੱਥੋਂ ਜਤਿੰਦਰ ਕੁਮਾਰ ਕੋਚਰ ਨੂੰ ਆਪਣਾ ਉਮੀਦਵਾਰ ਬਣਾਇਆ ਹੈ। ਕੋਚਰ ਇਸ ਤੋਂ ਪਹਿਲਾਂ ਨਗਰ ਨਿਗਮ ਸਦਨ ਦੇ ਨੇਤਾ ਰਹਿ ਚੁੱਕੇ ਹਨ।


## ਮੈਟਰੀਮੋਨੀਅਲ

ਜੱਟ ਸਿੱਖ, ਗਿੱਲ ਪਰਿਵਾਰ ਨੂੰ ਆਪਣੇ 24 ਸਾਲਾ ਕੈਨੇਡੀਅਨ ਜੰਮਪਲ ਪੁੱਤਰ ਲਈ ਪੜ੍ਹੀ-ਲਿਖੀ ਸੋਹਣੀ, ਸਿਆਣੀ ਅਤੇ ਪਰਿਵਾਰਕ ਲੜਕੀ ਦੀ ਲੋੜ ਹੈ। ਲੜਕਾ ਸਿਵਲ ਇੰਜੀਨੀਅਰ ਦੀ ਡਿਗਰੀ ਕਰਕੇ ਇਕ ਵਧੀਆ ਨਾਮੀ ਇੰਜੀਨੀਅਰ ਫਰਮ ਵਿਚ ਕੰਮ ਕਰ ਰਿਹਾ ਹੈ। ਲੜਕੇ ਦਾ ਕੱਦ 5'-10" ਹੈ। ਲੜਕਾ ਕੇਸਧਾਰੀ ਹੈ ਅਤੇ ਪੱਗ ਬੰਨ੍ਹਦਾ ਹੈ। ਪਰਿਵਾਰਕ ਅਤੇ ਯੂ.ਐੱਸ.ਏ. ਦੀ ਲੜਕੀ ਨੂੰ ਪਹਿਲ। ਸੰਪਰਕ ਕਰਨ ਲਈ

ਫੋਨ : 604-763-7068 ਜਾਂ ਈ-ਮੇਲ ਕਰੋ : GILLCO1977@GMAIL.COM


# ਅਮਰੀਕੀ ਕ੍ਰਿਕਟ ਅੰਡਰ-19 ਮਹਿਲਾ ਟੀਮ ਪੂਰੀ ਤਰ੍ਹਾਂ ਦੇਸੀ




**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਕ੍ਰਿਕਟ ਨੇ 20 ਦਸੰਬਰ, 2024 ਨੂੰ ਮਲੇਸ਼ੀਆ ਵਿਚ ਹੋਣ ਵਾਲੇ ਆਉਣ ਵਾਲੇ ਆਈ.ਸੀ.ਸੀ. ਅੰਡਰ-19 ਮਹਿਲਾ ਟੀ20 ਵਿਸ਼ਵ ਕੱਪ ਲਈ ਆਪਣੀ 15-ਖਿਡਾਰੀਆਂ ਦੀ ਟੀਮ ਦਾ ਐਲਾਨ ਕੀਤਾ, ਅਤੇ ਇਸਨੇ ਔਨਲਾਈਨ ਭਾਈਚਾਰੇ ਦਾ ਧਿਆਨ ਆਪਣੇ ਵੱਲ ਖਿੱਚਿਆ ਹੈ।

ਰਿਜ਼ਰਵ ਸਮੇਤ, ਚੁਣੀ ਗਈ ਹਰ ਖਿਡਾਰੀ ਭਾਰਤੀ-ਅਮਰੀਕੀ ਮੂਲ ਦੀ ਹੈ।

ਇਹ ਐਲਾਨ ਉਦੋਂ ਆਇਆ ਹੈ, ਜਦੋਂ ਅਮਰੀਕਾ, ਅਮਰੀਕਾ ਖੇਤਰ ਤੋਂ ਕੁਆਲੀਫਾਈ ਕਰਕੇ ਵਿਸ਼ਵ ਕੱਪ ਵਿਚ ਆਪਣੀ ਲਗਾਤਾਰ ਦੂਜੀ ਵਾਰ ਮੌਜੂਦਗੀ ਲਈ ਤਿਆਰ ਹੈ। ਟੀਮ ਦੀ ਚੋਣ ਫਲੋਰੀਡਾ ਵਿਚ ਇੱਕ ਪ੍ਰਤੀਯੋਗੀ ਹਫ਼ਤੇ-ਲੰਬੇ ਸਿਖਲਾਈ ਕੈਂਪ ਤੋਂ ਬਾਅਦ ਕੀਤੀ ਗਈ ਸੀ, ਜਿੱਥੇ 26 ਮੈਂਬਰੀ ਸਿਖਲਾਈ ਟੀਮ ਨੇ ਆਪਣੇ ਹੁਨਰ ਦਾ ਪ੍ਰਦਰਸ਼ਨ ਕੀਤਾ। ਟੀਮ 2023 ਵਿਸ਼ਵ ਕੱਪ ਤੋਂ ਆਪਣੇ ਤਜ਼ਰਬੇ 'ਤੇ ਨਿਰਮਾਣ ਕਰਨ ਦੀ ਕੋਸ਼ਿਸ਼ ਕਰ ਰਹੀ ਹੈ ਅਤੇ ਇਸ ਵਿਚ ਨੌਜਵਾਨਾਂ ਅਤੇ ਤਜ਼ਰਬੇ ਦਾ ਮਜ਼ਬੂਤ ਮਿਸ਼ਰਣ ਹੈ।





US

US Transport Inc.

Davinder Singh Jhawar

916-919-7061

ਟਰੱਕ ਡਰਾਈਵਰ ਅਤੇ ਆਨਰ ਅਪਰੇਟਰਾਂ ਦੀ ਲੋੜ ਹੈ।

*Hiring safe and experienced owner-operators*

9875 Dino Drive, Elk Grove, CA 95624

Designed By Punjab Mail USA

# ਚੀਨ ਤੋਂ ਬਾਅਦ ਹੁਣ ਇਸ ਦੇਸ਼ 'ਚ ਫੈਲਿਆ ਐੱਚ.ਐੱਮ.ਪੀ.ਵੀ. ਵਾਇਰਸ, ਘਰਾਂ 'ਚੋਂ ਨਾ ਨਿਕਲਣ ਦੀ ਹਦਾਇਤ

**ਬੀਜਿੰਗ, (ਪੰਜਾਬ ਮੇਲ)**- ਚੀਨ ਵਿਚ ਐੱਚ.ਐੱਮ.ਪੀ.ਵੀ. ਇੰਫੈਕਸ਼ਨ ਦੇ ਮਾਮਲੇ ਵੱਧ ਰਹੇ ਹਨ। 2024 ਵਿਚ ਦੇਸ਼ ਵਿਚ 327 ਐੱਚ.ਐੱਮ.ਪੀ.ਵੀ. ਮਾਮਲੇ ਸਾਹਮਣੇ ਆਏ, ਜੋ ਕਿ 2023 ਦੇ 225 ਮਾਮਲਿਆਂ ਨਾਲੋਂ 45% ਵੱਧ ਹੈ। ਇਹ ਵਾਧਾ ਚੀਨ ਸਮੇਤ ਹੋਰ ਦੇਸ਼ਾਂ 'ਚ ਫੇਫੜਿਆਂ ਦੀਆਂ ਬੀਮਾਰੀਆਂ ਵਧਣ ਦੀਆਂ ਰਿਪੋਰਟਾਂ ਵਿਚਾਲੇ ਹੋਇਆ ਹੈ। ਇਸ ਵਾਇਰਸ ਦਾ ਅਸਰ ਹੁਣ ਮਲੇਸ਼ੀਆ ਵਿਚ ਵੀ ਦੇਖਣ ਨੂੰ ਮਿਲਿਆ ਹੈ। ਸਟਰੇਟਸ ਟਾਈਮਜ਼ ਮੁਤਾਬਕ ਮਲੇਸ਼ੀਆ ਦੇ ਸਿਹਤ ਮੰਤਰਾਲੇ ਨੇ ਲੋਕਾਂ ਨੂੰ ਆਪਣਾ ਧਿਆਨ ਰੱਖਣ ਦੀ ਅਪੀਲ ਕੀਤੀ ਹੈ।

ਮੰਤਰਾਲੇ ਨੇ ਕਿਹਾ ਕਿ ਲੋਕਾਂ ਨੂੰ ਸਾਬਣ ਨਾਲ ਵਾਰ-ਵਾਰ ਹੱਥ ਧੋਣੇ ਚਾਹੀਦੇ ਹਨ, ਫੇਸ ਮਾਸਕ ਪਹਿਨਣਾ ਚਾਹੀਦਾ ਹੈ ਅਤੇ ਖੰਘ ਜਾਂ ਛਿੱਕ ਆਉਣ 'ਤੇ ਮੂੰਹ ਅਤੇ ਨੱਕ ਨੂੰ ਢੱਕਣਾ ਚਾਹੀਦਾ ਹੈ। ਮੰਤਰਾਲੇ ਨੇ ਕਿਹਾ, "ਜਨਤਾ ਨੂੰ ਸਲਾਹ ਦਿੱਤੀ ਜਾਂਦੀ ਹੈ ਕਿ ਉਹ ਸਰਗਰਮੀ ਨਾਲ ਆਪਣੀ ਸਿਹਤ ਦਾ ਧਿਆਨ ਰੱਖਣ ਅਤੇ ਦੂਜਿਆਂ ਨੂੰ ਇੰਫੈਕਸ਼ਨ ਤੋਂ ਰੋਕੋ, ਖਾਸ ਕਰਕੇ ਭੀੜ ਵਾਲੇ ਖੇਤਰਾਂ ਵਿਚ। ਇਸ ਵਿਚ ਉਹ ਲੋਕ ਸ਼ਾਮਲ ਹਨ, ਜੋ ਉੱਚ ਜ਼ੋਖਮ ਵਾਲੇ ਦੇਸ਼ਾਂ ਦੀ ਯਾਤਰਾ ਕਰਨ ਦੀ ਯੋਜਨਾ ਬਣਾ ਰਹੇ ਹਨ।"

ਹਾਲਾਂਕਿ, ਮੰਤਰਾਲੇ ਨੇ ਜ਼ੋਰ ਦੇ ਕੇ ਕਿਹਾ ਕਿ ਐੱਚ.ਐੱਮ.ਪੀ.ਵੀ. ਕੋਈ ਨਵੀਂ ਬਿਮਾਰੀ ਨਹੀਂ ਹੈ। ਐੱਚ.ਐੱਮ.ਪੀ.ਵੀ. ਇੱਕ ਸਾਹ ਦੀ ਲਾਗ ਹੈ, ਜੋ Pneumoviridae ਪਰਿਵਾਰ ਦੇ ਵਾਇਰਸ ਕਾਰਨ ਹੁੰਦੀ ਹੈ। ਲੱਛਣ ਅਕਸਰ ਆਮ ਜ਼ੁਕਾਮ ਦੇ ਸਮਾਨ ਹੁੰਦੇ ਹਨ, ਪਰ ਗੰਭੀਰ ਮਾਮਲਿਆਂ ਵਿੱਚ ਬ੍ਰੌਨਕਾਈਟਿਸ ਜਾਂ ਨਿਮੋਨੀਆ ਹੋ ਸਕਦਾ ਹੈ। ਐੱਚ.ਐੱਮ.ਪੀ.ਵੀ. Pneumoviridae ਪਰਿਵਾਰ ਦਾ ਇੱਕ ਵਾਇਰਸ ਹੈ। ਇਹ 2001 ਵਿਚ ਖੋਜਿਆ ਗਿਆ ਸੀ। ਇਹ ਇੱਕ ਸਾਹ ਸੰਬੰਧੀ ਵਾਇਰਸ ਹੈ, ਜੋ ਆਮ ਤੌਰ 'ਤੇ ਆਮ ਜ਼ੁਕਾਮ ਜਾਂ ਫਲੂ ਵਰਗੇ ਲੱਛਣਾਂ ਦੇ ਨਾਲ, ਉੱਪਰੀ ਅਤੇ ਹੇਠਲੇ ਸਾਹ ਦੀਆਂ ਲਾਗਾਂ ਦਾ ਕਾਰਨ ਬਣਦਾ ਹੈ। ਚੀਨ ਇਸ ਸਮੇਂ ਐੱਚ.ਐੱਮ.ਪੀ.ਵੀ. ਦੇ ਮਾਮਲਿਆਂ ਵਿਚ ਵਾਧਾ ਦੇਖ ਰਿਹਾ ਹੈ, ਨਾਲ ਹੀ ਸਾਹ ਦੀਆਂ ਹੋਰ ਬਿਮਾਰੀਆਂ ਜਿਵੇਂ ਕਿ ਇਨਫਲੂਐਂਜ਼ਾ ਏ, ਮਾਈਕੋਪਲਾਜ਼ਮਾ ਨਿਮੋਨੀਆ ਅਤੇ ਕੋਵਿਡ-19 ਬਿਮਾਰੀਆਂ ਵਿਚ ਵੀ ਵਾਧਾ ਦੇਖਿਆ ਜਾ ਰਿਹਾ ਹੈ। ਰਿਪੋਰਟਾਂ ਦੱਸਦੀਆਂ ਹਨ ਕਿ ਕੁਝ ਖੇਤਰਾਂ ਵਿਚ ਹਸਪਤਾਲ ਬਹੁਤ ਵਿਅਸਤ ਹਨ, ਪਰ ਚੀਨੀ ਅਧਿਕਾਰੀਆਂ ਅਤੇ ਵਿਸ਼ਵ ਸਿਹਤ ਸੰਗਠਨ (ਡਬਲਯੂ.ਐੱਚ.ਓ.) ਨੇ ਐਮਰਜੈਂਸੀ ਦੀ ਸਥਿਤੀ ਦਾ ਐਲਾਨ ਨਹੀਂ ਕੀਤਾ ਹੈ।

# ਭਾਰਤ ਨੇ ਡਬਲਯੂ.ਐੱਚ.ਓ. ਨੂੰ ਚੀਨ ਦੀ ਸਥਿਤੀ ਬਾਰੇ ਸਮੇਂ ਸਿਰ ਜਾਣਕਾਰੀ ਸਾਂਝੀ ਕਰਨ ਲਈ ਕਿਹਾ

**ਨਵੀਂ ਦਿੱਲੀ, (ਪੰਜਾਬ ਮੇਲ)**- ਚੀਨ ਵਿਚ ਸਾਹ ਦੀਆਂ ਬਿਮਾਰੀਆਂ ਦੇ ਲਗਾਤਾਰ ਵੱਧ ਰਹੇ ਮਾਮਲਿਆਂ ਨੇ ਭਾਰਤ ਦੀ ਚਿੰਤਾ ਵਧਾ ਦਿੱਤੀ ਹੈ। ਕੋਰੋਨਾ ਤੋਂ ਬਾਅਦ ਭਾਰਤ ਹੁਣ ਚੀਨ ਤੋਂ ਸ਼ੁਰੂ ਹੋਈ ਇਸ ਬੀਮਾਰੀ ਨੂੰ ਲੈ ਕੇ ਪਹਿਲਾਂ ਨਾਲੋਂ ਜ਼ਿਆਦਾ ਚੌਕਸ ਹੈ। ਭਾਰਤ ਨੇ ਵਿਸ਼ਵ ਸਿਹਤ ਸੰਗਠਨ ਨੂੰ ਚੀਨ ਦੀ ਸਥਿਤੀ ਬਾਰੇ ਸਮੇਂ ਸਿਰ ਜਾਣਕਾਰੀ ਸਾਂਝੀ ਕਰਨ ਲਈ ਕਿਹਾ ਹੈ।

ਸਿਹਤ ਮੰਤਰਾਲੇ ਦੇ ਅਨੁਸਾਰ, ਸ਼ਨੀਵਾਰ ਨੂੰ ਸਿਹਤ ਸੇਵਾਵਾਂ ਦੇ ਡੀ.ਜੀ. ਦੀ ਪ੍ਰਧਾਨਗੀ ਹੇਠ ਇੱਕ ਸੰਯੁਕਤ ਨਿਗਰਾਨੀ ਸਮੂਹ ਦੀ ਮੀਟਿੰਗ ਹੋਈ, ਜਿਸ ਵਿਚ ਚੀਨ ਦੀ ਤਾਜ਼ਾ ਸਥਿਤੀ ਨੂੰ ਸਮਝਣ ਅਤੇ ਇਸ ਦੇ ਵਿਰੁੱਧ ਤਿਆਰੀ ਕਰਨ ਦੀ ਜ਼ਰੂਰਤ 'ਤੇ ਚਰਚਾ ਕੀਤੀ ਗਈ।

ਇਸ ਮੀਟਿੰਗ ਵਿਚ ਵਿਸ਼ਵ ਸਿਹਤ ਸੰਗਠਨ, ਡਿਜ਼ਾਸਟਰ ਮੈਨੇਜਮੈਂਟ ਸੈੱਲ, ਏਕੀਕ੍ਰਿਤ ਰੋਗ ਨਿਗਰਾਨੀ ਪ੍ਰੋਗਰਾਮ, ਨੈਸ਼ਨਲ ਸੈਂਟਰ ਫਾਰ ਡਿਜ਼ੀਜ਼ ਕੰਟਰੋਲ, ਇੰਡੀਅਨ ਕੌਂਸਲ ਆਫ ਮੈਡੀਕਲ ਰਿਸਰਚ ਅਤੇ ਏਮਜ਼ ਸਮੇਤ ਕਈ ਵੱਡੇ ਹਸਪਤਾਲਾਂ ਦੇ ਮਾਹਿਰ ਸ਼ਾਮਲ ਹੋਏ। ਅਜਿਹੀਆਂ ਖਬਰਾਂ ਹਨ ਕਿ ਚੀਨ ਵਿਚ ਐੱਚ.ਐੱਮ.ਪੀ.ਵੀ. ਦੇ ਅਚਾਨਕ ਫੈਲਣ ਕਾਰਨ ਹਸਪਤਾਲਾਂ ਵਿਚ ਮਰੀਜ਼ਾਂ ਦੀ ਗਿਣਤੀ ਵੱਧ ਗਈ ਹੈ। ਇਹ ਮਾਮਲਾ ਗੰਭੀਰ ਦੱਸਿਆ ਜਾ ਰਿਹਾ ਹੈ। ਐੱਚ.ਐੱਮ.ਪੀ.ਵੀ. ਇੱਕ ਆਮ ਸਾਹ ਸੰਬੰਧੀ ਵਾਇਰਸ ਹੈ, ਜੋ ਜ਼ੁਕਾਮ ਵਰਗੇ ਲੱਛਣਾਂ ਦਾ ਕਾਰਨ ਬਣਦਾ ਹੈ। ਕੁਝ ਲੋਕ, ਖਾਸ ਕਰਕੇ ਬੱਚੇ ਅਤੇ ਬਜ਼ੁਰਗ, ਫਲੂ ਵਰਗੇ ਲੱਛਣ ਦਿਖਾ ਸਕਦੇ ਹਨ। ਪਰ ਇਹ ਸਥਿਤੀ ਗੰਭੀਰ ਨਹੀਂ ਹੈ ਅਤੇ ਚਿੰਤਾ ਦੀ ਕੋਈ ਗੱਲ ਨਹੀਂ ਹੈ।

ਮਾਹਰ ਇਸ ਗੱਲ 'ਤੇ ਸਹਿਮਤ ਹੋਏ ਕਿ ਮੌਜੂਦਾ ਫਲੂ ਦੇ ਮੱਦੇਨਜ਼ਰ ਸਾਹ ਦੀ ਬਿਮਾਰੀ ਦੇ ਮਾਮਲਿਆਂ ਦਾ ਤੇਜ਼ੀ ਨਾਲ ਵਧਣਾ ਅਸਾਧਾਰਨ ਨਹੀਂ ਹੈ। ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਇਸ ਦਾ ਕਾਰਨ ਇਨਫਲੂਐਂਜ਼ਾ ਵਾਇਰਸ, ਆਰ.ਐੱਸ.ਵੀ. ਅਤੇ ਐੱਚ.ਐੱਮ.ਪੀ.ਵੀ. ਹੋ ਸਕਦਾ ਹੈ, ਜੋ ਇਸ ਮੌਸਮ ਵਿਚ ਤੇਜ਼ੀ ਨਾਲ ਫੈਲਦਾ ਹੈ। ਸਿਹਤ ਮੰਤਰਾਲੇ ਨੇ ਕਿਹਾ ਕਿ ਅਜਿਹੇ ਵਾਇਰਲ ਇਨਫੈਕਸ਼ਨ ਇਸ ਸਮੇਂ ਭਾਰਤ ਸਮੇਤ ਪੂਰੀ ਦੁਨੀਆਂ ਵਿਚ ਫੈਲ ਰਹੇ ਹਨ। ਸਿਹਤ ਮੰਤਰਾਲੇ ਨੇ ਕਿਹਾ ਕਿ ਸਰਕਾਰ ਹਰ ਤਰ੍ਹਾਂ ਨਾਲ ਸਥਿਤੀ 'ਤੇ ਨਜ਼ਰ ਰੱਖ ਰਹੀ ਹੈ ਅਤੇ ਵਿਸ਼ਵ ਸਿਹਤ ਸੰਗਠਨ ਨੂੰ ਚੀਨ ਦੀ ਸਥਿਤੀ ਬਾਰੇ ਸਮੇਂ ਸਿਰ ਜਾਣਕਾਰੀ ਸਾਂਝੀ ਕਰਨ ਲਈ ਕਿਹਾ ਗਿਆ ਹੈ।

ਦੱਸ ਦੇਈਏ ਕਿ ਹਾਲ ਹੀ 'ਚ ਚੀਨ ਦੇ ਹਸਪਤਾਲਾਂ ਦੇ ਕਈ ਵੀਡੀਓ ਸੋਸ਼ਲ ਮੀਡੀਆ 'ਤੇ ਸਾਹਮਣੇ ਆਏ ਸਨ, ਜਿਨ੍ਹਾਂ 'ਚ ਮਰੀਜ਼ਾਂ ਦੀਆਂ ਲੰਬੀਆਂ ਕਤਾਰਾਂ ਲੱਗੀਆਂ ਸਨ। ਇਹ ਦਾਅਵਾ ਕੀਤਾ ਗਿਆ ਸੀ ਕਿ ਇਹ ਸਥਿਤੀ ਚੀਨ ਵਿਚ ਐੱਚ.ਐੱਮ.ਪੀ.ਵੀ. ਦੁਆਰਾ ਫੈਲਣ ਵਾਲੇ ਸੰਕਰਮਣ ਦੇ ਅਚਾਨਕ ਫੈਲਣ ਕਾਰਨ ਪੈਦਾ ਹੋਈ ਸੀ।

ਡੀ.ਜੀ. ਹੈਲਥ ਸਰਵਿਸਿਜ਼ ਅਤੁਲ ਗੋਇਲ ਨੇ ਕਿਹਾ ਕਿ ਸਾਡੇ ਹਸਪਤਾਲ ਅਜਿਹੀ ਕਿਸੇ ਵੀ ਸਥਿਤੀ ਨਾਲ ਨਜਿੱਠਣ ਲਈ ਪੂਰੀ ਤਰ੍ਹਾਂ ਤਿਆਰ ਹਨ। ਸਾਡੇ ਕੋਲ ਕਾਫ਼ੀ ਮਾਤਰਾ ਵਿਚ ਬਿਸਤਰੇ ਅਤੇ ਆਕਸੀਜਨ ਦੀ ਸਪਲਾਈ ਹੈ। ਉਨ੍ਹਾਂ ਇਹ ਵੀ ਕਿਹਾ ਕਿ ਦੇਸ਼ ਵਿਚ ਸਿਹਤ ਨਾਲ ਸਬੰਧਤ ਲਾਗਾਂ ਦੇ ਮਾਮਲਿਆਂ ਵਿਚ ਕੋਈ ਖਾਸ ਵਾਧਾ ਨਹੀਂ ਹੋਇਆ ਹੈ।

ਕੋਵਿਡ-19 ਅਤੇ ਸਾਹ ਸਬੰਧੀ ਹੋਰ ਵਾਇਰਸਾਂ ਵਾਂਗ, ਐੱਚ.ਐੱਮ.ਪੀ.ਵੀ. ਛਿੱਕਣ, ਖੰਘਣ ਅਤੇ ਲਾਗ ਵਾਲੇ ਲੋਕਾਂ ਦੇ ਨਜ਼ਦੀਕੀ ਸੰਪਰਕ ਰਾਹੀਂ ਫੈਲਦਾ ਹੈ। ਬੁਖਾਰ, ਸਾਹ ਲੈਣ ਵਿਚ ਤਕਲੀਫ਼, ਨੱਕ ਬੰਦ ਹੋਣਾ, ਖੰਘ, ਗਲੇ ਵਿਚ ਖਰਾਸ਼ ਅਤੇ ਸਿਰਦਰਦ ਇਸ ਦੇ ਆਮ ਲੱਛਣ ਹਨ।

ਹਾਲਾਂਕਿ, ਡਾਕਟਰਾਂ ਦਾ ਕਹਿਣਾ ਹੈ ਕਿ ਕੁਝ ਮਰੀਜ਼ ਇਨਫੈਕਸ਼ਨ ਕਾਰਨ ਬ੍ਰੌਨਕਾਈਟਸ ਅਤੇ ਨਿਮੋਨੀਆ ਤੋਂ ਪੀੜਤ ਹੋ ਸਕਦੇ ਹਨ। ਐੱਚ.ਐੱਮ.ਪੀ.ਵੀ. ਦੇ ਵਿਰੁੱਧ ਕੋਈ ਵੈਕਸੀਨ ਜਾਂ ਪ੍ਰਭਾਵੀ ਦਵਾਈ ਨਹੀਂ ਹੈ।

# ਪੁਲਾੜ 'ਚ ਜ਼ਿੰਦਗੀ ਦੀ ਸੰਭਾਵਨਾ ਤਲਾਸ਼ਣ 'ਚ ਭਾਰਤ ਨੇ ਕਾਮਯਾਬੀ ਕੀਤੀ ਹਾਸਲ

- ਭਾਰਤ ਨੇ ਪਹਿਲੀ ਵਾਰੀ ਪੁਲਾੜ 'ਚ ਬੀਜੇ ਜ਼ਿੰਦਗੀ ਦੇ ਬੀਜ
- ਮਿਸ਼ਨ ਦੇ ਨਾਲ ਭੇਜਿਆ ਲੋਬੀਆ ਚਾਰ ਦਿਨਾਂ 'ਚ ਫੁੱਟਿਆ; ਈਸਰੋ ਵੱਲੋਂ ਤਸਵੀਰ ਜਾਰੀ

**ਨਵੀਂ ਦਿੱਲੀ, (ਪੰਜਾਬ ਮੇਲ)**- ਪੁਲਾੜ 'ਚ ਜ਼ਿੰਦਗੀ ਦੀ ਸੰਭਾਵਨਾ ਤਲਾਸ਼ਣ 'ਚ ਭਾਰਤ ਨੇ ਪਹਿਲੀ ਵਾਰ ਕਾਮਯਾਬੀ ਹਾਸਲ ਕੀਤੀ ਹੈ। ਇਸ ਲਈ ਭਾਰਤ ਨੇ ਸਪੈਡੈਕਸ- ਮਿਸ਼ਨ ਦੇ ਨਾਲ ਪੁਲਾੜ 'ਚ ਲੋਬੀਆ ਦੇ ਬੀਜ ਭੇਜੇ ਸਨ। ਪੁਲਾੜ 'ਚ ਇਸਰੋ ਦੇ ਲੈਬ 'ਚ ਇਹ ਬੀਜ ਚਾਰ ਦਿਨਾਂ 'ਚ ਫੁੱਟ ਗਏ ਹਨ। ਇਸ ਲੈਬ ਨੂੰ ਪੀ.ਐੱਸ.ਐੱਲ.ਵੀ. ਰਾਕੇਟ ਦੇ ਚੌਥੇ ਪੜਾਅ ਦਾ ਇਸਤੇਮਾਲ ਕਰਕੇ ਬਣਾਇਆ ਗਿਆ ਹੈ। ਇਸਰੋ ਨੇ ਇਨ੍ਹਾਂ ਦੀ ਤਸਵੀਰ ਜਾਰੀ ਕਰਕੇ ਇਸ ਉਪਲੱਬਧੀ ਨੂੰ ਸਾਂਝਾ ਕੀਤਾ। ਬੀਜਾਂ ਨੂੰ ਨਾ ਦੇ ਬਰਾਬਰ ਖਿੱਚਣ ਸ਼ਕਤੀ ਜਾਂ ਮਾਈਕ੍ਰੋਗ੍ਰੈਵਿਟੀ ਵਾਤਾਵਰਨ 'ਚ ਬੀਜਿਆ ਗਿਆ ਹੈ। ਇਨ੍ਹਾਂ 'ਤੇ ਛੇਤੀ ਪੱਤੀਆਂ ਆਉਣ ਦੀ ਉਮੀਦ ਹੈ।

ਪ੍ਰਯੋਗ ਲਈ ਲੋਬੀਆ ਦੇ ਬੀਜਾਂ ਨੂੰ ਇਸ ਲਈ ਚੁਣਿਆ ਗਿਆ ਕਿਉਂਕਿ ਇਹ ਤੇਜ਼ੀ ਨਾਲ ਫੁੱਟਦੇ ਹਨ। ਇਹ ਪ੍ਰਯੋਗ ਪੁਲਾੜ 'ਚ ਫ਼ਸਲਾਂ ਉਗਾਉਣ ਲਈ ਮੀਲ ਦਾ ਪੱਥਰ ਹੈ। ਇਸਰੋ ਨੇ ਪੁਲਾੜ ਡਾਕਿੰਗ ਪ੍ਰਯੋਗ ਦੇ ਭੇਜ ਗਏ ਚੇਜਰ ਉਪਗ੍ਰਹਿ ਦਾ ਵੀ ਇਕ ਅਲੱਗ ਸੈਲਫੀ ਵੀਡੀਓ ਪੋਸਟ ਕੀਤਾ, ਜਿਹੜਾ 470 ਕਿਲੋਮੀਟਰ ਦੀ ਉਚਾਈ 'ਤੇ ਧਰਤੀ ਦੀ ਪਰਿਕ੍ਰਮਾ ਕਰ ਰਿਹਾ ਹੈ।

ਇਸਰੋ ਨੇ ਸ਼ਨਿਚਰਵਾਰ ਨੂੰ ਐਕਸ 'ਤੇ ਪੋਸਟ ਕੀਤਾ, ਪੁਲਾੜ 'ਚ ਜੀਵਨ ਦਾ ਫੁੱਟਣਾ! ਪੀ.ਐੱਸ.ਐੱਲ.ਵੀ. ਆਰਬਿਟਲ ਐਕਸਪੈਰੀਮੈਂਟਲ ਜਾਂ ਪੀ.ਓ.ਈ.ਐੱਮ.-4 ਦੇ ਤਹਿਤ ਪੁਲਾੜ 'ਚ ਭੇਜੇ ਗਏ ਲੋਬੀਆ ਦੇ ਬੀਜ ਸਪੈਡੈਕਸ-ਪੀ.ਐੱਸ.ਐੱਲ.ਵੀ.-ਸੀ 60 ਮਿਸ਼ਨ ਨੂੰ ਲਾਂਚ ਕਰਨ ਦੇ ਚਾਰ ਦਿਨਾਂ ਦੇ ਅੰਦਰ ਫੁੱਟ ਗਏ ਹਨ। ਛੇਤੀ ਹੀ ਪੱਤੀਆਂ ਨਿਕਲਣ ਦੀ ਉਮੀਦ ਹੈ। ਇਸਰੋ ਨੇ ਵਿਕਰਮਭਾਈ ਪੁਲਾੜ ਕੇਂਦਰ ਦੇ ਕੰਪੈਕਟ ਰਿਸਰਚ ਮਾਡਿਊਲ ਫਾਰ ਆਰਬਿਟਲ ਪਲਾਂਟ ਸਟਡੀਜ਼ (ਕ੍ਰਾਪਸ) ਪ੍ਰਯੋਗ ਲਈ ਅੱਠ ਲੋਬੀਆ ਦੇ ਬੀਜ ਭੇਜੇ ਸਨ।

ਜ਼ਿਕਰਯੋਗ ਹੈ ਕਿ ਸਪੈਡੈਕਸ ਮਿਸ਼ਨ ਦੇ ਤਹਿਤ ਪੀ.ਐੱਸ.ਐੱਲ.ਵੀ.-ਸੀ60 ਰਾਕੇਟ ਨੇ 30 ਦਸੰਬਰ ਦੀ ਰਾਤ ਨੂੰ ਦੋ ਪੁਲਾੜ ਯਾਨਾਂ ਨੂੰ ਪੰਧ 'ਚ ਸਥਾਪਤ ਕੀਤਾ। ਇਸ ਮਿਸ਼ਨ ਦੇ ਤਹਿਤ ਭਾਰਤ ਪੁਲਾੜ ਯਾਨ ਨੂੰ 'ਡਾਕ' ਤੇ 'ਅਨਡਾਕ' ਕਰਨ ਦੀ ਸਮਰੱਥਾ ਨੂੰ ਪ੍ਰਦਰਸ਼ਿਤ ਕਰੇਗਾ। ਉਮੀਦ ਹੈ ਕਿ ਡਾਕਿੰਗ ਪ੍ਰਕਿਰਿਆ ਸੱਤ ਜਨਵਰੀ ਨੂੰ ਪੂਰੀ ਹੋ ਜਾਏਗੀ। ਇਸ ਸਫਲਤਾ ਦੇ ਨਾਲ ਹੀ ਭਾਰਤ ਅਮਰੀਕਾ, ਰੂਸ ਤੇ ਚੀਨ ਤੋਂ ਬਾਅਦ ਪੁਲਾੜ ਡਾਕਿੰਗ ਟੈਕਨਾਲੋਜੀ 'ਚ ਸਮਰੱਥ ਦੁਨੀਆ ਦਾ ਚੌਥਾ ਦੇਸ਼ ਬਣ ਜਾਏਗਾ। ਇਕ ਪੁਲਾੜ ਯਾਨ ਤੋਂ ਦੂਜੇ ਪੁਲਾੜ ਯਾਨ ਦੇ ਜੁੜਨ ਨੂੰ ਡਾਕਿੰਗ ਤੇ ਪੁਲਾੜ 'ਚ ਜੁੜੇ ਦੋ ਯਾਨਾਂ ਦੇ ਵੱਖ ਹੋਣ ਨੂੰ ਅਨਡਾਕਿੰਗ ਕਹਿੰਦੇ ਹਨ। ਇਹ ਟੈਕਨਾਲੋਜੀ ਭਾਰਤ ਦੇ ਖਾਹਸ਼ੀ ਮਿਸ਼ਨਾਂ ਜਿਵੇਂ ਚੰਨ ਤੋਂ ਨਮੂਨੇ ਵਾਪਸ ਲਿਆਉਣ, ਭਾਰਤੀ ਪੁਲਾੜ ਕੇਂਦਰ ਦੇ ਨਿਰਮਾਣ ਲਈ ਮਹੱਤਵਪੂਰਣ ਹੈ।

ਕ੍ਰਾਪਸ ਪ੍ਰਯੋਗ ਦਾ ਮਕਸਦ ਨਾ ਦੇ ਬਰਾਬਰ ਖਿੱਚਣ ਸ਼ਕਤੀ ਜਾਂ ਮਾਈਕ੍ਰੋਗ੍ਰੈਵਿਟੀ ਵਾਲੀਆਂ ਸਥਿਤੀਆਂ 'ਚ ਬੂਟਿਆਂ ਦੇ ਵਿਕਾਸ ਦਾ ਅਧਿਐਨ ਕਰਨਾ ਹੈ। ਪ੍ਰਯੋਗ ਦੇ ਜ਼ਰੀਏ ਵਿਗਿਆਨੀ ਸਮਝਣ ਦੀ ਕੋਸ਼ਿਸ਼ ਕਰਨਗੇ ਕਿ ਪੁਲਾੜ ਦੀਆਂ ਸਥਿਤੀਆਂ 'ਚ ਬੂਟੇ ਕਿਵੇਂ ਵਧਦੇ ਹਨ। ਭਵਿੱਖ ਦੇ ਲੰਬੇ ਸਮੇਂ ਦੀਆਂ ਪੁਲਾੜ ਮੁਹਿੰਮਾਂ ਲਈ ਇਹ ਜ਼ਰੂਰੀ ਹੈ। ਇਨ੍ਹਾਂ ਪ੍ਰਯੋਗਾਂ 'ਚ ਨਿਯੰਤ੍ਰਿਤ ਵਾਤਾਵਰਣ 'ਚ ਲੋਬੀਆ ਦੇ ਅੱਠ ਬੀਜ ਉਗਾਉਣਾ ਸ਼ਾਮਲ ਹੈ।

# ਬਸਪਾ ਦੇ ਸਾਬਕਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਆਮ ਆਦਮੀ ਪਾਰਟੀ 'ਚ ਸ਼ਾਮਲ

**ਚੰਡੀਗੜ੍ਹ, (ਪੰਜਾਬ ਮੇਲ)**- ਬਹੁਜਨ ਸਮਾਜ ਪਾਰਟੀ (ਬਸਪਾ) ਦੇ ਸਾਬਕਾ ਪ੍ਰਧਾਨ ਜਸਵੀਰ ਸਿੰਘ ਗੜ੍ਹੀ ਨਵੇਂ ਸਾਲ ਦੇ ਪਹਿਲੇ ਦਿਨ ਆਮ ਆਦਮੀ ਪਾਰਟੀ (ਆਪ) ਵਿਚ ਸ਼ਾਮਲ ਹੋ ਗਏ ਹਨ। ਪਾਰਟੀ 'ਚ ਸ਼ਾਮਲ ਹੋਣ 'ਤੇ ਉਨ੍ਹਾਂ ਦਾ ਮੁੱਖ ਮੰਤਰੀ ਭਗਵੰਤ ਸਿੰਘ ਮਾਨ ਨੇ ਆਪਣੀ ਰਿਹਾਇਸ਼ 'ਤੇ ਸਵਾਗਤ ਕੀਤਾ। ਇਸ ਮੌਕੇ ਜਸਵੀਰ ਗੜ੍ਹੀ ਦੇ ਨਾਲ ਬਸਪਾ ਦੇ ਸਾਬਕਾ ਜਨਰਲ ਸਕੱਤਰ ਡਾ. ਜਸਪ੍ਰੀਤ ਸਿੰਘ, ਸਾਬਕਾ ਪੰਜਾਬ ਪ੍ਰਧਾਨ ਤੇ ਮੌਜੂਦਾ ਜਨਰਲ ਸਕੱਤਰ ਗੁਰਲਾਲ ਸੈਲਾ ਵੀ 'ਆਪ' ਵਿਚ ਸ਼ਾਮਲ ਹੋ ਗਏ ਹਨ। ਮੁੱਖ ਮੰਤਰੀ ਭਗਵੰਤ ਮਾਨ ਨੇ ਸ਼੍ਰੀ ਗੜ੍ਹੀ ਦਾ ਸਵਾਗਤ ਕਰਦਿਆਂ ਕਿਹਾ ਕਿ ਆਮ ਆਦਮੀ ਪਾਰਟੀ ਗੜ੍ਹੀ ਨੂੰ ਨਾਲ ਲੈ ਕੇ ਸਮਾਜ ਦੇ ਹਰ ਵਰਗ ਲਈ ਨਿਆਂ, ਸਮਾਨਤਾ ਦੇ ਮੌਕੇ ਯਕੀਨੀ ਬਣਾਏਗੀ।



ਜਸਵੀਰ ਸਿੰਘ ਗੜ੍ਹੀ ਦਾ ਪਾਰਟੀ ਵਿਚ ਸਵਾਗਤ ਕਰਦੇ ਹੋਏ ਮੁੱਖ ਮੰਤਰੀ ਭਗਵੰਤ ਸਿੰਘ ਮਾਨ।

'ਆਪ' 'ਚ ਸ਼ਾਮਲ ਹੋਣ ਤੋਂ ਬਾਅਦ ਸ਼੍ਰੀ ਗੜ੍ਹੀ ਨੇ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਬਸਪਾ 'ਤੇ ਕਾਂਸ਼ੀ ਰਾਮ ਦੇ ਆਦਰਸ਼ਾਂ ਨਾਲ ਵਿਸ਼ਵਾਸਘਾਤ ਕਰਨ ਦਾ ਦੋਸ਼ ਲਾਇਆ ਹੈ। ਉਨ੍ਹਾਂ ਕਿਹਾ ਕਿ 'ਆਪ' ਹੀ ਅੰਬੇਡਕਰ ਦੀ ਵਿਰਾਸਤ ਨੂੰ ਹਰ ਘਰ ਤੱਕ ਪਹੁੰਚਾ ਸਕਦੀ ਹੈ। ਦੱਸਣਯੋਗ ਹੈ ਕਿ ਗੜ੍ਹੀ ਨੂੰ ਬੀਤੇ ਸਾਲ ਨਵੰਬਰ ਮਹੀਨੇ ਵਿਚ ਬਸਪਾ ਸੁਪਰੀਮੋ ਕੁਮਾਰੀ ਮਾਇਆਵਤੀ ਦੇ ਹੁਕਮਾਂ ਤਹਿਤ ਬਸਪਾ ਪੰਜਾਬ ਦੇ ਇੰਚਾਰਜ ਰਣਧੀਰ ਸਿੰਘ ਬੈਨੀਵਾਲ ਨੇ ਸੂਬਾ ਪ੍ਰਧਾਨ ਦੇ ਅਹੁਦੇ ਤੋਂ ਹਟਾ ਕੇ ਪਾਰਟੀ ਵਿਚੋਂ ਕੱਢ ਦਿੱਤਾ ਸੀ। ਪਾਰਟੀ ਨੇ ਉਨ੍ਹਾਂ 'ਤੇ ਅਨੁਸ਼ਾਸਨਹੀਣਤਾ ਦਾ ਦੋਸ਼ ਲਾਇਆ ਸੀ।




# ਚੀਨ ’ਚ ਫੈਲੇ ਨਵੇਂ ਵਾਇਰਸ ਤੋਂ ਕੋਰੋਨਾ ਵਰਗਾ ਖ਼ਤਰਾ!

**■ ਚੀਨ ਨੇ ਫਲੂ ਦੇ ਵੱਡੇ ਪ੍ਰਕੋਪ ਦੀਆਂ ਰਿਪੋਰਟਾਂ ਨੂੰ ਕੀਤਾ ਰੱਦ**




**ਬੀਜਿੰਗ, (ਪੰਜਾਬ ਮੇਲ)-** ਚੀਨ ਨੇ ਦੇਸ਼ ਵਿਚ ਫਲੂ ਦੇ ਵੱਡੇ ਪ੍ਰਕੋਪ ਦੀਆਂ ਰਿਪੋਰਟਾਂ ਨੂੰ ਰੱਦ ਕਰਦਿਆਂ ਕਿਹਾ ਕਿ ਅਜਿਹੀਆਂ ਰਿਪੋਰਟਾਂ ਤੋਂ ਬਚਣਾ ਚਾਹੀਦਾ ਹੈ, ਜਿਸ ਵਿਚ ਦਾਅਵਾ ਕੀਤਾ ਜਾ ਰਿਹਾ ਸੀ ਕਿ ਚੀਨ ਦੇ ਹਸਪਤਾਲਾਂ ਵਿਚ ਮਰੀਜ਼ਾਂ ਦੀ ਭੀੜ ਵਧ ਰਹੀ ਹੈ। ਚੀਨ ਦਾ ਕਹਿਣਾ ਹੈ ਕਿ ਸਰਦੀਆਂ ਦੇ ਮੌਸਮ ਵਿਚ ਹਰ ਸਾਲ ਸਾਹ ਦੀਆਂ ਸਮੱਸਿਆਵਾਂ ਹੁੰਦੀਆਂ ਹਨ ਅਤੇ ਇਸ ਸਾਲ ਸਾਹਮਣੇ ਆਏ ਮਾਮਲੇ ਪਿਛਲੇ ਸਾਲ ਦੇ ਮੁਕਾਬਲੇ ਘੱਟ ਗੰਭੀਰ ਹਨ।

ਚੀਨੀ ਵਿਦੇਸ਼ ਮੰਤਰਾਲੇ ਦੇ ਬੁਲਾਰੇ ਮਾਓ ਨਿੰਗ ਨੇ ਕਿਹਾ ਕਿ ਉੱਤਰੀ ਗੋਲਿਸਫਾਇਰ (ਚੀਨ ਅਤੇ ਆਸਪਾਸ ਦੇ ਖੇਤਰਾਂ) ਵਿਚ ਸਰਦੀਆਂ ਦੌਰਾਨ ਸਾਹ ਦੀਆਂ ਸਮੱਸਿਆਵਾਂ ਆਪਣੇ ਸਿਖਰ ’ਤੇ ਹੁੰਦੀਆਂ ਹਨ। ਉਨ੍ਹਾਂ ਭਰੋਸਾ ਦਿੱਤਾ ਕਿ ਚੀਨ ਵਿਚ ਯਾਤਰਾ ਕਰਨਾ ਸੁਰੱਖਿਅਤ ਹੈ।

ਮਾਓ ਨਿੰਗ ਨੇ ਮੀਡੀਆ ਨਾਲ ਗੱਲਬਾਤ ਕਰਦੇ ਹੋਏ ਕਿਹਾ, “ਇਹ ਬੀਮਾਰੀਆਂ ਪਿਛਲੇ ਸਾਲ ਦੇ ਮੁਕਾਬਲੇ ਘੱਟ ਗੰਭੀਰ ਹਨ ਅਤੇ ਇਨ੍ਹਾਂ ਦਾ ਪ੍ਰਸਾਰ ਵੀ ਘੱਟ ਹੋਇਆ ਹੈ।” ਉਨ੍ਹਾਂ ਨੇ ਇਹ ਵੀ ਕਿਹਾ ਕਿ ਚੀਨ ਦੀ ਸਰਕਾਰ ਚੀਨ ਵਿਚ ਰਹਿੰਦੇ ਆਪਣੇ ਨਾਗਰਿਕਾਂ ਅਤੇ ਵਿਦੇਸ਼ੀ ਨਾਗਰਿਕਾਂ ਦੀ ਸਿਹਤ ਦਾ ਪੂਰਾ ਧਿਆਨ ਰੱਖਦੀ ਹੈ।

ਭੀੜ-ਭੜੱਕੇ ਵਾਲੇ ਹਸਪਤਾਲਾਂ ਦੇ ਵੀਡੀਓ ਸੋਸ਼ਲ ਮੀਡੀਆ ’ਤੇ ਵਾਇਰਲ ਹੋ ਰਹੇ ਹਨ, ਪਰ ਮਾਓ ਨਿੰਗ ਦਾ ਕਹਿਣਾ ਹੈ ਕਿ ਇਹ ਇਕ ਸਾਲਾਨਾ ਘਟਨਾ ਹੈ, ਜੋ ਸਰਦੀਆਂ ਵਿਚ ਵਾਪਰਦੀ ਹੈ। ਚੀਨ ਦਾ ਮੌਸਮ ਵੀ ਪਿਛਲੇ ਕੁਝ ਮਹੀਨਿਆਂ ਤੋਂ ਬਹੁਤ ਠੰਡਾ ਹੈ, ਜੋ ਇਸ ਪ੍ਰਕੋਪ ਦਾ ਕਾਰਨ ਹੋ ਸਕਦਾ ਹੈ। ਚੀਨ ਦੇ ਰਾਸ਼ਟਰੀ ਰੋਗ ਕੰਟਰੋਲ ਅਤੇ ਰੋਕਥਾਮ ਪ੍ਰਸ਼ਾਸਨ ਨੇ ਵੀ ਸਰਦੀਆਂ ਦੇ ਮੌਸਮ ਦੌਰਾਨ ਸਾਹ ਦੀਆਂ ਬੀਮਾਰੀਆਂ ਦੀ ਰੋਕਥਾਮ ਲਈ ਦਿਸ਼ਾ-ਨਿਰਦੇਸ਼ ਜਾਰੀ ਕੀਤੇ ਹਨ। ਇਸਦਾ ਉਦੇਸ਼ ਲੋਕਾਂ ਨੂੰ ਸੁਚੇਤ ਕਰਨਾ ਅਤੇ ਵਾਇਰਸ ਦੇ ਸੰਭਾਵਿਤ ਫੈਲਣ ਨੂੰ ਰੋਕਣਾ ਹੈ।

ਪਿਛਲੇ ਕੁਝ ਦਿਨਾਂ ਵਿਚ ਚੀਨ ਵਿਚ ਨਵੇਂ ਵਾਇਰਸ ਦੇ ਫੈਲਣ ਨੂੰ ਲੈ ਕੇ ਭਾਰਤ ਸਮੇਤ ਕੁਝ ਹੋਰ ਦੇਸ਼ਾਂ ਵਿਚ ਵੱਡੇ ਪੱਧਰ ’ਤੇ ਖਬਰਾਂ ਪ੍ਰਕਾਸ਼ਿਤ ਹੋ ਰਹੀਆਂ ਹਨ। ਭਾਰਤੀ ਸਿਹਤ ਮੰਤਰਾਲਾ ਵੀ ਚੀਨ ਵਿਚ ਐੱਚ.ਐੱਮ.ਪੀ.ਵੀ. ਵਾਇਰਸ ਦੇ ਫੈਲਣ ਨੂੰ ਲੈ ਕੇ ਸਾਵਧਾਨ ਹੈ ਅਤੇ ਐੱਨ.ਸੀ.ਡੀ.ਸੀ. ਇਸ ਪ੍ਰਕੋਪ ’ਤੇ ਨਜ਼ਰ ਰੱਖ ਰਿਹਾ ਹੈ। ਐੱਨ.ਸੀ.ਡੀ.ਸੀ. ਨੇ ਇਕ ਬਿਆਨ ਵਿਚ ਇਹ ਵੀ ਕਿਹਾ ਹੈ ਕਿ ਜ਼ਰੂਰੀ ਜਾਣਕਾਰੀ ਪ੍ਰਾਪਤ ਹੋਣ ’ਤੇ ਹੋਰ ਅਪਡੇਟਸ ਦਿੱਤੇ ਜਾਣਗੇ।

## ਸ਼ੋਕ ਸਮਾਚਾਰ

# ਸਿਕੰਦਰ ਸਿੰਘ ਗਰੇਵਾਲ ਨਹੀਂ ਰਹੇ



ਸਿਕੰਦਰ ਗਰੇਵਾਲ

**ਵਲੇਹੋਂ, (ਪੰਜਾਬ ਮੇਲ)-** ਬੜੇ ਦੁਖੀ ਹਿਰਦੇ ਨਾਲ ਸੂਚਿਤ ਕੀਤਾ ਜਾਂਦਾ ਹੈ ਕਿ ਅਮਰੀਕੀ ਭਾਈਚਾਰੇ ਦੀ ਜਾਣੀ ਪਹਿਚਾਣੀ ਸ਼ਖਸੀਅਤ ਸਿਕੰਦਰ ਗਰੇਵਾਲ ਪਿਛਲੇ ਦਿਨੀਂ ਪ੍ਰਮਾਤਮਾ ਵੱਲੋਂ ਬਖਸ਼ੀ ਉਮਰ ਭੋਗ ਕੇ ਅਕਾਲ ਚਲਾਣਾ ਕਰ ਗਏ ਹਨ। ਉਹ 57 ਵਰ੍ਹਿਆਂ ਦੇ ਸਨ। ਉਹ ਲੰਮੇ ਸਮੇਂ ਤੋਂ ਅਮਰੀਕਾ ਰਹਿ ਰਹੇ ਸਨ। ਉਹ ਆਪਣੇ ਪਿੱਛੇ ਭਰੇ-ਪੂਰੇ ਪਰਿਵਾਰ ਨੂੰ ਰੋਂਦਿਆਂ-ਕੁਰਲਾਉਂਦਿਆਂ ਛੱਡ ਗਏ ਹਨ। ਉਨ੍ਹਾਂ ਦਾ ਅੰਤਿਮ ਸਸਕਾਰ 15 ਜਨਵਰੀ, 2025 ਨੂੰ ਸਵੇਰੇ 10 ਵਜੇ Twin Chapels Mortuary, 1100 Tennessee St Vallejo, CA 94590 ਵਿਖੇ ਹੋਵੇਗਾ। ਉਪਰੰਤ 1 ਵਜੇ ਗੁਰਦੁਆਰਾ ਸਾਹਿਬ ਫੇਅਰਫੀਲਡ 2948 Rockville Rd, Fairfield CA 94534 ਵਿਖੇ ਅੰਤਿਮ ਅਰਦਾਸ ਹੋਵੇਗੀ।

# ਭਾਰਤੀ ਸ਼ੇਅਰ ਬਾਜ਼ਾਰ ’ਚ ਚੀਨੀ ਨਿਵੇਸ਼ ਵਧਿਆ

**■ ਗੁਪਤ ਰੂਪ ਨਾਲ ਬਣਾਇਆ 40,000 ਕਰੋੜ ਰੁਪਏ ਦਾ ਪੋਰਟਫੋਲੀਓ**

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤੀ ਸਟਾਕ ਮਾਰਕੀਟ ਤੇਜ਼ੀ ਨਾਲ ਉੱਭਰ ਰਹੇ ਗਲੋਬਲ ਬਾਜ਼ਾਰਾਂ ਵਿਚ ਇੱਕ ਪ੍ਰਮੁੱਖ ਸਥਾਨ ਰੱਖਦਾ ਹੈ। ਇਸਦੀ ਪ੍ਰਸਿੱਧੀ ਦੇਸ਼-ਵਿਦੇਸ਼ ਦੇ ਨਿਵੇਸ਼ਕਾਂ ਵਿਚ ਲਗਾਤਾਰ ਵਧ ਰਹੀ ਹੈ। ਦਿਲਚਸਪ ਗੱਲ ਇਹ ਹੈ ਕਿ ਗੁਆਂਢੀ ਦੇਸ਼ ਚੀਨ ਦੇ ਨਿਵੇਸ਼ਕਾਂ ਦਾ ਝੁਕਾਅ ਵੀ ਭਾਰਤੀ ਕੰਪਨੀਆਂ ਵੱਲ ਵਧਿਆ ਹੈ। ਇਕ ਰਿਪੋਰਟ ਮੁਤਾਬਕ ਚੀਨ ਦੇ ਕੇਂਦਰੀ ਬੈਂਕ ਪੀਪਲਜ਼ ਬੈਂਕ ਆਫ ਚਾਈਨਾ (ਪੀ.ਬੀ.ਓ.ਸੀ.) ਨੇ ਭਾਰਤੀ ਸ਼ੇਅਰ ਬਾਜ਼ਾਰ ’ਚ ਵੱਡੇ ਪੱਧਰ ’ਤੇ ਨਿਵੇਸ਼ ਕਰਨਾ ਸ਼ੁਰੂ ਕਰ ਦਿੱਤਾ ਹੈ।

ਪੀ.ਬੀ.ਓ.ਸੀ. ਨੇ ਕੈਲੰਡਰ ਸਾਲ 2024 ਦੇ ਅੰਤ ਤੱਕ 35 ਭਾਰਤੀ ਕੰਪਨੀਆਂ ਵਿਚ 40,000 ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਕੀਤਾ ਹੈ। ਚੀਨ ਤੋਂ 17 ਵਿਦੇਸ਼ੀ ਪੋਰਟਫੋਲੀਓ ਨਿਵੇਸ਼ਕ (ਐੱਫ.ਪੀ.ਆਈਜ਼) ਭਾਰਤ ਵਿਚ ਰਜਿਸਟਰਡ ਹਨ, ਜਿਸ ਵਿਚ ਬੈਸਟ ਇਨਵੈਸਟਮੈਂਟ ਕਾਰਪੋਰੇਸ਼ਨ ਵਰਗੀਆਂ ਵੱਡੀਆਂ ਸਰਕਾਰੀ ਸੰਸਥਾਵਾਂ ਸ਼ਾਮਲ ਹਨ। ਇਹ ਕਾਰਪੋਰੇਸ਼ਨਾਂ ਵਿਸ਼ਵ ਪੱਧਰ ’ਤੇ 870 ਬਿਲੀਅਨ ਡਾਲਰ ਦੀ ਜਾਇਦਾਦ ਦਾ ਪ੍ਰਬੰਧਨ ਕਰਦੀਆਂ ਹਨ।


ਪੀ.ਬੀ.ਓ.ਸੀ. ਨੇ ਭਾਰਤੀ ਸਟਾਕ ਮਾਰਕੀਟ ਵਿਚ ਆਈ.ਸੀ.ਆਈ.ਸੀ.ਆਈ. ਬੈਂਕ ਵਿਚ ਸਭ ਤੋਂ ਵੱਧ ਨਿਵੇਸ਼ ਕੀਤਾ ਹੈ। ਚੀਨ ਦੇ ਇਸ ਸੈਂਟਰਲ ਬੈਂਕ ਨੇ ਆਈ.ਸੀ.ਆਈ.ਸੀ.ਆਈ. ਬੈਂਕ ਦੇ 6,139 ਕਰੋੜ ਰੁਪਏ ਦੇ ਸ਼ੇਅਰ ਖਰੀਦੇ ਹਨ। ਇਸ ਦੇ ਨਾਲ ਹੀ ਐੱਚ.ਡੀ.ਐੱਫ.ਸੀ. ਬੈਂਕ ’ਚ 5,344 ਕਰੋੜ ਰੁਪਏ ਦੀ ਹਿੱਸੇਦਾਰੀ ਵੀ ਲਈ ਗਈ ਹੈ। ਇਸ ਤੋਂ ਇਲਾਵਾ ਪੀ.ਬੀ.ਓ.ਸੀ. ਨੇ ਸਰਕਾਰੀ ਕੰਪਨੀ ਪਾਵਰ ਗਰਿੱਡ ਕਾਰਪੋਰੇਸ਼ਨ ਵਿਚ ਵੀ 1,414 ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੈ। ਬੈਂਕ ਦੀ ਟਾਟਾ ਕੰਸਲਟੈਂਸੀ ਸਰਵਿਸਿਜ਼ (ਟੀ.ਸੀ.ਐੱਸ.) ਵਿਚ 3,619 ਕਰੋੜ ਰੁਪਏ ਦੀ ਹਿੱਸੇਦਾਰੀ ਹੈ। ਇਸ ਤੋਂ ਇਲਾਵਾ ਕੋਟਕ ਮਹਿੰਦਰਾ ਬੈਂਕ, ਹਿੰਦੁਸਤਾਨ ਯੂਨੀਲੀਵਰ ਅਤੇ ਬਜਾਜ ਫਾਈਨਾਂਸ ’ਚ 1,500 ਕਰੋੜ ਰੁਪਏ ਦਾ ਨਿਵੇਸ਼ ਕੀਤਾ ਹੋਇਆ ਹੈ।

ਪੀ.ਬੀ.ਓ.ਸੀ. ਦਾ ਮਾਰੂਤੀ ਸੁਜ਼ੂਕੀ, ਟਾਟਾ ਮੋਟਰਜ਼ ਅਤੇ ਅਲਟਰਾਟੈਕ ਸੀਮੈਂਟ ਵਰਗੀਆਂ ਕੰਪਨੀਆਂ ਵਿਚ 1,100 ਕਰੋੜ ਰੁਪਏ ਤੋਂ ਵੱਧ ਦਾ ਨਿਵੇਸ਼ ਹੈ। ਇਸ ਤੋਂ ਇਲਾਵਾ ਬਜਾਜ ਫਿਨਸਰਵ, ਏਸ਼ੀਅਨ ਪੇਂਟਸ ਅਤੇ ਪੇਟੀਐਮ ਦੀ ਮੂਲ ਕੰਪਨੀ ਵੰਨ97 ਕਮਿਊਨੀਕੇਸ਼ਨਜ਼ ਵਿਚ ਵੀ ਹਿੱਸੇਦਾਰੀ ਲਈ ਗਈ ਹੈ। ਚੀਨ ਦੇ ਇਨ੍ਹਾਂ ਵੱਡੇ ਨਿਵੇਸ਼ਾਂ ਨੇ ਦੁਨੀਆਂ ਦਾ ਧਿਆਨ ਭਾਰਤੀ ਸ਼ੇਅਰ ਬਾਜ਼ਾਰ ਵੱਲ ਖਿੱਚਿਆ ਹੈ।

# ਚੀਨ ਨੇ ਭਾਰਤੀਆਂ ਵੀਜ਼ਾ ਫੀਸ ’ਚ ਕਟੌਤੀ ਦੀ ਮਿਆਦ ਵਧਾਈ

**ਨਵੀਂ ਦਿੱਲੀ, (ਪੰਜਾਬ ਮੇਲ)-** ਚੀਨ ਨੇ ਵਿਦੇਸ਼ੀਆਂ ਦੀ ਸਹੂਲਤ ਲਈ ਮਹੱਤਵਪੂਰਨ ਕਦਮ ਚੁੱਕਿਆ ਹੈ। ਇਕ ਮਹੱਤਵਪੂਰਨ ਕਦਮ ’ਚ ਭਾਰਤ ’ਚ ਚੀਨੀ ਦੂਤਘਰ ਨੇ ਵੀਜ਼ਾ ਫ਼ੀਸ ’ਚ ਕਟੌਤੀ ਦੀ ਮਿਆਦ ਨੂੰ 31 ਦਸੰਬਰ 2025 ਤੱਕ ਵਧਾਉਣ ਦਾ ਐਲਾਨ ਕੀਤਾ ਹੈ। ਦੂਤਘਰ ਨੇ ਇਕ ਬਿਆਨ ਵਿਚ ਇਹ ਜਾਣਕਾਰੀ ਦਿੱਤੀ। ਨਵੇਂ ਬਿਆਨ ਮੁਤਾਬਕ ਵਿਜ਼ਿਟਰਾਂ ਲਈ ਸਿੰਗਲ ਐਂਟਰੀ ਵੀਜ਼ਾ ਫੀਸ 2,900 ਰੁਪਏ ਹੈ ਤੇ ਡਬਲ ਐਂਟਰੀ ਲਈ 4,400 ਰੁਪਏ ਹੈ, ਜੋ ਪਿਛਲੇ ਸਾਲ ਲਾਗੂ ਕੀਤੇ ਗਏ ਪਿਛਲੇ ਲਾਗਤ-ਕਟੌਤੀ ਉਪਾਵਾਂ ਨੂੰ ਜਾਰੀ ਰੱਖਦਾ ਹੈ। ਛੇ ਮਹੀਨਿਆਂ ਦੀ ਮਲਟੀਪਲ ਐਂਟਰੀਆਂ ਲਈ ਫੀਸ 5,900 ਹੈ ਅਤੇ 12 ਮਹੀਨਿਆਂ ਜਾਂ ਇਸ ਤੋਂ ਵੱਧ ਕਈ ਐਂਟਰੀਆਂ ਲਈ ਫੀਸ 8,800 ਰੁਪਏ ਹੈ। ਸਮੂਹ ਵੀਜ਼ਾ ਅਤੇ ਅਧਿਕਾਰਤ ਸਮੂਹ ਵੀਜ਼ਾ ਲਈ ਹਰੇਕ ਬਿਨੈਕਾਰ ਨੂੰ 1,800 ਰੁਪਏ ਅਦਾ ਕਰਨੇ ਪੈਣਗੇ। ਇਹ ਨੋਟੀਫਿਕੇਸ਼ਨ ਉਦੋਂ ਆਈ ਹੈ, ਜਦੋਂ ਭਾਰਤ ਅਤੇ ਚੀਨ ਨੇ ਅਸਲ ਕੰਟਰੋਲ ਰੇਖਾ ’ਤੇ ਵਿਆਪਕ ਸਹਿਮਤੀ ਬਣਾ ਲਈ ਹੈ।

# ਭਾਰਤੀ ਕੰਪਨੀਆਂ ਤੋਂ ਪਾਬੰਦੀ ਹਟਾਏਗਾ ਅਮਰੀਕਾ



**ਨਵੀਂ ਦਿੱਲੀ, (ਪੰਜਾਬ ਮੇਲ)-** ਅਮਰੀਕਾ ਵੱਲੋਂ ਪਰਮਾਣੂ ਊਰਜਾ ’ਚ ਕਾਰੋਬਾਰ ਕਰਨ ਵਾਲੀਆਂ ਕਈ ਭਾਰਤੀ ਕੰਪਨੀਆਂ ਤੋਂ ਛੇਤੀ ਪਾਬੰਦੀ ਹਟਾ ਲਈ ਜਾਵੇਗੀ। ਇਹ ਫ਼ੈਸਲਾ ਭਾਰਤ-ਅਮਰੀਕਾ ਸਿਵਲ ਪਰਮਾਣੂ ਸਬੰਧਾਂ ’ਚ ਅਹਿਮ ਸਾਬਤ ਹੋ ਸਕਦਾ ਹੈ। ਕੁਝ ਭਾਰਤੀ ਕੰਪਨੀਆਂ ’ਤੇ ਕਈ ਦਹਾਕਿਆਂ ਤੋਂ ਪਾਬੰਦੀ ਲੱਗੀ ਹੋਈ ਹੈ। ਅਮਰੀਕੀ ਕੌਮੀ ਸੁਰੱਖਿਆ ਸਲਾਹਕਾਰ (ਐੱਨ.ਐੱਸ.ਏ.) ਜੈਕ ਸੁਲੀਵਨ ਨੇ ਕਿਹਾ ਕਿ ਉਨ੍ਹਾਂ ਦਾ ਮੁਲਕ ਸਿਵਲ ਪਰਮਾਣੂ ਖੇਤਰ ’ਚ ਸਹਿਯੋਗ ਦੀ ਇਜਾਜ਼ਤ ਦੇਣ ਲਈ ‘ਪਾਬੰਦੀਸ਼ੁਦਾ ਸੂਚੀ’ ’ਚ ਸ਼ਾਮਲ ਭਾਰਤੀ ਕੰਪਨੀਆਂ ਤੋਂ ਰੋਕ ਹਟਾਉਣ ਦੇ ਫ਼ੈਸਲੇ ਨੂੰ ਅੰਤਿਮ ਰੂਪ ਦੇ ਰਿਹਾ ਹੈ। ਭਾਰਤ ਅਤੇ ਅਮਰੀਕਾ ਨੇ ਮਾਰਚ 2006 ’ਚ ਸਿਵਲ ਪਰਮਾਣੂ ਸਹਿਯੋਗ ਸਮਝੌਤੇ ’ਤੇ ਦਸਤਖ਼ਤ ਕੀਤੇ ਸਨ ਪਰ ਭਾਰਤੀ ਕੰਪਨੀਆਂ ’ਤੇ ਪਾਬੰਦੀਆਂ ਕਾਇਮ ਰਹੀਆਂ।

ਸੂਚੀ ’ਚ ਇੰਦਰਾ ਗਾਂਧੀ ਪਰਮਾਣੂ ਖੋਜ ਕੇਂਦਰ ਅਤੇ ਭਾਬਾ ਪਰਮਾਣੂ ਖੋਜ ਕੇਂਦਰ ਵਰਗੀਆਂ ਕੰਪਨੀਆਂ ਸ਼ਾਮਲ ਹਨ। ਸੁਲੀਵਨ ਨੇ ਕਿਹਾ, “ਮੈਂ ਐਲਾਨ ਕਰ ਸਕਦਾ ਹਾਂ ਕਿ ਭਾਰਤੀ ਅਤੇ ਅਮਰੀਕੀ ਕੰਪਨੀਆਂ ਵਿਚਾਲੇ ਪਰਮਾਣੂ ਸਹਿਯੋਗ ਤੋਂ ਰੋਕਣ ਵਾਲੀਆਂ ਸ਼ਰਤਾਂ ਹਟਾਉਣ ਲਈ ਅਮਰੀਕਾ ਲੋੜੀਂਦੇ ਕਦਮ ਚੁੱਕ ਰਿਹਾ ਹੈ।”

ਇੰਡੀਅਨ ਇੰਸਟੀਚਿਊਟ ਆਫ਼ ਤਕਨਾਲੋਜੀ, ਦਿੱਲੀ ’ਚ ਆਪਣੇ ਸੰਬੋਧਨ ਦੌਰਾਨ ਅਮਰੀਕੀ ਐੱਨ.ਐੱਸ.ਏ. ਨੇ ਕਿਹਾ ਕਿ ਇਹ ਬੀਤੇ ਦੇ ਟਕਰਾਅ ਤੋਂ ਪਾਸਾ ਵੱਟਣ ਦਾ ਮੌਕਾ ਹੋਵੇਗਾ, ਤਾਂ ਜੋ ਭਾਰਤੀ ਕੰਪਨੀਆਂ ਅਮਰੀਕਾ ਦੇ ਨਿੱਜੀ ਖੇਤਰ, ਵਿਗਿਆਨੀਆਂ ਤੇ ਤਕਨਾਲੋਜੀ ਮਾਹਿਰਾਂ ਨਾਲ ਮਿਲ ਕੇ ਸਿਵਲ ਪਰਮਾਣੂ ਊਰਜਾ ’ਚ ਸਹਿਯੋਗ ਵਧਾ ਸਕਣ। ਭਾਰਤੀ ਕੰਪਨੀਆਂ ਤੋਂ ਪਾਬੰਦੀ ਹਟਾਉਣ ਦੀ ਲੋੜ ’ਤੇ ਜ਼ੋਰ ਦਿੰਦਿਆਂ ਐੱਨ.ਐੱਸ.ਏ. ਜੈਕ ਸੁਲੀਵਨ ਨੇ ਕਿਹਾ ਕਿ ਇਹ ਭਾਰਤ-ਅਮਰੀਕਾ ਭਾਈਵਾਲੀ ਹੋਰ ਮਜ਼ਬੂਤ ਕਰਨ ਵਿਚ ਅਗਲਾ ਵੱਡਾ ਕਦਮ ਸਾਬਤ ਹੋ ਸਕਦ ਹੈ। ਸੁਲੀਵਨ ਨੇ ਆਸ ਜਤਾਈ ਕਿ ਅਗਲੇ ਦਹਾਕੇ ’ਚ ਅਮਰੀਕੀ ਅਤੇ ਭਾਰਤੀ ਕੰਪਨੀਆਂ ਆਧੁਨਿਕ ਸੈਮੀਕੰਡਕਟਰ ਤਕਨਾਲੋਜੀਆਂ ਰਲ ਕੇ ਤਿਆਰ ਕਰਨਗੀਆਂ। ਉਨ੍ਹਾਂ ਕਿਹਾ ਕਿ ਅਮਰੀਕੀ ਅਤੇ ਭਾਰਤੀ ਪੁਲਾੜ ਯਾਤਰੀ ਵੀ ਇਕੱਠਿਆਂ ਖੋਜ ਅਤੇ ਹੋਰ ਮੁਹਿੰਮਾਂ ਚਲਾ ਰਹੇ ਹਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ ’ਤੇ ਕਲਿੱਕ ਕਰੋ : www.punjabmailusa.com**






# ਪੰਜਾਬ ਕਾਂਗਰਸ ਵੱਲੋਂ ਮਨਮੋਹਨ ਸਿੰਘ ਨੂੰ ਪੰਥ ਰਤਨ ਦੇਣ ਦੀ ਅਪੀਲ

**ਪੰਜਾਬ ਕਾਂਗਰਸ ਨੇ ਜਥੇਦਾਰ ਗਿਆਨੀ ਰਘਬੀਰ ਸਿੰਘ ਦੇ ਨਾਂ ਪੱਤਰ ਭੇਜਿਆ**



**ਅੰਮ੍ਰਿਤਸਰ, (ਪੰਜਾਬ ਮੇਲ)-** ਪੰਜਾਬ ਕਾਂਗਰਸ ਨੇ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਅਪੀਲ ਕੀਤੀ ਹੈ ਕਿ ਸਾਬਕਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀਆਂ ਸੇਵਾਵਾਂ ਨੂੰ ਧਿਆਨ ਵਿਚ ਰੱਖਦਿਆਂ ਉਨ੍ਹਾਂ ਨੂੰ ਅਕਾਲ ਤਖ਼ਤ ਵੱਲੋਂ ਪੰਥ ਰਤਨ ਦੀ ਉਪਾਧੀ ਨਾਲ ਨਿਵਾਜਿਆ ਜਾਵੇ।

ਇਸ ਸਬੰਧੀ ਪੰਜਾਬ ਕਾਂਗਰਸ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਵੱਲੋਂ ਪੱਤਰ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਭੇਜਿਆ ਗਿਆ ਹੈ। ਇਹ ਪੱਤਰ ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਭਗਵੰਤ ਪਾਲ ਸਿੰਘ ਸੱਚਰ ਨੇ ਅਕਾਲ ਤਖ਼ਤ ਦੇ ਸਕੱਤਰੇਤ 'ਚ ਸੌਂਪਿਆ ਹੈ। ਸ੍ਰੀ ਸੱਚਰ ਨੇ ਦੱਸਿਆ ਕਿ ਇਹ ਪੱਤਰ ਸਕੱਤਰੇਤ ਵਿਚ ਕਰਮਚਾਰੀਆਂ ਨੂੰ ਸੌਂਪ ਦਿੱਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਜਥੇਦਾਰ ਗਿਆਨੀ ਰਘਬੀਰ ਸਿੰਘ ਦਫ਼ਤਰ ਵਿਚ ਮੌਜੂਦ ਨਹੀਂ ਸਨ, ਇਸ ਲਈ ਪੱਤਰ ਕਰਮਚਾਰੀਆਂ ਨੂੰ ਸੌਂਪਿਆ ਦਿੱਤਾ ਗਿਆ ਹੈ, ਜੋ ਇਸ ਨੂੰ ਜਥੇਦਾਰ ਸਾਹਿਬ ਨੂੰ ਸੌਂਪ ਦੇਣਗੇ। ਇਸ ਪੱਤਰ ਵਿਚ ਪੰਜਾਬ ਕਾਂਗਰਸ ਦੇ ਪ੍ਰਧਾਨ ਨੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੂੰ ਅਪੀਲ ਕੀਤੀ ਹੈ ਕਿ ਭਾਰਤ ਦੇ ਪਹਿਲੇ ਸਿੱਖ ਪ੍ਰਧਾਨ ਮੰਤਰੀ ਡਾਕਟਰ ਮਨਮੋਹਨ ਸਿੰਘ ਦੀਆਂ ਪੰਥ ਪ੍ਰਤੀ ਸੇਵਾਵਾਂ ਅਤੇ ਯੋਗਦਾਨ ਨੂੰ ਦੇਖਦੇ ਹੋਏ ਉਨ੍ਹਾਂ ਨੂੰ ਪੰਥ ਰਤਨ ਨਾਲ ਨਿਵਾਜਿਆ ਜਾਵੇ।

ਉਨ੍ਹਾਂ ਲਿਖਿਆ ਕਿ ਭਾਰਤ ਦੇ ਪਹਿਲੇ ਸਿੱਖ ਪ੍ਰਧਾਨ ਮੰਤਰੀ ਵਜੋਂ ਉਨ੍ਹਾਂ ਦੀ ਸਥਿਤੀ ਵਿਸ਼ਵ ਪੱਧਰ 'ਤੇ ਸਿੱਖ ਭਾਈਚਾਰੇ ਲਈ ਮਾਨ ਅਤੇ ਮਾਨਤਾ ਦਾ ਪ੍ਰਤੀਕ ਹੈ। ਉਨ੍ਹਾਂ ਨੇ '84 ਦੇ ਸਿੱਖ ਵਿਰੋਧੀ ਦੰਗਿਆਂ ਲਈ ਸੰਸਦ ਵਿਚ ਮੁਆਫ਼ੀ ਮੰਗੀ ਸੀ ਅਤੇ ਪੀੜਤ ਪਰਿਵਾਰਾਂ ਲਈ ਮੁਆਵਜ਼ੇ ਤੇ ਮੁੜ ਵਸੇਬੇ ਨੂੰ ਯਕੀਨੀ ਬਣਾਇਆ। ਉਨ੍ਹਾਂ 60 ਹਜ਼ਾਰ ਕਰੋੜ ਰੁਪਏ ਦੀ ਕਰਜ਼ਾ ਮੁਆਫ਼ੀ ਦੀ ਸ਼ੁਰੂਆਤ ਕੀਤੀ, ਜਿਸ ਨਾਲ ਪੰਜਾਬ ਦੇ ਅਣਗਿਣਤ ਕਿਸਾਨਾਂ ਨੂੰ ਲਾਭ ਹੋਇਆ।

ਉਨ੍ਹਾਂ ਨੇ ਸ੍ਰੀ ਨਨਕਾਣਾ ਸਾਹਿਬ, ਸ੍ਰੀ ਕਰਤਾਰਪੁਰ ਸਾਹਿਬ ਅਤੇ ਹੋਰ ਧਾਰਮਿਕ ਸਥਾਨਾਂ ਦੇ ਦਰਸ਼ਨ ਕਰਨ ਵਾਲੇ ਸਿੱਖਾਂ ਲਈ ਪਾਕਿਸਤਾਨ ਜਾਣ ਵਾਲੇ ਤੀਰਥ ਮਾਰਗਾਂ ਦੀ ਸਹੂਲਤ ਲਈ ਬਾਰਡਰ ਕਰਾਸਿੰਗ ਦੀ ਸਹੂਲਤ ਤੇ ਬੁਨਿਆਦੀ ਢਾਂਚਾ ਸੁਚਾਰੂ ਢੰਗ ਨਾਲ ਮੁਹੱਈਆ ਕਰਵਾਇਆ। ਪੰਜਾਬ ਦੇ ਪੇਂਡੂ ਵਿਕਾਸ ਲਈ ਅਹਿਮ ਫੰਡ ਅਲਾਟ ਕੀਤੇ। ਪੰਜਾਬ ਕਾਂਗਰਸ ਦੇ ਪ੍ਰਧਾਨ ਵੱਲੋਂ ਜਥੇਦਾਰ ਨੂੰ ਅਪੀਲ ਕੀਤੀ ਗਈ ਹੈ ਕਿ ਉਹ ਡਾਕਟਰ ਮਨਮੋਹਨ ਸਿੰਘ ਨੂੰ ਪੰਥ ਰਤਨ ਦੀ ਉਪਾਧੀ ਦੇਣ ਬਾਰੇ ਲੋੜੀਂਦੀ ਵਿਚਾਰ-ਚਰਚਾ ਜ਼ਰੂਰ ਕਰਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**

# ਬੀ.ਸੀ. ਦੀ ਸੂਬਾਈ ਰੈਸਲਿੰਗ ਟੀਮ ਵਿਚ ਪੰਜਾਬੀ ਪਹਿਲਵਾਨਾਂ ਦੀ ਬੱਲੇ ਬੱਲੇ





**ਸਰੀ, (ਹਰਦਮ ਮਾਨ/ਪੰਜਾਬ ਮੇਲ)-** ਬੀ.ਸੀ. ਸੂਬੇ ਦੇ 19 ਸਾਲ ਤੋਂ ਘੱਟ ਉਮਰ ਦੇ ਪਹਿਲਵਾਨਾਂ ਨੇ ਸੂਬਾਈ ਟੀਮ ਵਿਚ ਪੰਜਾਬੀਆਂ ਦੀ ਬੱਲੇ-ਬੱਲੇ ਕਰਵਾ ਦਿੱਤੀ ਹੈ। ਸੂਬਾਈ ਟੀਮ ਦੇ ਕੁੱਲ 24 ਪਹਿਲਵਾਨਾਂ ਵਿਚੋਂ 15 ਪਹਿਲਵਾਨ ਪੰਜਾਬੀ ਮੂਲ ਦੇ ਹਨ। ਇਹ ਸੂਬਾਈ ਟੀਮ 3 ਤੋਂ 5 ਜਨਵਰੀ 2025 ਤੱਕ ਕੈਲਗਰੀ (ਅਲਬਰਟਾ) ਵਿਖੇ ਹੋ ਰਹੇ ਅੰਡਰ-19 'ਡੀਨੋਸ ਕੱਪ ਐਂਡ ਕਲਾਸਿਕ ਰੈਸਲਿੰਗ ਟੂਰਨਾਮੈਂਟ' ਵਿਚ ਭਾਗ ਲਵੇਗੀ।

ਸੂਬਾਈ ਟੀਮ ਲਈ ਚੁਣੇ ਗਏ ਇਨ੍ਹਾਂ 24 ਪਹਿਲਵਾਨਾਂ ਵਿਚ 12 ਲੜਕੇ ਅਤੇ 12 ਲੜਕੀਆਂ ਸ਼ਾਮਲ ਹਨ, ਜਿਨ੍ਹਾਂ ਵਿਚੋਂ 7 ਲੜਕੀਆਂ ਅਤੇ 8 ਲੜਕੇ ਪੰਜਾਬੀ ਮੂਲ ਦੇ ਹਨ। ਇਹ ਸਾਰੇ ਪਹਿਲਵਾਨ ਸੂਬੇ ਦੇ 10 ਵੱਖ-ਵੱਖ ਕਲੱਬਾਂ ਨਾਲ ਸੰਬੰਧਿਤ ਹਨ, ਜਿਨ੍ਹਾਂ ਵਿਚ 6 ਪੰਜਾਬੀ ਕਲੱਬ ਸ਼ਾਮਲ ਹਨ।

ਪੰਜਾਬੀ ਪਹਿਲਵਾਨਾਂ ਦੀ ਝੰਡੀ ਗੱਡਣ ਵਾਲੇ ਪਹਿਲਵਾਨਾ ਵਿਚ ਇਰਾਬੀਰ ਸੂਚ, ਗੁਰਲੀਨ ਢਿੱਲੋਂ, ਤਰਨਪ੍ਰੀਤ ਢਿੱਲੋਂ, ਜੈਗੀਤ ਬਾਹੀ, ਖੁਸ਼ਲੀਨ ਝੱਲੀ, ਤਮਨ ਮੁੰਡੀ, ਅੰਬਿਕਾ ਸ਼ੇਰਾਵਤ, ਗੌਰਵ ਬਾਹੀ, ਕਰਨਜੋਤ ਢਿਲੋਂ, ਗੁਰਸ਼ੇਰ ਜੌਹਲ, ਗੀਲੇ ਝੂਟੀ, ਜੋਬਨਪ੍ਰੀਤ ਜੌਹਲ, ਹਰਜੋਤ ਸ਼ੇਰਗਿੱਲ, ਗੁਰਕਰਨ ਗਿੱਲ ਅਤੇ ਉਦੇਪ੍ਰਤਾਪ ਬਿਲਨ ਸ਼ਾਮਲ ਹਨ।

ਸਫਾ 1 ਦਾ ਬਾਕੀ

## ਕੈਨੇਡਾ ਦਾ ਪੀ.ਐੱਮ. ਬਣਨ ਦੀ ਦੌੜ 'ਚ 2 ਭਾਰਤੀ ਵੀ...

ਉਪ ਪ੍ਰਧਾਨ ਮੰਤਰੀ ਅਤੇ ਵਿੱਤ ਮੰਤਰੀ ਰਹਿ ਚੁੱਕੀ ਕ੍ਰਿਸਟੀਆ ਫ੍ਰੀਲੈਂਡ ਨੂੰ ਕੈਨੇਡਾ ਦੇ ਨਵੇਂ ਪ੍ਰਧਾਨ ਮੰਤਰੀ ਲਈ ਸਭ ਤੋਂ ਅੱਗੇ ਮੰਨਿਆ ਜਾ ਰਿਹਾ ਹੈ। ਉਸਦਾ ਅੰਤਰਰਾਸ਼ਟਰੀ ਤਜ਼ਰਬਾ ਅਤੇ ਆਰਥਿਕ ਮੁਹਾਰਤ ਉਸਨੂੰ ਪ੍ਰਧਾਨ ਮੰਤਰੀ ਦੇ ਅਹੁਦੇ ਲਈ ਮਜ਼ਬੂਤ ਦਾਅਵੇਦਾਰ ਬਣਾਉਂਦੀ ਹੈ। ਬੈਂਕ ਆਫ ਕੈਨੇਡਾ ਅਤੇ ਬੈਂਕ ਆਫ ਇੰਗਲੈਂਡ ਦੇ ਸਾਬਕਾ ਗਵਰਨਰ ਮਾਰਕ ਕਾਰਨੇ ਵੀ ਇਸ ਅਹੁਦੇ ਲਈ ਮਜ਼ਬੂਤ ਦਾਅਵੇਦਾਰ ਹਨ। ਉਨ੍ਹਾਂ ਦੀ ਵਿੱਤੀ ਮੁਹਾਰਤ ਅਤੇ ਆਰਥਿਕ ਮੁਹਾਰਤ ਉਨ੍ਹਾਂ ਲਈ ਲਾਹੇਵੰਦ ਹੋ ਸਕਦੀ ਹੈ। ਲਿਬਰਲ ਕੈਬਨਿਟ ਦੇ ਸੀਨੀਅਰ ਮੰਤਰੀ ਅਤੇ ਟਰੂਡੋ ਦੇ ਕਰੀਬੀ ਡੋਮਿਨਿਕ ਲੇਬਲੈਂਕ ਦੇ ਨਾਂ ਦੀ ਵੀ ਚਰਚਾ ਹੋ ਰਹੀ ਹੈ। ਫ੍ਰੀਲੈਂਡ ਦੇ ਅਸਤੀਫੇ ਤੋਂ ਬਾਅਦ ਉਹ ਮੌਜੂਦਾ ਵਿੱਤ ਮੰਤਰੀ ਹਨ। ਵਿਦੇਸ਼ ਮੰਤਰੀ ਮੇਲਾਨੀਆ ਜੋਲੀ ਵੀ ਪ੍ਰਮੁੱਖ ਦਾਅਵੇਦਾਰ ਹਨ। ਇੱਕ ਹੋਰ ਨਾਮ ਫ੍ਰਾਂਕੋਇਸ-ਫਿਲਿਪ ਸ਼ੈਂਪੇਨ ਹੈ, ਜੋ ਇੱਕ ਵਪਾਰਕ ਅਤੇ ਅੰਤਰਰਾਸ਼ਟਰੀ ਮਾਹਰ ਹੈ। ਇਨ੍ਹਾਂ ਤੋਂ ਇਲਾਵਾ ਬ੍ਰਿਟਿਸ਼ ਕੋਲੰਬੀਆ ਦੀ ਸਾਬਕਾ ਪ੍ਰੀਮੀਅਰ ਕ੍ਰਿਸਟੀ ਕਲਾਰਕ ਨੇ ਵੀ ਟਰੂਡੋ ਤੋਂ ਬਾਅਦ ਪਾਰਟੀ ਦੀ ਅਗਵਾਈ ਕਰਨ ਦੀ ਇੱਛਾ ਪ੍ਰਗਟਾਈ ਹੈ।



# ਭਾਰਤ ਸਰਕਾਰ ਵਿਦੇਸ਼ ਜਾਣ ਵਾਲਿਆਂ ਕੋਲੋਂ ਇਕੱਠੀ ਕਰੇਗੀ 19 ਤਰ੍ਹਾਂ ਦੀ ਨਿੱਜੀ ਜਾਣਕਾਰੀ

**ਨਿੱਜੀ ਡਾਟਾ ਕੇਂਦਰ ਨੂੰ ਦੱਸਣਾ ਹੋਵੇਗਾ**

**ਨਵੀਂ ਦਿੱਲੀ, (ਪੰਜਾਬ ਮੇਲ)-** ਭਾਰਤ ਸਰਕਾਰ ਵਿਦੇਸ਼ ਜਾਣ ਵਾਲਿਆਂ ਤੋਂ 19 ਤਰ੍ਹਾਂ ਦੀ ਨਿੱਜੀ ਜਾਣਕਾਰੀ ਇਕੱਠੀ ਕਰੇਗੀ। ਇਸ ਵਿਚ ਇਹ ਸ਼ਾਮਿਲ ਹੈ ਕਿ ਯਾਤਰੀ ਕਦੋਂ, ਕਿੱਥੇ ਅਤੇ ਕਿਵੇਂ ਯਾਤਰਾ ਕਰ ਰਹੇ ਹਨ। ਉਨ੍ਹਾਂ ਦੇ ਖਰਚੇ ਕਿਸਨੇ ਅਤੇ ਕਿਵੇਂ ਚੁੱਕੇ, ਕੌਣ ਕਿੰਨੇ ਬੈਗ ਲੈ ਕੇ ਗਿਆ ਅਤੇ ਕਦੋਂ ਕਿਸ ਸੀਟ 'ਤੇ ਬੈਠਾ, ਅਜਿਹੀ ਜਾਣਕਾਰੀ ਲਈ ਜਾਵੇਗੀ।

ਇਹ ਡਾਟਾ 5 ਸਾਲਾਂ ਲਈ ਸਟੋਰ ਕੀਤਾ ਜਾਵੇਗਾ। ਜੇ ਲੋੜ ਪਈ ਤਾਂ ਇਸਨੂੰ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਨਾਲ ਵੀ ਸਾਂਝਾ ਕੀਤਾ ਜਾ ਸਕਦਾ ਹੈ। ਇਸ ਨੂੰ 1 ਅਪ੍ਰੈਲ ਤੋਂ ਲਾਗੂ ਕਰਨ ਦੀਆਂ ਤਿਆਰੀਆਂ ਚੱਲ ਰਹੀਆਂ ਹਨ। ਇਸ ਲਈ ਸਾਰੀਆਂ ਏਅਰਲਾਈਨਾਂ ਨੂੰ ਨਿਰਦੇਸ਼ ਜਾਰੀ ਕਰ ਦਿੱਤੇ ਗਏ ਹਨ। ਇਹ ਕਦਮ ਤਸਕਰੀ 'ਤੇ ਨਜ਼ਰ ਰੱਖਣ ਲਈ ਚੁੱਕਿਆ ਗਿਆ ਹੈ। ਕਸਟਮ ਵਿਭਾਗ ਸਮੇਂ-ਸਮੇਂ 'ਤੇ ਡਾਟੇ ਦਾ ਵਿਸ਼ਲੇਸ਼ਣ ਕਰੇਗਾ। ਜੇਕਰ ਕਿਸੇ ਵਿਅਕਤੀ ਦੀ ਵਿਦੇਸ਼ ਯਾਤਰਾ ਦੌਰਾਨ ਕੋਈ ਸ਼ੱਕੀ ਪੈਟਰਨ ਦੇਖਿਆ ਜਾਂਦਾ ਹੈ, ਤਾਂ ਤੁਰੰਤ ਜਾਂਚ ਸ਼ੁਰੂ ਕੀਤੀ ਜਾ ਸਕਦੀ ਹੈ।

ਏਅਰਲਾਈਨਾਂ ਲਈ ਯਾਤਰੀਆਂ ਦੇ ਇਸ ਡਾਟਾ ਨੂੰ ਕਸਟਮ ਵਿਭਾਗ ਨਾਲ ਸਾਂਝਾ ਕਰਨਾ ਲਾਜ਼ਮੀ ਬਣਾਉਣ ਦਾ ਪ੍ਰਸਤਾਵ ਹੈ। ਕੇਂਦਰ ਅਸਿੱਧੇ ਟੈਕਸ ਅਤੇ ਕਸਟਮ ਬੋਰਡ (ਸੀ.ਬੀ.ਆਈ.ਸੀ.) ਨੇ ਹਾਲ ਹੀ ਵਿਚ ਵਿਦੇਸ਼ੀ ਰੂਟਾਂ ਵਾਲੀਆਂ ਸਾਰੀਆਂ ਏਅਰਲਾਈਨਾਂ ਨੂੰ 10 ਜਨਵਰੀ ਤੱਕ ਨਵੇਂ ਪੋਰਟਲ 'ਐੱਨ.ਸੀ.ਟੀ.ਸੀ.-ਪੈਕਸ' 'ਤੇ ਰਜਿਸਟਰ ਕਰਨ ਲਈ ਕਿਹਾ ਹੈ।

ਸਰਕਾਰ ਰਜਿਸਟ੍ਰੇਸ਼ਨ ਤੋਂ ਬਾਅਦ 10 ਫਰਵਰੀ ਤੋਂ ਕੁਝ ਏਅਰਲਾਈਨਾਂ ਨਾਲ ਪਾਇਲਟ ਪ੍ਰਾਜੈਕਟ ਦੇ ਤੌਰ 'ਤੇ ਡਾਟਾ ਸ਼ੇਅਰਿੰਗ ਬ੍ਰਿਜ ਸ਼ੁਰੂ ਕਰਨ ਦਾ ਇਰਾਦਾ ਰੱਖਦੀ ਹੈ। ਇਸ ਤੋਂ ਬਾਅਦ ਇਹ ਪ੍ਰਣਾਲੀ 1 ਅਪ੍ਰੈਲ ਤੋਂ ਪੂਰੀ ਤਰ੍ਹਾਂ ਲਾਗੂ ਹੋ ਜਾਵੇਗੀ।

ਬੋਰਡ ਵੱਲੋਂ ਜਾਰੀ ਨੋਟੀਫਿਕੇਸ਼ਨ ਮੁਤਾਬਕ ਡਾਟਾ ਇਕੱਠਾ ਕਰਨ ਦਾ ਨਿਯਮ 2022 ਤੋਂ ਲਾਗੂ ਸੀ ਪਰ ਹੁਣ ਇਸ ਨੂੰ ਲਾਜ਼ਮੀ ਬਣਾਇਆ ਜਾ ਰਿਹਾ ਹੈ।

ਰੋਜ਼ਾਨਾਂ ਤਾਜ਼ੀਆਂ ਖ਼ਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਈਟ 'ਤੇ ਕਲਿੱਕ ਕਰੋ :
www.punjabmailusa.com

# ਦਿੱਲੀ ਦੇ ਉਪ ਰਾਜਪਾਲ ਵੱਲੋਂ '84 ਸਿੱਖ ਵਿਰੋਧੀ ਦੰਗਿਆਂ ਦੇ ਪੀੜਤਾਂ ਲਈ ਨੌਕਰੀ ਦੇ ਮਾਪਦੰਡਾਂ 'ਚ ਛੋਟ ਨੂੰ ਮਨਜ਼ੂਰੀ

**ਉਮਰ ਹੱਦ 55 ਸਾਲ ਤੱਕ ਵਧਾਈ; ਵਿੱਦਿਅਕ ਯੋਗਤਾ 'ਚ ਮਿਲੀ ਛੋਟ**

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਦੇ ਉਪ ਰਾਜਪਾਲ ਵੀ.ਕੇ. ਸਕਸੈਨਾ ਨੇ ਦਿੱਲੀ ਸਰਕਰ ਤਹਿਤ ਨੌਕਰੀਆਂ ਲਈ ਅਰਜ਼ੀ ਦੇਣ ਵਾਲੇ ਸਾਰੇ 48 ਸਿੱਖ ਵਿਰੋਧੀ ਦੰਗਾ ਪੀੜਤਾਂ ਨੂੰ ਸਿੱਖਿਆ ਅਤੇ ਉਮਰ ਮਾਪਦੰਡਾਂ ਵਿਚ ਛੋਟ ਨੂੰ ਮਨਜ਼ੂਰੀ ਦੇ ਦਿੱਤੀ ਹੈ। ਰਾਜ ਨਿਵਾਸ ਦੇ ਇੱਕ ਅਧਿਕਾਰੀ ਨੇ ਇਹ ਜਾਣਕਾਰੀ ਦਿੱਤੀ।

ਉਨ੍ਹਾਂ ਦੱਸਿਆ ਕਿ ਬਿਨੈਕਾਰਾਂ ਨੂੰ ਲੋੜੀਂਦੀ ਵਿੱਦਿਅਕ ਯੋਗਤਾ ਵਿਚ ਛੋਟ ਦਿੱਤੀ ਗਈ ਹੈ ਅਤੇ ਸਾਰੇ 88 ਬਿਨੈਕਾਰਾਂ ਲਈ ਉਮਰ ਹੱਦ 55 ਸਾਲ ਤੱਕ ਵਧਾ ਦਿੱਤੀ ਗਈ ਹੈ। ਵੱਖ-ਵੱਖ ਸਰਕਾਰੀ ਵਿਭਾਗਾਂ ਵਿਚ ਫੁਟਕਲ ਡਿਊਟੀ ਕਰਮਚਾਰੀਆਂ ਵਜੋਂ ਉਨ੍ਹਾਂ ਦੀ ਨਿਯੁਕਤੀ ਲਈ ਛੋਟ ਨੂੰ ਮਨਜ਼ੂਰੀ ਦਿੱਤੀ ਗਈ ਹੈ।

ਉਪ ਰਾਜਪਾਲ ਦਫ਼ਤਰ ਤੋਂ ਜਾਰੀ ਇੱਕ ਨੋਟ ਵਿਚ ਕਿਹਾ ਗਿਆ, "ਇਸ ਸਬੰਧੀ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ, ਜਨਤਕ ਪ੍ਰਤੀਨਿਧੀਆਂ ਅਤੇ ਪੀੜਤਾਂ ਦੇ ਸਮੂਹ ਵੱਲੋਂ ਵਾਰ-ਵਾਰ ਮੰਗ ਪੱਤਰ ਦਿੱਤੇ ਗਏ ਸੀ, ਜਿਨ੍ਹਾਂ ਨੇ ਹਾਲ ਹੀ ਵਿਚ ਉਪ ਰਾਜਪਾਲ ਨਾਲ ਮੁਲਾਕਾਤ ਕੀਤੀ ਸੀ।" ਸਾਲ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਪੀੜਤਾਂ ਲਈ ਨੌਕਰੀਆਂ ਦੀ ਵਿਵਸਥਾ ਸਣੇ ਪੁਨਰਵਾਸ ਪੈਕੇਜ ਨੂੰ ਕੇਂਦਰੀ ਗ੍ਰਹਿ ਮੰਤਰਾਲੇ ਨੇ 16 ਜਨਵਰੀ, 2006 ਨੂੰ ਮਨਜ਼ੂਰੀ ਦਿੱਤੀ ਸੀ।

# ਏਅਰ ਇੰਡੀਆ ਦੀ ਫਲਾਈਟ 'ਚ ਹੁਣ ਮਿਲੇਗਾ ਮੁਫ਼ਤ ਵਾਈ-ਫਾਈ




**ਨਵੀਂ ਦਿੱਲੀ, (ਪੰਜਾਬ ਮੇਲ)-** ਨਵੇਂ ਸਾਲ ਦੇ ਮੌਕੇ 'ਤੇ ਏਅਰ ਇੰਡੀਆ ਨੇ ਯਾਤਰੀਆਂ ਨੂੰ ਵੱਡਾ ਤੋਹਫਾ ਦਿੱਤਾ ਹੈ। ਏਅਰ ਇੰਡੀਆ ਘਰੇਲੂ ਫਲਾਈਟ ਵਿਚ ਫ੍ਰੀ ਵਾਈ-ਫਾਈ ਇੰਟਰਨੈਟ ਸ਼ੁਰੂ ਕਰਨ ਵਾਲੀ ਪਹਿਲੀ ਭਾਰਤੀ ਏਅਰਲਾਈਨ ਬਣ ਗਈ ਹੈ। ਏਅਰ ਇੰਡੀਆ ਵੱਲੋਂ ਜਾਰੀ ਇੱਕ ਪ੍ਰੈੱਸ ਰਿਲੀਜ਼ ਵਿਚ ਕਿਹਾ ਗਿਆ ਕਿ ਏਅਰਬਸ ਏ350, ਬੋਇੰਗ 787-9 ਅਤੇ ਏਅਰਬਸ ਏ 321 ਨਿਓ ਜਹਾਜ਼ਾਂ ਵਿਚ ਸਵਾਰ ਯਾਤਰੀ 10 ਹਜ਼ਾਰ ਫੁੱਟ ਤੋਂ ਉਪਰ ਉਡਾਨ ਭਰਦੇ ਸਮੇਂ ਇੰਟਰਨੈੱਟ ਦਾ ਇਸਤੇਮਾਲ ਕਰਕੇ ਬਰਾਊਜ਼ ਕਰ ਸਕਣਗੇ। ਸੋਸ਼ਲ ਮੀਡੀਆ ਦੇਖ ਸਕਣਗੇ, ਕੰਮ ਕਰ ਸਕਣਗੇ ਜਾਂ ਆਪਣਿਆਂ ਨੂੰ ਟੈਕਸਟ ਕਰ ਸਕਣਗੇ।

ਇਹ ਸਰਵਿਸ ਏਅਰ ਇੰਡੀਆ ਦੇ ਇੰਟਰਨੈਸ਼ਨਲ ਰੂਟ ਨਿਊਯਾਰਕ, ਲੰਦਨ, ਪੈਰਿਸ ਤੇ ਸਿੰਗਾਪੁਰ 'ਤੇ ਪਹਿਲਾਂ ਤੋਂ ਦਿੱਤੀ ਜਾ ਰਹੀ ਹੈ। ਹੁਣ ਇਸ ਨੂੰ ਡੋਮੈਸਟਿਕ ਰੂਟ 'ਤੇ ਪਾਇਲਟ ਪ੍ਰਾਜੈਕਟ ਪ੍ਰੋਗਰਾਮ ਤਹਿਤ ਸ਼ੁਰੂ ਕੀਤਾ ਗਿਆ ਹੈ। ਏਅਰ ਇੰਡੀਆ ਸਮੇਂ ਦੇ ਨਾਲ ਆਪਣੇ ਬੇੜੇ ਦੇ ਹੋਰ ਜਹਾਜ਼ਾਂ 'ਤੇ ਵੀ ਇਹ ਸੇਵਾ ਸ਼ੁਰੂ ਕਰਨ ਦਾ ਪਲਾਨ ਬਣਾ ਰਹੀ ਹੈ। ਏਅਰਲਾਈਨ ਵੱਲੋਂ ਦੱਸਿਆ ਗਿਆ ਕਿ ਵਾਈ-ਫਾਈ ਸਰਵਿਸ ਲੈਪਟਾਪ, ਟੈਬਲੇਟ ਤੇ ਆਈ.ਓ.ਐੱਸ. ਜਾਂ ਐਂਡ੍ਰਾਇਟ ਓ.ਐੱਸ. ਵਾਲੇ ਸਮਾਰਟਫੋਨ 'ਤੇ ਫ੍ਰੀ ਵਿਚ ਮਿਲੇਗੀ।

ਏਅਰ ਇੰਡੀਆ ਦੇ ਚੀਫ ਕਸਟਮਰ ਐਕਸਪੀਰੀਅੰਸ ਅਫ਼ਸਰ ਰਾਜੇਸ਼ ਡੋਗਰਾ ਨੇ ਕਿਹਾ ਕਿ ਕਨੈਕਟਵਿਟੀ ਹੁਣ ਆਧੁਨਿਕ ਯਾਤਰਾ ਦਾ ਇਕ ਅਭਿੰਨ ਅੰਗ ਬਣ ਗਈ ਹੈ। ਉਨ੍ਹਾਂ ਕਿਹਾ ਕਿ ਸਾਨੂੰ ਭਰੋਸਾ ਹੈ ਕਿ ਸਾਡੇ ਯਾਤਰੀ ਵੈੱਬ ਨਾਲ ਕਨੈਕਟ ਹੋਣ ਦੀ ਸਹੂਲਤ ਨੂੰ ਪਸੰਦ ਕਰਨਗੇ ਤੇ ਇਸ ਨਵੇਂ ਤਜ਼ਰਬੇ ਦਾ ਆਨੰਦ ਲੈਣਗੇ।

# ਟਰੰਪ ਨੂੰ ਹਸ਼ ਮਨੀ ਮਾਮਲੇ 'ਚ 10 ਜਨਵਰੀ ਨੂੰ ਸੁਣਾਈ ਜਾਵੇਗੀ ਸਜ਼ਾ

**ਸਹੁੰ ਚੁੱਕਣ ਤੋਂ ਪਹਿਲਾਂ ਡੋਨਾਲਡ ਟਰੰਪ ਨੂੰ ਝਟਕਾ**

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)-** ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਹਸ਼ ਮਨੀ ਮਾਮਲੇ 'ਚ 10 ਜਨਵਰੀ ਨੂੰ ਸਜ਼ਾ ਸੁਣਾਈ ਜਾਵੇਗੀ। ਤੁਹਾਨੂੰ ਦੱਸ ਦੇਈਏ ਕਿ ਟਰੰਪ ਦੇ ਰਾਸ਼ਟਰਪਤੀ ਅਹੁਦੇ ਦੀ ਸਹੁੰ ਚੁੱਕਣ ਵਿਚ ਦੋ ਹਫ਼ਤੇ ਤੋਂ ਵੀ ਘੱਟ ਸਮਾਂ ਬਚਿਆ ਹੈ। ਇਸ ਮਾਮਲੇ 'ਚ ਜੱਜ ਜੁਆਨ ਮਾਰਚੇਨ ਨੇ ਕਿਹਾ ਕਿ ਉਹ ਟਰੰਪ ਨੂੰ ਜੇਲ੍ਹ ਦੀ ਸਜ਼ਾ ਨਹੀਂ ਦੇਣਗੇ ਅਤੇ ਨਵੇਂ ਚੁਣੇ ਗਏ ਰਾਸ਼ਟਰਪਤੀ ਸੁਣਵਾਈ ਲਈ ਵਿਅਕਤੀਗਤ ਤੌਰ 'ਤੇ ਜਾਂ ਵਰਚੁਅਲ ਤੌਰ 'ਤੇ ਪੇਸ਼ ਹੋ ਸਕਦੇ ਹਨ। ਵਾਸ਼ਿੰਗਟਨ ਡੀ.ਸੀ. ਵਿਚ 20 ਜਨਵਰੀ ਨੂੰ ਡੋਨਾਲਡ ਟਰੰਪ ਦੇ ਉਦਘਾਟਨ ਤੋਂ 10 ਦਿਨ ਪਹਿਲਾਂ ਸੁਣਵਾਈ ਤੈਅ ਕੀਤੀ ਗਈ ਹੈ। ਟਰੰਪ ਨੂੰ ਮਈ 'ਚ ਬਾਲਗ ਫਿਲਮ ਸਟਾਰ ਸਟੋਰਮੀ ਡੇਨੀਅਲਜ਼ ਨੂੰ 130,000



ਡਾਲਰ ਦੀ ਅਦਾਇਗੀ ਨੂੰ ਛੁਪਾਉਣ ਲਈ ਕਾਰੋਬਾਰੀ ਰਿਕਾਰਡਾਂ 'ਚ ਹੇਰਾਫੇਰੀ ਕਰਨ ਦਾ ਦੋਸ਼ੀ ਠਹਿਰਾਇਆ ਗਿਆ ਸੀ। ਦਰਅਸਲ 2016 ਦੀਆਂ ਰਾਸ਼ਟਰਪਤੀ ਚੋਣਾਂ ਦੌਰਾਨ ਡੋਨਾਲਡ ਟਰੰਪ ਦੇ ਅਡਲਟ ਸਟਾਰ ਸਟੋਰਮੀ ਡੇਨੀਅਲਸ ਨਾਲ ਸਬੰਧਾਂ ਨੂੰ ਲੈ ਕੇ ਕਾਫੀ ਚਰਚਾ ਹੋਈ ਸੀ। ਜਾਣਕਾਰੀ ਮੁਤਾਬਕ ਡੇਨੀਅਲਸ ਟਰੰਪ ਨਾਲ ਆਪਣੇ ਰਿਸ਼ਤੇ ਨੂੰ ਜਨਤਕ ਕਰਨ ਦੀ ਧਮਕੀ ਦੇ ਰਹੀ ਸੀ।




FOR SALE & PURCHASE OF
ANY KIND OF PROPERTY



RE/MAX
Outstanding Agents
Outstanding Results
DRE Lic. # 01215931 (Broker)

Gurjatinder S. Randhawa
REALTOR CA DRE licence # 01490567
916-320-9444

# ਨਿਊਜ਼ੀਲੈਂਡ ਨੇ ਆਪਣੇ ਵੀਜ਼ਾ ਨਿਯਮਾਂ 'ਚ ਕੀਤਾ ਬਦਲਾਅ

**ਨਵੀਂ ਦਿੱਲੀ, (ਪੰਜਾਬ ਮੇਲ)-** ਨਿਊਜ਼ੀਲੈਂਡ ਨੇ ਆਪਣੇ ਵੀਜ਼ਾ ਨਿਯਮਾਂ 'ਚ ਬਦਲਾਅ ਕਰਕੇ ਕਈ ਅਹਿਮ ਅਪਡੇਟ ਕੀਤੇ ਹਨ। ਨਵੇਂ ਨਿਯਮਾਂ ਦਾ ਸਿੱਧਾ ਫਾਇਦਾ ਉਨ੍ਹਾਂ ਲੋਕਾਂ ਨੂੰ ਹੋਵੇਗਾ, ਜੋ ਉੱਥੇ ਨੌਕਰੀ ਲਈ ਜਾਣਾ ਚਾਹੁੰਦੇ ਹਨ। ਨਿਯਮਾਂ ਵਿਚ ਤਬਦੀਲੀ ਦਾ ਮੁੱਖ ਉਦੇਸ਼ ਕਰਮਚਾਰੀਆਂ ਅਤੇ ਰੁਜ਼ਗਾਰਦਾਤਾਵਾਂ ਲਈ ਕੰਮ ਦੇ ਤਜ਼ਰਬੇ ਦੀਆਂ ਸੀਮਾਵਾਂ, ਤਨਖ਼ਾਹ ਦੇ ਸਮਾਯੋਜਨ ਅਤੇ ਵੀਜ਼ਾ ਦੀ ਸਮਾਂ ਸੀਮਾ ਵਿਚ ਸਮਾਯੋਜਨ ਦੇ ਨਾਲ ਇਮੀਗ੍ਰੇਸ਼ਨ ਪ੍ਰਕਿਰਿਆ ਨੂੰ ਆਸਾਨ ਬਣਾਉਣਾ ਹੈ।

ਦਰਅਸਲ, ਨਿਊਜ਼ੀਲੈਂਡ ਸਰਕਾਰ ਨੇ ਪ੍ਰਵਾਸੀਆਂ ਲਈ ਕੰਮ ਦੇ ਤਜ਼ਰਬੇ ਦੇ ਨਿਯਮਾਂ ਵਿਚ ਬਦਲਾਅ ਕੀਤਾ ਹੈ। ਹੁਣ ਇਸ ਨੂੰ ਤਿੰਨ ਸਾਲ ਤੋਂ ਘਟਾ ਕੇ ਦੋ ਸਾਲ ਕਰ ਦਿੱਤਾ ਗਿਆ ਹੈ। ਮੰਨਿਆ ਜਾ ਰਿਹਾ ਹੈ ਕਿ ਨਿਊਜ਼ੀਲੈਂਡ ਦੇ ਇਸ ਕਦਮ ਨਾਲ ਯੋਗ ਕਾਮਿਆਂ ਨੂੰ ਉੱਥੇ ਆਸਾਨੀ ਨਾਲ ਰੁਜ਼ਗਾਰ ਮਿਲ ਸਕੇਗਾ। ਨਵੇਂ ਨਿਯਮਾਂ ਨਾਲ ਨਿਊਜ਼ੀਲੈਂਡ ਵਿਚ ਨੌਕਰੀ ਦੇ ਮੌਕੇ ਲੱਭ ਰਹੇ ਭਾਰਤੀ ਪ੍ਰਵਾਸੀਆਂ ਨੂੰ ਵੀ ਮਦਦ ਮਿਲਣ ਦੀ ਉਮੀਦ ਹੈ।

ਨਿਊਜ਼ੀਲੈਂਡ ਨੇ ਮੌਸਮੀ ਕਾਮਿਆਂ ਨੂੰ ਦੇਸ਼ ਵਿਚ ਰਹਿਣ ਲਈ ਦੋ ਨਵੇਂ ਵਿਕਲਪ ਵੀ ਦਿੱਤੇ ਹਨ। ਨਿਯਮਾਂ ਦੇ ਅਨੁਸਾਰ, ਤਜ਼ਰਬੇਕਾਰ ਮੌਸਮੀ ਕਾਮਿਆਂ ਲਈ ਤਿੰਨ-ਸਾਲ ਦਾ ਮਲਟੀ-ਐਂਟਰੀ ਵੀਜ਼ਾ ਅਤੇ ਘੱਟ ਹੁਨਰਮੰਦ ਕਾਮਿਆਂ ਲਈ ਸੱਤ ਮਹੀਨਿਆਂ ਦਾ ਸਿੰਗਲ-ਐਂਟਰੀ ਵੀਜ਼ਾ ਦਾ ਵਿਕਲਪ ਹੈ। ਦੱਸਿਆ ਜਾਂਦਾ ਹੈ ਕਿ ਇਹ ਨਿਯਮ ਸੀਜ਼ਨਲ ਵਰਕਰਾਂ

**ਨਵੇਂ ਨਿਯਮਾਂ ਨਾਲ ਭਾਰਤੀ ਪ੍ਰਵਾਸੀਆਂ ਨੂੰ ਵੀ ਮਿਲੇਗੀ ਮਦਦ**




ਦੀ ਮੰਗ ਨੂੰ ਧਿਆਨ ਵਿਚ ਰੱਖ ਕੇ ਬਣਾਏ ਗਏ ਹਨ।

ਇਸ ਦੇ ਨਾਲ ਹੀ, ਨਿਊਜ਼ੀਲੈਂਡ ਸਰਕਾਰ ਦੁਆਰਾ ਮਾਨਤਾ ਪ੍ਰਾਪਤ ਰੁਜ਼ਗਾਰਦਾਤਾ ਵਰਕ ਵੀਜ਼ਾ (ਏ.ਈ.ਡਬਲਯੂ.ਵੀ.) ਅਤੇ ਵਿਸ਼ੇਸ਼ ਉਦੇਸ਼ ਵਰਕ ਵੀਜ਼ਾ (ਐੱਸ.ਪੀ.ਡਬਲਯੂ.ਵੀ.) ਲਈ ਔਸਤ ਤਨਖਾਹ ਦੇ ਮਾਪਦੰਡ ਨੂੰ ਹਟਾ ਦਿੱਤਾ ਗਿਆ ਹੈ। ਨਵੇਂ ਨਿਯਮਾਂ ਵਿਚ ਬਦਲਾਅ ਦੇ ਅਨੁਸਾਰ, ਰੁਜ਼ਗਾਰਦਾਤਾ ਨੌਕਰੀ ਦੇ ਮੌਕੇ ਪੋਸਟ ਕਰ ਸਕਦੇ ਹਨ ਅਤੇ ਉਸ ਕੰਮ ਲਈ ਮਾਰਕੀਟ ਰੇਟ ਦੇ ਅਨੁਸਾਰ ਤਨਖਾਹ ਦੀ ਪੇਸ਼ਕਸ਼ ਕਰ ਸਕਦੇ ਹਨ। ਹੁਣ ਉਨ੍ਹਾਂ ਨੂੰ ਪਹਿਲਾਂ ਤੋਂ ਨਿਰਧਾਰਤ ਤਨਖਾਹ ਦੇ ਮਾਪਦੰਡਾਂ ਨੂੰ ਪੂਰਾ ਕਰਨ ਦੀ ਲੋੜ ਨਹੀਂ ਹੋਵੇਗੀ।

ਜ਼ਿਕਰਯੋਗ ਹੈ ਕਿ ਜੇਕਰ ਕੋਈ ਆਪਣੇ ਬੱਚਿਆਂ ਨੂੰ ਨਿਊਜ਼ੀਲੈਂਡ ਲਿਆਉਣ ਦਾ ਇੱਛਕ ਹੈ, ਤਾਂ ਏ.ਈ.ਡਬਲਯੂ.ਵੀ. ਧਾਰਕਾਂ ਨੂੰ ਹੁਣ ਘੱਟੋ-ਘੱਟ 55,844 ਨਿਊਜ਼ੀਲੈਂਡ ਡਾਲਰ ਪ੍ਰਤੀ ਸਾਲ ਕਮਾਉਣੇ ਪੈਣਗੇ। ਇਸ ਦਾ ਮੁੱਖ ਉਦੇਸ਼ ਇਹ ਹੈ ਕਿ ਪ੍ਰਵਾਸੀ ਪਰਿਵਾਰ ਨਿਊਜ਼ੀਲੈਂਡ ਵਿਚ ਆਸਾਨੀ ਨਾਲ ਆਪਣੇ ਆਪ ਨੂੰ ਆਰਥਿਕ ਤੌਰ 'ਤੇ ਮਜ਼ਬੂਤ ਰੱਖ ਸਕਣ। ਇਹ ਘੱਟੋ-ਘੱਟ ਸੀਮਾ ਸਾਲ 2019 ਤੋਂ ਨਹੀਂ ਬਦਲੀ ਗਈ ਸੀ।

ਇਹ ਵੀ ਦੱਸਣਯੋਗ ਹੈ ਕਿ ਨਿਊਜ਼ੀਲੈਂਡ ਨੇ ਆਸਟ੍ਰੇਲੀਆ ਅਤੇ ਨਿਊਜ਼ੀਲੈਂਡ ਦੇ ਮਿਆਰੀ ਵਰਗੀਕਰਣ ਕਿੱਤਿਆਂ ਵਿਚ ਹੁਨਰ ਪੱਧਰ 4 ਜਾਂ 5 ਤੋਂ ਹੇਠਾਂ ਆਉਣ ਵਾਲੀਆਂ ਨੌਕਰੀਆਂ ਲਈ ਦੋ ਸਾਲ ਦੇ ਵੀਜ਼ੇ ਦੀ ਮਿਆਦ ਤਿੰਨ ਸਾਲ ਤੱਕ ਵਧਾ ਦਿੱਤੀ ਹੈ। ਮੌਜੂਦਾ ਨਿਯਮਾਂ ਦੇ ਅਨੁਸਾਰ, ਇਸ ਸਹੂਲਤ ਦੇ ਤਹਿਤ ਸਿਰਫ ਦੋ ਸਾਲਾਂ ਦਾ ਵੀਜ਼ਾ ਉਪਲਬਧ ਹੈ, ਹਾਲਾਂਕਿ, ਇਨ੍ਹਾਂ ਨੌਕਰੀਆਂ ਵਿਚ ਲੋੜਾਂ ਪੂਰੀਆਂ ਕਰਨ ਵਾਲੇ ਕਰਮਚਾਰੀ ਇੱਕ ਸਾਲ ਦੇ ਵਾਧੇ ਦੀ ਮੰਗ ਕਰ ਸਕਦੇ ਹਨ।

ਵੀਜ਼ਾ ਨਿਯਮਾਂ ਵਿਚ ਬਦਲਾਅ ਦਾ ਸਿੱਧਾ ਫਾਇਦਾ ਉਨ੍ਹਾਂ ਵਿਦਿਆਰਥੀਆਂ ਨੂੰ ਹੋਵੇਗਾ, ਜੋ ਨਿਊਜ਼ੀਲੈਂਡ ਵਿਚ ਉੱਚ ਸਿੱਖਿਆ ਹਾਸਲ ਕਰਨਾ ਚਾਹੁੰਦੇ ਹਨ। ਨਿਊਜ਼ੀਲੈਂਡ ਨੇ ਪੋਸਟ ਸਟੱਡੀ ਵਰਕ ਵੀਜ਼ਾ (ਪੀ.ਐੱਸ.ਡਬਲਯੂ.ਵੀ.) ਨੂੰ ਵੀ ਸੋਧਿਆ ਹੈ। ਇਸ ਦਾ ਸਿੱਧਾ ਫਾਇਦਾ ਵਿਦਿਆਰਥੀਆਂ ਨੂੰ ਹੋਵੇਗਾ। ਇਸ ਤਹਿਤ ਵਿਦਿਆਰਥੀਆਂ ਨੂੰ ਉਨ੍ਹਾਂ ਦੀ ਯੋਗਤਾ ਦੇ ਆਧਾਰ 'ਤੇ ਤਿੰਨ ਸਾਲ ਤੱਕ ਦੇਸ਼ 'ਚ ਰਹਿਣ ਅਤੇ ਕੰਮ ਕਰਨ ਦੀ ਇਜਾਜ਼ਤ ਦਿੱਤੀ ਜਾਵੇਗੀ। ਨਿਊਜ਼ੀਲੈਂਡ ਦੇ ਨਵੇਂ ਵੀਜ਼ਾ ਨਿਯਮ ਇਹ ਯਕੀਨੀ ਬਣਾਉਣਗੇ ਕਿ ਪੋਸਟ ਗ੍ਰੈਜੂਏਟ ਡਿਪਲੋਮਾ ਤੋਂ ਬਾਅਦ ਮਾਸਟਰ ਡਿਗਰੀ ਪੂਰੀ ਕਰਨ ਵਾਲੇ ਵਿਦਿਆਰਥੀ ਪੋਸਟ ਸਟੱਡੀ ਵਰਕ ਵੀਜ਼ਾ ਲਈ ਯੋਗਤਾ ਨਹੀਂ ਗੁਆਉਂਦੇ।

# ਕਿੰਗ ਚਾਰਲਸ ਦੇ ਸਨਮਾਨਾਂ ਦੀ ਸੂਚੀ 'ਚ ਭਾਰਤੀ ਮੂਲ ਦੇ ਨੇਤਾ

**ਲੰਡਨ, (ਪੰਜਾਬ ਮੇਲ)-** ਕਿੰਗ ਚਾਰਲਸ ਦੀ 2025 ਨਵੀਂ ਸਾਲ ਦੀ ਸਨਮਾਨ ਸੂਚੀ ਵਿਚ 30 ਤੋਂ ਵੱਧ ਭਾਰਤੀ ਮੂਲ ਦੇ ਪੇਸ਼ੇਵਰਾਂ ਨੂੰ ਮਾਨਤਾ ਦਿੱਤੀ ਜਾਵੇਗੀ, ਜਿਸਦਾ ਉਦਘਾਟਨ 27 ਦਸੰਬਰ, 2024 ਨੂੰ ਲੰਡਨ ਵਿਚ ਕੀਤਾ ਗਿਆ ਸੀ। ਇਹ ਵੱਕਾਰੀ ਸਾਲਾਨਾ ਸੂਚੀ ਉਨ੍ਹਾਂ ਵਿਅਕਤੀਆਂ ਦਾ ਜਸ਼ਨ ਮਨਾਉਂਦੀ ਹੈ, ਜਿਨ੍ਹਾਂ ਨੇ ਜਨਤਕ ਸੇਵਾ, ਸਿਹਤ ਸੰਭਾਲ ਅਤੇ ਸਿੱਖਿਆ ਸਮੇਤ ਵੱਖ-ਵੱਖ ਖੇਤਰਾਂ ਵਿਚ ਅਸਾਧਾਰਨ ਯੋਗਦਾਨ ਪਾਇਆ ਹੈ।

ਕੰਜ਼ਰਵੇਟਿਵ ਸੰਸਦ ਮੈਂਬਰ ਰਾਨਿਲ ਮੈਲਕਮ ਜੈਵਰਧਨਾ, ਜਿਨ੍ਹਾਂ ਕੋਲ ਸ਼੍ਰੀਲੰਕਾ ਅਤੇ ਭਾਰਤੀ ਵਿਰਾਸਤ ਹੈ, ਨੂੰ ਉਨ੍ਹਾਂ ਦੀ ਸ਼ਾਨਦਾਰ ਰਾਜਨੀਤਿਕ ਅਤੇ ਜਨਤਕ ਸੇਵਾ ਲਈ ਨਾਈਟਹੁੱਡ ਨਾਲ ਸਨਮਾਨਿਤ ਕੀਤਾ ਜਾਵੇਗਾ। ਉਹ ਇਹ ਸਨਮਾਨ ਇੰਗਲੈਂਡ ਦੀ ਪੁਰਸ਼ ਫੁੱਟਬਾਲ ਟੀਮ ਦੇ ਹਾਲ ਹੀ ਵਿਚ ਅਸਤੀਫਾ ਦੇਣ ਵਾਲੇ ਮੈਨੇਜਰ ਗੈਰੇਥ ਸਾਊਥਗੇਟ ਨਾਲ ਸਾਂਝਾ ਕਰਦੇ ਹਨ, ਜਿਨ੍ਹਾਂ ਨੂੰ ਖੇਡ ਵਿਚ ਉਨ੍ਹਾਂ ਦੇ ਯੋਗਦਾਨ ਲਈ ਮਾਨਤਾ ਦਿੱਤੀ ਜਾ ਰਹੀ ਹੈ।

ਸੂਚੀ ਵਿਚ 1,200 ਤੋਂ ਵੱਧ ਪ੍ਰਾਪਤਕਰਤਾ ਸ਼ਾਮਲ ਹਨ, ਜਿਨ੍ਹਾਂ ਵਿਚ ਖੇਡ, ਸਿਹਤ ਸੰਭਾਲ, ਅਕਾਦਮਿਕ ਅਤੇ ਸਵੈ-ਇੱਛਤ ਸੇਵਾ ਦੇ ਖੇਤਰਾਂ ਦੇ ਬਹੁਤ ਸਾਰੇ ਰੋਲ ਮਾਡਲ ਹਨ। ਪ੍ਰਧਾਨ ਮੰਤਰੀ ਕੀਰ ਸਟਾਰਮਰ



**ਸੂਚੀ ਵਿਚ 1,200 ਤੋਂ ਵੱਧ ਖੇਡ, ਸਿਹਤ ਸੰਭਾਲ, ਅਕਾਦਮਿਕ ਅਤੇ ਸਵੈ-ਇੱਛਤ ਸੇਵਾ ਦੇ ਖੇਤਰਾਂ ਦੇ ਕਈ ਰੋਲ ਮਾਡਲ ਸ਼ਾਮਲ**

ਨੇ ਸਨਮਾਨਿਤ ਵਿਅਕਤੀਆਂ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ, "ਹਰ ਰੋਜ਼, ਆਮ ਲੋਕ ਬਾਹਰ ਜਾਂਦੇ ਹਨ ਅਤੇ ਆਪਣੇ ਭਾਈਚਾਰਿਆਂ ਲਈ ਅਸਾਧਾਰਨ ਕੰਮ ਕਰਦੇ ਹਨ। ਉਹ ਯੂ.ਕੇ. ਦੇ ਸਭ ਤੋਂ ਵਧੀਆ ਅਤੇ ਸੇਵਾ ਦੇ ਉਸ ਮੂਲ ਮੁੱਲ ਨੂੰ ਦਰਸਾਉਂਦੇ ਹਨ, ਜਿਸਨੂੰ ਮੈਂ ਇਸ ਸਰਕਾਰ ਦੇ ਹਰ ਕੰਮ ਦੇ ਕੇਂਦਰ ਵਿਚ ਰੱਖਦਾ ਹਾਂ।"

ਕਮਾਂਡਰ ਆਫ਼ ਦ ਆਰਡਰ ਆਫ਼ ਦ ਬ੍ਰਿਟਿਸ਼ ਐਂਪਾਇਰ (ਸੀ.ਬੀ.ਈ.) ਦੇ ਖਿਤਾਬ ਨਾਲ ਸਨਮਾਨਿਤ ਕੀਤੇ ਜਾਣ ਵਾਲਿਆਂ ਵਿਚ ਸਤਵੰਤ ਕੌਰ ਦਿਓਲ ਨੂੰ ਸਿੱਖਿਆ ਲਈ ਉਨ੍ਹਾਂ ਦੀਆਂ ਸੇਵਾਵਾਂ ਲਈ, ਚਾਰਲਸ ਪ੍ਰੀਤਮ ਸਿੰਘ ਧਨੋਵਾ ਨੂੰ ਮੁਕਾਬਲੇਬਾਜ਼ੀ ਕਾਨੂੰਨ ਵਿੱਚ ਯੋਗਦਾਨ ਲਈ ਓ.ਬੀ.ਈ., ਅਤੇ ਪ੍ਰੋਫੈਸਰ ਸਨੇਹ ਖੇਮਕਾ ਨੂੰ ਸਿਹਤ ਸੰਭਾਲ ਅਤੇ ਨਵੀਨਤਾ ਵਿਚ ਉਨ੍ਹਾਂ ਦੇ ਕੰਮ ਲਈ ਸ਼ਾਮਲ ਹਨ।

ਚੈਨਲ ਦੀ ਗਲੋਬਲ ਸੀ.ਈ.ਓ. ਲੀਨਾ ਨਾਇਰ ਨੂੰ ਪ੍ਰਚੂਨ ਅਤੇ ਖਪਤਕਾਰ ਖੇਤਰਾਂ 'ਤੇ ਉਨ੍ਹਾਂ ਦੇ ਮਹੱਤਵਪੂਰਨ ਪ੍ਰਭਾਵ ਲਈ ਸੀ.ਬੀ.ਈ. ਪ੍ਰਾਪਤ ਹੋਵੇਗਾ। ਹੋਰ ਮਹੱਤਵਪੂਰਨ ਸੀ.ਬੀ.ਈ. ਪ੍ਰਾਪਤਕਰਤਾਵਾਂ ਵਿੱਚ ਕ੍ਰਮਵਾਰ ਬ੍ਰਿਟਿਸ਼ ਕੰਪਿਊਟਿੰਗ ਸੋਸਾਇਟੀ ਦੇ ਪ੍ਰਧਾਨ ਮਯੰਕ ਪ੍ਰਕਾਸ਼ ਅਤੇ ਨੈਸ਼ਨਲ ਡੇ ਨਰਸਰੀ ਐਸੋਸੀਏਸ਼ਨ ਦੇ ਸੀ.ਈ.ਓ. ਪੂਰਨਿਮਾ ਮੂਰਤੀ ਤਨੂਕੂ ਸੀ.ਬੀ.ਈ. ਸ਼ਾਮਲ ਹਨ।

ਇਸ ਸੂਚੀ ਵਿਚ ਆਰਡਰ ਆਫ਼ ਦ ਬ੍ਰਿਟਿਸ਼ ਐਂਪਾਇਰ (ਸੀ.ਬੀ.ਈ.ਐੱਸ.) ਦੇ ਅਧਿਕਾਰੀ ਵੀ ਸ਼ਾਮਲ ਹਨ, ਜਿਵੇਂ ਕਿ ਕਾਰਡੀਓਲੋਜਿਸਟ ਪ੍ਰੋਫੈਸਰ ਸੰਜੇ ਆਰੀਆ, ਜਿਨ੍ਹਾਂ ਨੂੰ ਉਨ੍ਹਾਂ ਦੀਆਂ ਸਿਹਤ ਸੇਵਾਵਾਂ ਲਈ ਮਾਨਤਾ ਪ੍ਰਾਪਤ ਹੈ, ਅਤੇ ਆਕਸਫੋਰਡ ਯੂਨੀਵਰਸਿਟੀ ਵਿਚ ਅਰਲੀ ਮਾਡਰਨ ਲਿਟਰੇਚਰ ਐਂਡ ਕਲਚਰ ਵਿਚ ਉਨ੍ਹਾਂ ਦੀ ਖੋਜ ਲਈ ਸਨਮਾਨਿਤ ਪ੍ਰੋਫੈਸਰ ਨੰਦਿਨੀ ਦਾਸ। ਆਈਸਲੈਂਡ ਫੂਡਜ਼ ਦੇ ਸੀ.ਈ.ਓ. ਤਰਸੇਮ ਸਿੰਘ ਧਾਲੀਵਾਲ ਦੁਆਰਾ ਪ੍ਰਚੂਨ ਅਤੇ ਚੈਰੀਟੇਬਲ ਯੋਗਦਾਨਾਂ ਨੂੰ ਵੀ ਓ.ਬੀ.ਈ. ਨਾਲ ਸਨਮਾਨਿਤ ਕੀਤਾ ਗਿਆ।

# ਸ਼ੇਖ ਹਸੀਨਾ ਦੀ ਹਵਾਲਗੀ 'ਤੇ ਬੰਗਲਾਦੇਸ਼ ਨੂੰ ਭਾਰਤ ਨਹੀਂ ਦੇਵੇਗਾ ਜਵਾਬ!

**ਨਵੀਂ ਦਿੱਲੀ, (ਪੰਜਾਬ ਮੇਲ)-** ਬੰਗਲਾਦੇਸ਼ ਨੂੰ ਭਾਰਤ ਤੋਂ ਝਟਕਾ ਲੱਗ ਸਕਦਾ ਹੈ ਕਿਉਂਕਿ ਸ਼ੇਖ ਹਸੀਨਾ ਦੀ ਹਵਾਲਗੀ 'ਤੇ ਭਾਰਤ ਜਵਾਬ ਨਹੀਂ ਦੇਵੇਗਾ। ਦੱਸ ਦੇਈਏ ਕਿ ਬੰਗਲਾਦੇਸ਼ ਵਾਰ-ਵਾਰ ਸ਼ੇਖ ਹਸੀਨਾ ਦੀ ਹਵਾਲਗੀ ਦੀ ਮੰਗ ਕਰ ਰਿਹਾ ਹੈ। ਹੁਣ ਸਵਾਲ ਇਹ ਹੈ ਕਿ ਕੀ ਭਾਰਤ ਸ਼ੇਖ ਹਸੀਨਾ ਨੂੰ ਸੌਂਪ ਦੇਵੇਗਾ? ਕੀ ਬੰਗਲਾਦੇਸ਼ ਦੀ ਗੱਲ ਭਾਰਤ ਮੰਨੇ ਲਵੇਗਾ? ਜਾਂ ਉਹ ਉਸਦੀ ਮੰਗ ਨੂੰ ਪੂਰੀ ਤਰ੍ਹਾਂ ਖਾਰਿਜ ਕਰ ਦੇਵੇਗਾ। ਮੰਨਿਆ ਜਾ ਰਿਹਾ ਹੈ ਕਿ ਬੰਗਲਾਦੇਸ਼ ਨੂੰ ਭਾਰਤ ਤੋਂ ਝਟਕਾ ਲੱਗ ਸਕਦਾ ਹੈ।



ਬੰਗਲਾਦੇਸ਼ ਦੀ ਸਾਬਕਾ ਪ੍ਰਧਾਨ ਮੰਤਰੀ ਸ਼ੇਖ ਹਸੀਨਾ ਦੀ ਹਵਾਲਗੀ ਵਾਲੀ ਬੇਨਤੀ 'ਤੇ ਭਾਰਤ ਕੋਈ ਐਕਸ਼ਨ ਲੈਣ ਦੇ ਮੂਡ 'ਚ ਨਹੀਂ ਹੈ। ਰਿਪੋਰਟ ਮੁਤਾਬਕ ਹਸੀਨਾ ਦੀ ਹਵਾਲਗੀ ਦੀ ਬੰਗਲਾਦੇਸ਼ ਦੀ ਬੇਨਤੀ ਦਾ ਭਾਰਤ ਕਿਸੇ ਤਰ੍ਹਾਂ ਦਾ ਜਵਾਬ ਦੇਣ ਦੇ ਮੂਡ 'ਚ ਨਹੀਂ ਹੈ। ਬੰਗਲਾਦੇਸ਼ ਨੇ ਇਸ ਤਰ੍ਹਾਂ ਦੇ ਮੁੱਦੇ ਨੂੰ ਅੱਗੇ ਵਧਾਉਣ ਲਈ ਲੋੜੀਂਦੀਆਂ ਰਸਮਾਂ ਪੂਰੀਆਂ ਨਹੀਂ ਕੀਤੀਆਂ ਹਨ। ਸ਼ੇਖ ਹਸੀਨਾ ਦੀ ਹਵਾਲਗੀ ਦੀ ਬੇਨਤੀ 23 ਦਸੰਬਰ ਨੂੰ ਨਵੀਂ ਦਿੱਲੀ ਸਥਿਤ ਬੰਗਲਾਦੇਸ਼ ਹਾਈ ਕਮਿਸ਼ਨ ਵੱਲੋਂ ਵਿਦੇਸ਼ ਮੰਤਰਾਲਾ ਨੂੰ ਇਕ ਨੋਟ ਜ਼ੁਬਾਨੀ ਕੀਤੀ ਗਈ ਸੀ। ਸ਼ੇਖ ਹਸੀਨਾ 5 ਅਗਸਤ ਤੋਂ ਭਾਰਤ 'ਚ ਸ਼ਰਨ ਲੈ ਕੇ ਰਹਿ ਰਹੀ ਹੈ। ਦੇਸ਼ ਛੱਡਣ ਤੋਂ ਬਾਅਦ ਮੁਹੰਮਦ ਯੂਨਸ ਬੰਗਲਾਦੇਸ਼ 'ਚ ਸਰਕਾਰ ਚਲਾ ਰਹੇ ਹਨ।

# ਯਮਨ 'ਚ ਨਿਮਿਸ਼ਾ ਨੂੰ ਮੌਤ ਦੀ ਸਜ਼ਾ: ਭਾਰਤ ਸਰਕਾਰ ਨੇ ਹਰ ਸੰਭਵ ਮਦਦ ਦਾ ਭਰੋਸਾ ਦਿੱਤਾ

**ਨਵੀਂ ਦਿੱਲੀ, (ਪੰਜਾਬ ਮੇਲ)-** ਨਿਮਿਸ਼ਾ ਪ੍ਰਿਆ ਨੂੰ ਯਮਨ ਦੇ ਨੌਜਵਾਨ ਦੀ ਹੱਤਿਆ ਦੇ ਮਾਮਲੇ 'ਚ ਮੌਤ ਦੀ ਸਜ਼ਾ ਸੁਣਾਈ ਗਈ ਹੈ। ਯਮਨ ਦੇ ਰਾਸ਼ਟਰਪਤੀ ਰਸ਼ਦ ਅਲ-ਅਲੀਮੀ ਨੇ ਸਜ਼ਾ ਨੂੰ ਮਨਜ਼ੂਰੀ ਦੇ ਦਿੱਤੀ ਹੈ। ਹੁਣ ਨਿਮਿਸ਼ਾ ਨੂੰ ਇੱਕ ਮਹੀਨੇ ਵਿਚ ਫਾਂਸੀ ਦਿੱਤੀ ਜਾਣੀ ਹੈ। ਉਦੋਂ ਤੋਂ ਭਾਰਤ ਸਰਕਾਰ ਨੇ ਵੀ ਨਿਮਿਸ਼ਾ ਦੀ ਸਜ਼ਾ ਮੁਆਫ਼ ਕਰਵਾਉਣ ਲਈ ਯਤਨ ਤੇਜ਼ ਕਰ ਦਿੱਤੇ ਹਨ।

ਯਮਨ ਵਿਚ ਭਾਰਤੀ ਨਰਸ ਨਿਮਿਸ਼ਾ ਪ੍ਰਿਆ ਨੂੰ ਦਿੱਤੀ ਮੌਤ ਦੀ ਸਜ਼ਾ ਦੇ ਮਾਮਲੇ ਵਿਚ ਭਾਰਤ ਸਰਕਾਰ ਨੇ ਇੱਕ ਵਾਰ ਫਿਰ ਮਦਦ ਦਾ ਭਰੋਸਾ ਦਿੱਤਾ ਹੈ। ਭਾਰਤ ਦੇ ਵਿਦੇਸ਼ ਮੰਤਰਾਲੇ ਵੱਲੋਂ ਐਕਸ 'ਤੇ ਕੀਤੀ ਗਈ ਪੋਸਟ 'ਚ ਕਿਹਾ ਗਿਆ ਹੈ ਕਿ ਸਰਕਾਰ ਇਸ ਮਾਮਲੇ 'ਚ ਹਰ ਸੰਭਵ ਸਹਾਇਤਾ ਪ੍ਰਦਾਨ ਕਰ ਰਹੀ ਹੈ। ਜ਼ਿਕਰਯੋਗ ਹੈ ਕਿ ਭਾਰਤੀ ਨਰਸ ਨਿਮਿਸ਼ਾ ਪ੍ਰਿਆ ਨੂੰ ਯਮਨ ਦੇ ਨੌਜਵਾਨ ਦੀ ਹੱਤਿਆ ਦੇ ਮਾਮਲੇ 'ਚ ਮੌਤ ਦੀ ਸਜ਼ਾ ਸੁਣਾਈ ਗਈ ਹੈ। ਯਮਨ ਦੇ ਰਾਸ਼ਟਰਪਤੀ ਰਸ਼ਦ ਅਲ-ਅਲੀਮੀ ਨੇ ਸਜ਼ਾ ਨੂੰ ਮਨਜ਼ੂਰੀ ਦੇ ਦਿੱਤੀ ਹੈ। ਹੁਣ ਨਿਮਿਸ਼ਾ ਨੂੰ ਇੱਕ ਮਹੀਨੇ ਵਿਚ ਫਾਂਸੀ ਦਿੱਤੀ ਜਾਣੀ ਹੈ। ਉਦੋਂ ਤੋਂ ਭਾਰਤ ਸਰਕਾਰ ਨੇ ਵੀ ਨਿਮਿਸ਼ਾ ਦੀ ਸਜ਼ਾ ਮੁਆਫ਼ ਕਰਵਾਉਣ ਲਈ ਯਤਨ ਤੇਜ਼ ਕਰ ਦਿੱਤੇ ਹਨ। ਕਿਹਾ ਜਾ ਰਿਹਾ ਹੈ ਕਿ ਭਾਰਤ ਸਰਕਾਰ ਇਸ ਮਾਮਲੇ 'ਚ ਯਮਨ ਸਰਕਾਰ ਨਾਲ ਗੱਲ ਕਰ ਸਕਦੀ ਹੈ।

ਕੇਰਲ ਦੇ ਪਲੱਕੜ ਜ਼ਿਲ੍ਹੇ ਦੇ ਕੋਲੇਨਗੋਡ ਦੀ ਰਹਿਣ ਵਾਲੀ ਨਰਸ ਨਿਮਿਸ਼ਾ ਪ੍ਰਿਆ 2008 ਵਿਚ ਆਪਣੇ ਮਾਤਾ-ਪਿਤਾ ਦੀ ਮਦਦ ਨਾਲ ਯਮਨ ਗਈ ਸੀ। ਉੱਥੇ ਉਸਨੇ ਕਈ ਹਸਪਤਾਲਾਂ ਵਿਚ ਕੰਮ ਕੀਤਾ। ਸਾਲ 2011 ਵਿਚ, ਉਹ ਭਾਰਤ ਵਾਪਸ ਆਈ ਅਤੇ ਕੇਰਲ ਦੇ ਟਾਮੀ ਥਾਮਸ ਨਾਲ ਵਿਆਹ ਕੀਤਾ। ਵਿਆਹ ਤੋਂ ਬਾਅਦ ਪਤੀ-ਪਤਨੀ ਯਮਨ ਵਾਪਸ ਆ ਗਏ। ਨਿਮਿਸ਼ਾ ਨੇ ਯਮਨ ਵਿਚ ਫਿਰ ਤੋਂ ਨਰਸਿੰਗ ਦਾ ਕੰਮ ਸ਼ੁਰੂ ਕੀਤਾ ਅਤੇ ਇੱਕ ਬੇਟੀ ਨੂੰ ਵੀ ਜਨਮ ਦਿੱਤਾ।

ਭਾਰਤ ਦੇ ਵਿਦੇਸ਼ ਮੰਤਰਾਲੇ ਨੇ ਨਿਮਿਸ਼ਾ ਦੀ ਮਦਦ ਦਾ ਭਰੋਸਾ ਦਿੱਤਾ ਹੈ। ਵਿਦੇਸ਼ ਮੰਤਰਾਲੇ ਨੇ ਕਿਹਾ ਕਿ ਉਹ ਨਰਸ ਪ੍ਰਿਆ ਨੂੰ ਪੂਰੀ ਸਹਾਇਤਾ ਪ੍ਰਦਾਨ ਕਰੇਗਾ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ ਕਿ ਅਸੀਂ ਨਿਮਿਸ਼ਾ ਪ੍ਰਿਆ ਦੇ ਮਾਮਲੇ ਤੋਂ ਜਾਣੂ ਹਾਂ। ਪ੍ਰਿਆ ਦਾ ਪਰਿਵਾਰ ਕਈ ਵਿਕਲਪਾਂ 'ਤੇ ਵਿਚਾਰ ਕਰ ਰਿਹਾ ਹੈ। ਸਰਕਾਰ ਇਸ ਮਾਮਲੇ ਵਿਚ ਹਰ ਸੰਭਵ ਮਦਦ ਕਰ ਰਹੀ ਹੈ। ਅਸੀਂ ਹਰ ਤਰ੍ਹਾਂ ਦੀ ਕਾਨੂੰਨੀ ਮਦਦ ਪ੍ਰਦਾਨ ਕਰਾਂਗੇ।

## ਇਸ ਤਰ੍ਹਾਂ ਹੋ ਸਕਦੀ ਹੈ ਮਾਫ਼ੀ!

ਯਮਨ ਦੇ ਕਾਨੂੰਨ ਅਨੁਸਾਰ, ਪ੍ਰਿਆ ਲਈ ਮੌਤ ਦੀ ਸਜ਼ਾ ਤੋਂ ਬਚਣ ਦਾ ਇੱਕੋ-ਇੱਕ ਰਸਤਾ ਮ੍ਰਿਤਕ ਦੇ ਪਰਿਵਾਰ ਨੂੰ 'ਬਲੱਡ ਮਨੀ' ਦੇ ਕੇ ਮਾਫ਼ੀ ਪ੍ਰਾਪਤ ਕਰਨਾ ਹੈ। ਇਸ ਦੇ ਲਈ ਪ੍ਰਿਆ ਦੀ ਮਾਂ ਯਮਨ 'ਚ ਹੈ। ਪ੍ਰਿਆ ਨੂੰ ਬਚਾਉਣ ਲਈ ਸੇਵ ਨਿਮਿਸ਼ਾ ਪ੍ਰਿਆ ਐਕਸ਼ਨ ਕੌਂਸਲ ਦਾ ਗਠਨ ਕੀਤਾ ਗਿਆ ਹੈ। ਕੌਂਸਲ ਮੁਤਾਬਕ ਨਿਮਿਸ਼ਾ ਦੀ ਰਿਹਾਈ ਸਬੰਧੀ ਗੱਲਬਾਤ ਸ਼ੁਰੂ ਕਰਨ ਲਈ ਪਹਿਲਾਂ 40 ਹਜ਼ਾਰ ਡਾਲਰ ਦਿੱਤੇ ਜਾਣੇ ਸਨ। ਇਹ ਰਕਮ ਵਿਦੇਸ਼ ਮੰਤਰਾਲੇ ਰਾਹੀਂ ਯਮਨ ਸਥਿਤ ਭਾਰਤੀ ਦੂਤਾਵਾਸ ਨੂੰ ਦਿੱਤੀ ਜਾਵੇਗੀ।

ਵਕਤ ਬਦਲ ਚੁੱਕਾ ਹੈ, ਵਕਤ ਦੇ ਨਾਲ ਬਦਲ ਚੁੱਕੇ ਨੇ Entertainment ਦੇ ਸਾਧਨ ਵੀ

e-Baba Entertainment App ਨੂੰ Download ਕਰੋ।




ਹੁਣ ਕਿਸੇ ਵੀ Company ਦੇ ਬਣੇ Android TV 'ਚ eBaba App ਡਾਊਨਲੋਡ ਕਰੋ ਜਾਂ ਸਮਾਰਟ TV ਦੀ HDMI Port 'ਚ Google TV Dongle ਲਾਵੋ ਤੇ eBaba ਡਾਊਨਲੋਡ ਕਰਕੇ ਰਿਮੋਟ ਦੀ ਵਰਤੋਂ ਰਾਹੀਂ, ਵੱਡੀ TV Screen ਉਤੇ ਬਹੁਤ ਸਾਰੇ English, Punjabi, Hindi ਅਤੇ Urdu ਦੇ TV Channel ਫ੍ਰੀ 'ਚ ਵੇਖੋ ਅਤੇ ਰੇਡੀਓ 'ਚ ਸੁਣੋ, also eBaba Entertainment App available for your ਸਮਾਰਟ phone on app store and Play store.




Cast Dongle ਦੀ ਮਦਦ ਨਾਲ ਆਪਣੀ ਪਸੰਦੀਦਾ TV Channel ਜਾਂ Movies ਆਪਣੇ TV 'ਤੇ ਵੀ ਦੇਖ ਸਕਦੇ ਹੋ ਅਤੇ Drive ਕਰਦੇ ਵੇਲੇ Bluetooth ਨਾਲ ਰੇਡਿਓ ਵੀ ਸੁਣ ਸਕਦੇ ਹੋ।




ਇਸ ਲਈ ਜਲਦੀ ਤੋਂ ਜਲਦੀ ਇਹ App Download ਕਰੋ ਅਤੇ ਆਪਣੇ ਦੋਸਤਾਂ ਨਾਲ ਵੀ ਇਹ ਜਾਣਕਾਰੀ Share ਕਰੋ।

# PUNJAB MAIL USA

## TV Channel, Newspaper, Radio

**All over America, Canada, Australia & Europe**

## 24 Hours 7 Days



**Gold # 2867, Gem # 375, TV Zon # 6888,**
**Glow TV # 1828, Tashan # 131, Real TV etc.**

For any Information & Advertisement Call at

## +1-916-320-9444

E-mail: punjabmailtv@gmail.com

Iphone/Andriod App : Punjab Mail USA

Web: punjabmailusa.com

Facebook Page : Punjab Mail USA

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਦਿਹਾੜੇ ਸਬੰਧੀ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਜਾਇਆ ਨਗਰ ਕੀਰਤਨ





ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਮੌਕੇ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਸਜਾਏ ਗਏ ਨਗਰ ਕੀਰਤਨ ਦਾ ਦ੍ਰਿਸ਼।

ਚੰਡੀਗੜ੍ਹ, (ਪੰਜਾਬ ਮੇਲ)- ਦਸਵੇਂ ਪਾਤਸ਼ਾਹ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਗੁਰਪੁਰਬ ਦੇ ਸਬੰਧ ਵਿਚ ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਨਗਰ ਕੀਰਤਨ ਸਜਾਇਆ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ ਅਤੇ ਪੰਜ ਪਿਆਰਿਆਂ ਦੀ ਅਗਵਾਈ 'ਚ ਸਜਾਏ ਗਏ ਨਗਰ ਕੀਰਤਨ ਦੀ ਆਰੰਭਤਾ ਮੌਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਮੁੱਖ ਗ੍ਰੰਥੀ ਅਤੇ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਪਾਵਨ ਸਰੂਪ ਪਾਲਕੀ ਸਾਹਿਬ ਵਿਚ ਸੁਸ਼ੋਭਿਤ ਕੀਤਾ।

ਇਸ ਮੌਕੇ ਗੱਤਕਾ ਅਤੇ ਬੈਂਡ ਪਾਰਟੀਆਂ ਨੇ ਹਾਜ਼ਰੀ ਭਰੀ ਅਤੇ ਸ਼ਬਦੀ ਜਥਿਆਂ ਨੇ ਗੁਰੂ ਸਾਹਿਬ ਜੀ ਦੀ ਉਸਤਤ ਵਿਚ ਗੁਰੂ ਜਸ ਗਾਇਨ ਕੀਤਾ। ਇਸ ਮੌਕੇ ਮੌਜੂਦ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਰਘਬੀਰ ਸਿੰਘ ਨੇ ਦਸਮ ਪਾਤਸ਼ਾਹ ਜੀ ਦੇ ਪਾਵਨ ਪ੍ਰਕਾਸ਼ ਗੁਰਪੁਰਬ ਦੀ ਸੰਗਤ ਨੂੰ ਵਧਾਈ ਦਿੰਦਿਆਂ ਕਿਹਾ ਕਿ ਦੁਨੀਆਂ ਦੇ ਧਾਰਮਿਕ ਇਤਿਹਾਸ ਅੰਦਰ ਸ੍ਰੀ ਗੁਰੂ ਗੋਬਿੰਦ ਸਿੰਘ ਦਾ ਜੀਵਨ ਲਾਸਾਨੀ ਅਤੇ ਪ੍ਰੇਰਣਾਦਾਇਕ ਹੈ। ਉਨ੍ਹਾਂ ਸੰਗਤ ਨੂੰ ਗੁਰੂ ਸਾਹਿਬ ਵੱਲੋਂ ਬਖ਼ਸ਼ੇ ਖੰਡੇ ਬਾਟੇ ਦਾ ਅੰਮ੍ਰਿਤਪਾਨ ਕਰਕੇ ਬਾਣੀ ਅਤੇ ਬਾਣੇ ਨਾਲ ਜੁੜਨ ਦੀ ਪ੍ਰੇਰਣਾ ਕੀਤੀ।

ਸ੍ਰੀ ਅਕਾਲ ਤਖ਼ਤ ਸਾਹਿਬ ਤੋਂ ਆਰੰਭ ਹੋਣ ਮਗਰੋਂ ਨਗਰ ਕੀਰਤਨ ਦਾ ਬਜ਼ਾਰ ਮਾਈ ਸੇਵਾਂ, ਬਜ਼ਾਰ ਕਾਠੀਆਂ, ਬਜ਼ਾਰ ਪਾਪੜਾਂ, ਬਜ਼ਾਰ ਬਾਂਸਾਂ, ਚੌਂਕ ਛੱਤੀ ਖੂਹੀ, ਚਾਵਲ ਮੰਡੀ, ਦਾਲ ਮੰਡੀ, ਢਾਬ ਵਸਤੀ ਰਾਮ, ਜੌੜਾ ਪਿੱਪਲ, ਬਜ਼ਾਰ ਲੁਹਾਰਾ, ਚੌਂਕ ਲਛਮਣਸਰ, ਚੌਂਕ ਬਾਬਾ ਸਾਹਿਬ, ਚੌਂਕ ਪਰਾਗਦਾਸ ਆਦਿ ਥਾਵਾਂ 'ਤੇ ਸੰਗਤ ਵੱਲੋਂ ਭਰਵਾਂ ਸਵਾਗਤ ਕੀਤਾ ਗਿਆ।

## ਟਰੂਡੋ ਦੇ ਅਸਤੀਫ਼ੇ ਮਗਰੋਂ ਟਰੰਪ ਵੱਲੋਂ ਕੈਨੇਡਾ ਨੂੰ '51ਵਾਂ ਰਾਸ਼ਟਰ' ਬਣਾਉਣ ਦੀ ਮੁੜ ਪੇਸ਼ਕਸ਼

ਵਾਸ਼ਿੰਗਟਨ, (ਪੰਜਾਬ ਮੇਲ)- ਕੈਨੇਡੀਅਨ ਪ੍ਰਧਾਨ ਮੰਤਰੀ ਜਸਟਿਨ ਟਰੂਡੋ ਨੇ ਸੋਮਵਾਰ (6 ਜਨਵਰੀ) ਨੂੰ ਆਪਣੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ। ਟਰੂਡੋ ਨੇ ਆਪਣੀ ਲੀਡਰਸ਼ਿਪ ਪ੍ਰਤੀ ਵਧਦੀ ਅਸੰਤੁਸ਼ਟੀ ਦੇ ਮੱਦੇਨਜ਼ਰ ਅਹੁਦੇ ਤੋਂ ਅਸਤੀਫ਼ਾ ਦੇਣ ਦਾ ਐਲਾਨ ਕੀਤਾ। ਕੈਨੇਡਾ ਵਿਚ ਇਸ ਸਾਲ ਚੋਣਾਂ ਹੋਣੀਆਂ ਹਨ। ਟਰੂਡੋ ਨੇ ਕਿਹਾ ਕਿ ਜਦੋਂ ਤੱਕ ਪਾਰਟੀ ਕੋਈ ਨਵਾਂ ਨੇਤਾ ਨਹੀਂ ਚੁਣਦੀ, ਉਦੋਂ ਤੱਕ ਉਹ ਪ੍ਰਧਾਨ ਮੰਤਰੀ ਦੇ ਅਹੁਦੇ 'ਤੇ ਬਣੇ ਰਹਿਣਗੇ। ਟਰੂਡੋ ਦੇ ਅਸਤੀਫੇ ਤੋਂ ਕੁਝ ਘੰਟੇ ਬਾਅਦ ਅਮਰੀਕਾ ਦੇ ਨਵੇਂ ਚੁਣੇ ਗਏ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਦੇ ਪ੍ਰਸਤਾਵ ਨੂੰ ਮੁੜ ਦੁਹਰਾਇਆ।

ਡੋਨਾਲਡ ਟਰੰਪ ਅਤੇ ਟਰੂਡੋ ਦਾ ਰਿਸ਼ਤਾ ਕਦੇ ਵੀ ਚੰਗਾ ਨਹੀਂ ਰਿਹਾ। ਟਰੰਪ ਦੇ ਪਿਛਲੇ ਕਾਰਜਕਾਲ (2017-2021) ਦੌਰਾਨ ਵੀ ਟਰੂਡੋ ਨਾਲ ਉਨ੍ਹਾਂ ਦਾ ਸਬੰਧ ਚੰਗੇ ਨਹੀਂ ਰਹੇ। ਪਿਛਲੇ ਸਾਲ 5 ਨਵੰਬਰ ਨੂੰ ਮਾਰ-ਏ-ਲਾਗੋ ਵਿਖੇ ਆਪਣੀ ਚੋਣ ਜਿੱਤ ਅਤੇ ਟਰੂਡੋ ਨਾਲ ਮੁਲਾਕਾਤ ਤੋਂ ਬਾਅਦ ਟਰੰਪ ਕੈਨੇਡਾ ਨੂੰ ਅਮਰੀਕਾ ਦਾ 51ਵਾਂ ਰਾਜ ਬਣਾਉਣ ਦਾ ਵਿਚਾਰ ਪੇਸ਼ ਕਰ ਰਹੇ ਹਨ। ਟਰੰਪ ਨੇ ਕਈ ਵਾਰ ਆਪਣੀ ਸੋਸ਼ਲ ਮੀਡੀਆ ਪੋਸਟ 'ਚ ਇਸ ਗੱਲ ਦਾ ਜ਼ਿਕਰ ਕੀਤਾ ਹੈ।

ਡੋਨਾਲਡ ਟਰੰਪ ਨੇ ਇੱਕ ਸੋਸ਼ਲ ਮੀਡੀਆ ਪੋਸਟ ਵਿਚ ਕਿਹਾ, "ਕੈਨੇਡਾ ਵਿਚ ਬਹੁਤ ਸਾਰੇ ਲੋਕ ਚਾਹੁੰਦੇ ਹਨ ਕਿ ਦੇਸ਼ ਅਮਰੀਕਾ ਦਾ 51ਵਾਂ ਰਾਜ ਬਣ ਜਾਵੇ। ਅਮਰੀਕਾ ਹੁਣ ਉਸ ਵੱਡੇ ਵਪਾਰਕ ਘਾਟੇ ਅਤੇ ਸਬਸਿਡੀਆਂ ਨੂੰ ਬਰਦਾਸ਼ਤ ਨਹੀਂ ਕਰ ਸਕਦਾ, ਜੋ ਕੈਨੇਡਾ ਨੂੰ ਆਪਣੀ ਆਰਥਿਕਤਾ ਨੂੰ ਚਾਲੂ ਰੱਖਣ ਲਈ ਲੋੜੀਂਦਾ ਹੈ। ਟਰੂਡੋ ਨੂੰ ਇਹ ਗੱਲ ਪਤਾ ਸੀ ਅਤੇ ਉਸ ਨੇ ਅਹੁਦੇ ਤੋਂ ਅਸਤੀਫ਼ਾ ਦੇ ਦਿੱਤਾ।"

ਟਰੂਡੋ ਦੇ ਅਸਤੀਫ਼ੇ ਤੋਂ ਬਾਅਦ ਟਰੰਪ ਨੇ ਕਿਹਾ, "ਜੇਕਰ ਕੈਨੇਡਾ ਅਮਰੀਕਾ 'ਚ ਸ਼ਾਮਲ ਹੋ ਜਾਂਦਾ ਹੈ, ਤਾਂ ਕੋਈ ਟੈਰਿਫ ਨਹੀਂ ਦੇਣਾ ਪਵੇਗਾ, ਟੈਕਸ ਬਹੁਤ ਘੱਟ ਹੋ ਜਾਣਗੇ ਅਤੇ ਦੇਸ਼ ਦੇ ਨਾਗਰਿਕ ਰੂਸੀ ਅਤੇ ਚੀਨੀ ਜਹਾਜ਼ਾਂ ਦੇ ਖਤਰਿਆਂ ਤੋਂ ਪੂਰੀ ਤਰ੍ਹਾਂ ਸੁਰੱਖਿਅਤ ਰਹਿਣਗੇ। ਸਾਡੇ ਨਾਲ ਮਿਲ ਕੇ ਇਹ ਇੱਕ ਮਹਾਨ ਦੇਸ਼ ਬਣ ਸਕਦਾ ਹੈ।" ਟਰੰਪ ਦੇ ਪ੍ਰਸਤਾਵ 'ਤੇ ਕੈਨੇਡਾ ਵੱਲੋਂ ਕੋਈ ਪ੍ਰਤੀਕਿਰਿਆ ਨਹੀਂ ਆਈ ਹੈ।

## ਸਿਖਸ ਫਾਰ ਜਸਟਿਸ 'ਤੇ ਜਾਰੀ ਰਹੇਗੀ ਪਾਬੰਦੀ

■ ਕੇਂਦਰ ਸਰਕਾਰ ਦੇ ਫ਼ੈਸਲੇ 'ਤੇ ਯੂ.ਏ.ਪੀ.ਏ. ਟ੍ਰਿਬਿਊਨਲ ਨੇ ਲਾਈ ਮੁਹਰ

ਨਵੀਂ ਦਿੱਲੀ, (ਪੰਜਾਬ ਮੇਲ)- ਖ਼ਾਲਿਸਤਾਨ ਸਮਰਥਤ ਅੱਤਵਾਦੀ ਗੁਰਪਤਵੰਤ ਸਿੰਘ ਪੰਨੂ ਦੇ ਸੰਗਠਨ ਸਿਖਸ ਫਾਰ ਜਸਟਿਸ 'ਤੇ ਪਾਬੰਦੀ ਜਾਰੀ ਰਹੇਗੀ। ਉਸ 'ਤੇ ਪੰਜ ਸਾਲ ਲਈ ਪਾਬੰਦੀ ਵਧਾਉਣ ਸਬੰਧੀ ਕੇਂਦਰ ਸਰਕਾਰ ਦੇ ਫ਼ੈਸਲੇ 'ਤੇ ਯੂ.ਏ.ਪੀ.ਏ. ਟ੍ਰਿਬਿਊਨਲ ਨੇ ਮੁਹਰ ਲਾ ਦਿੱਤੀ ਹੈ। ਕੇਂਦਰ ਸਰਕਾਰ ਨੇ ਇਸ ਸਬੰਧੀ ਨੋਟੀਫਿਕੇਸ਼ਨ ਜਾਰੀ ਕਰਕੇ ਪੰਜ ਸਾਲ ਲਈ ਇਸ ਨੂੰ ਗ਼ੈਰ-ਕਾਨੂੰਨੀ ਸੰਗਠਨ ਐਲਾਨ ਦਿੱਤਾ ਹੈ। ਟ੍ਰਿਬਿਊਨਲ ਨੇ ਕਿਹਾ ਹੈ ਕਿ ਸਿੱਖਸ ਫਾਰ ਜਸਟਿਸ ਖ਼ਿਲਾਫ਼ ਹਨ ਪੁਖ਼ਤਾ ਸਬੂਤ ਹਨ ਤੇ ਇਸ 'ਤੇ ਪਾਬੰਦੀ ਲਗਾਉਣੀ ਜ਼ਰੂਰੀ ਹੈ। ਐੱਸ.ਐੱਫ.ਜੇ. ਵੱਲੋਂ ਇੰਟਰਨੈੱਟ ਮੀਡੀਆ ਰਾਹੀਂ ਨੌਜਵਾਨਾਂ ਨੂੰ ਲੁਭਾ ਕੇ ਸੰਗਠਨ 'ਚ ਭਰਤੀ ਕਰਨ, ਹਥਿਆਰਾਂ ਤੇ ਧਮਾਕਾਖੇਜ਼ ਸਮੱਗਰੀ ਦੀ ਖ਼ਰੀਦ ਲਈ ਤਸਕਰੀ ਨੈੱਟਵਰਕ ਨਾਲ ਅੱਤਵਾਦ ਨੂੰ ਫੰਡਿੰਗ, ਪ੍ਰਧਾਨ ਮੰਤਰੀ ਤੇ ਗ੍ਰਹਿ ਮੰਤਰੀ ਸਮੇਤ ਰਾਜਨੀਤਿਕ ਹਸਤੀਆਂ ਦੇ ਕਤਲ ਦੀਆਂ ਧਮਕੀਆਂ ਦੇਣ, ਸਿੱਖ ਫ਼ੌਜੀਆਂ ਵਿਚਾਲੇ ਬਗ਼ਾਵਤ ਭੜਕਾਉਣ ਦੀ ਕੋਸ਼ਿਸ਼ ਵਰਗੀਆਂ ਗਤੀਵਿਧੀਆਂ 'ਚ ਸ਼ਾਮਲ ਹੋਣ ਦੇ ਸਬੂਤ ਹਨ।

## ਕੀ ਬਣੂਗਾ ਪੰਜਾਬ ਸਿਆਂ ਤੇਰਾ ...

- ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ, ਕੈਲੀਫੋਰਨੀਆ
559-285-0841
ਪੰਜਾਬ ਮੇਲ USA

ਪਿਛਲੇ ਸਮੇਂ ਭਾਰਤ ਆਪਣੇ ਪੰਜਾਬ ਦੀ ਧਰਤੀ 'ਤੇ ਜਾਣ ਦਾ ਮੌਕਾ ਮਿਲਿਆ। ਕਈ ਦਿਨ ਘੁੰਮੇ ਫਿਰੇ, ਯਾਰਾਂ-ਦੋਸਤਾਂ ਨਾਲ ਅਸਲ ਸਥਿਤੀ ਨੂੰ ਜਾਨਣ ਦਾ ਮੌਕਾ ਮਿਲਿਆ। ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਜ਼ਮੀਨੀ ਹਕੀਕਤਾਂ ਨੂੰ ਜਾਣ ਕੇ ਮਨ ਭਰ ਜਾਂਦਾ ਹੈ ਕਿ ਸਾਡੇ ਦੇਸ਼ ਦੇ ਲੋਕ ਕਿਸ ਤਰ੍ਹਾਂ ਵਿਚਰ ਰਹੇ ਹਨ। ਬੱਚਿਆਂ ਦੇ ਰੇਪ ਹੋ ਰਹੇ ਹਨ, ਸਕੂਲਾਂ ਦੇ ਵਿਚ ਪੜ੍ਹਾਈ ਤੋਂ ਬੱਚੇ ਵਾਂਝੇ ਰਹਿ ਰਹੇ ਹਨ। ਗ਼ਰੀਬੀ ਦੇ ਕਾਰਨ ਬੱਚੇ ਮਾਪੇ ਪੜ੍ਹਾ ਨਹੀਂ ਸਕਦੇ, ਇਹ ਹਾਲ ਇੱਕ ਜਗ੍ਹਾ ਦਾ ਨਹੀਂ, ਪੰਜਾਬ ਦੇ ਬਹੁਤ ਸਾਰੇ ਹਿੱਸਿਆਂ ਖ਼ਾਸਕਰ ਭਾਰਤ ਦੇ ਲੋਕਾਂ ਦੀ ਇਹ ਤ੍ਰਾਸਦੀ ਬਣ ਚੁੱਕੀ ਹੈ। ਦੂਸਰੇ ਨੰਬਰ 'ਤੇ ਜੋ ਕੋਰੋਨਾ ਮਹਾਂਮਾਰੀ ਦਾ ਦੌਰ ਚੱਲ ਰਿਹਾ ਹੈ, ਇਸ ਦੇ ਵਿਚ ਵੀ ਹਾਲੇ ਤੱਕ ਕਿਸੇ ਨੂੰ ਕੋਈ ਸਮਝ ਨਹੀਂ ਆਈ, ਕੀ ਸੱਚ ਹੈ, ਕੀ ਝੂਠ ਹੈ, ਸਾਰੇ ਆਪੋ-ਆਪਣੇ ਦੇਸ਼ਾਂ ਨੇ ਵੈਕਸੀਨਾਂ ਬਣਾ ਰਹੀਆਂ ਹਨ, ਟੀਕੇ ਵੀ ਲਗਾਏ ਜਾ ਰਹੇ ਹਨ ਪਰ ਬਿਮਾਰੀ ਦੀ ਤਾਂ ਰੋਕਥਾਮ ਨਹੀਂ ਹੋਈ।

ਆਖ਼ਰ ਕਿਉਂ ਆਪਣੇ ਹੀ ਦੇਸ਼ ਦੀ ਜਨਤਾ ਨੂੰ ਮੂਰਖ ਬਣਾ ਕੇ ਉਨ੍ਹਾਂ 'ਤੇ ਰਾਜ ਕਰਨ ਦੀ ਨੀਤੀ ਨੂੰ ਸਾਡੇ ਲੀਡਰ ਸਹਿਬਾਨ ਛੱਡ ਨਹੀ ਰਹੇ। ਜੋ ਗੱਲਾਂ ਸਾਡੇ ਦੇਸ਼ ਦੇ ਵਿਚ ਕਰਨੀਆਂ ਚਾਹੀਦੀਆਂ ਹਨ, ਸਰਕਾਰਾਂ ਉਸ ਤੋਂ ਕੋਹਾਂ ਦੂਰ ਹਨ। ਦਰੱਖਤ ਅਤੇ ਪਾਣੀ ਸੁੱਕ ਰਹੇ ਹਨ, ਪੰਜਾਬ ਦੀ ਜਵਾਨੀ ਰੁਲ ਰਹੀ ਹੈ, ਨੌਕਰੀਆਂ ਦੀ ਲੋੜ ਹੈ, ਉਹ ਕੁਝ ਸਰਕਾਰਾਂ ਨੂੰ ਵਿਖਾਈ ਨਹੀਂ ਦਿੰਦਾ। ਹੈਰਾਨੀ ਹੁੰਦੀ ਹੈ ਜਦ ਛੋਟੀਆਂ-ਛੋਟੀਆਂ ਗੱਲਾਂ 'ਤੇ ਲੋਕਾਂ ਨੂੰ ਇਸ਼ਤਿਹਾਰਾਂ ਰਾਹੀਂ ਭਰਮਾ ਕੇ ਵੋਟਾਂ ਲੈਣ ਦਾ ਰਿਵਾਜ਼ ਪੁਰਾਣਾ ਨਹੀਂ ਹੋਇਆ। ਇਸ 'ਤੇ ਲੀਡਰ ਪੂਰੀ ਤਨਦੇਹੀ ਨਾਲ ਪਹਿਰਾ ਦੇ ਰਹੇ ਹਨ। ਪੰਜਾਬ ਅੰਦਰ ਜਾਣ ਮੌਕੇ ਵੇਖਿਆ ਕਿ ਦਰੱਖਤ ਸੁੱਕ ਰਹੇ ਹਨ, ਦਵਾਈਆਂ ਦੀ ਮਾਰ ਕਾਰਨ ਪੰਜਾਬ ਦੀ ਧਰਤੀ ਬਰਬਾਦ ਹੋ ਰਹੀ ਹੈ। ਉਸ 'ਤੇ ਸਰਕਾਰ ਦਾ ਪਤਾ ਨੀਂ ਧਿਆਨ ਕਿਉਂ ਨਹੀਂ ਜਾਂਦਾ, ਪੰਜਾਬ ਦੀ ਜੁਆਨੀ ਜਹਾਜ਼ ਚੜ੍ਹ ਕੇ ਬਾਹਰਲੇ ਮੁਲਕਾਂ ਨੂੰ ਜਾ ਰਹੀ ਹੈ।




ਨਸ਼ੇ ਰੂਪੀ ਦੈਂਤ ਨੇ ਪੰਜਾਬ ਨੂੰ ਖੋਖਲਾ ਕਰਕੇ ਰੱਖ ਦਿੱਤਾ ਹੈ, ਕਰੋੜਾਂ ਰੁਪਿਆ ਨਸ਼ੇ ਦੇ ਸੌਦਾਗਰਾਂ ਦੀਆਂ ਜੇਬਾਂ ਵਿਚ ਜਾ ਰਿਹਾ ਹੈ ਪਰ ਸਰਕਾਰ ਨੂੰ ਉਸ 'ਤੇ ਵੀ ਕੋਈ ਕੰਟਰੋਲ ਕਰਨ ਦੀ ਜਾਚ ਲੱਗਦਾ ਨਹੀਂ ਆ ਰਹੀ। ਪਹਿਲੀ ਨਜ਼ਰੇ ਵੇਖਿਆਂ ਹੀ ਹਰ ਇਕ ਦੀਆਂ ਅੱਖਾਂ ਵਿਚੋਂ ਅੱਥਰੂ ਕਿਰਨ ਲੱਗਦੇ ਹਨ, ਜਦ ਉਨ੍ਹਾਂ ਵੱਲੋਂ ਆਪਣੀ ਜੁਆਨੀ ਦੀ ਹਾਲਤ ਵੇਖੀ ਜਾਂਦੀ ਹੈ, ਜੋ ਨਸ਼ੇ ਦੀ ਮਾਰੀ ਦਰ-ਦਰ ਦੀਆਂ ਠੋਕਰਾਂ ਖਾਣ ਲਈ ਮਜਬੂਰ ਹੋ ਚੁੱਕੀ ਹੈ। ਪੰਜਾਬ ਦੀ ਧਰਤੀ 'ਤੇ ਨਦੀਆਂ ਤੇ ਨਾਲੇ, ਦਰੱਖ਼ਤ ਸੁੱਕਣ ਤੋਂ ਬਾਅਦ ਆਕਸੀਜਨ ਦੀ ਕਮੀ ਨੇ ਪੂਰੇ ਪੰਜਾਬ ਨੂੰ ਬੀਮਾਰੀਆਂ ਦੀ ਗ੍ਰਿਫਤ ਵਿਚ ਲੈ ਲਿਆ ਹੈ। ਘਰ-ਘਰ ਦਵਾਈਆਂ ਦੇ ਮਰੀਜ਼ ਬਣ ਚੁੱਕੇ ਹਨ। ਕੈਂਸਰ ਦੀ ਟ੍ਰੇਨ ਬੀਕਾਨੇਰ ਨੂੰ ਜਾਂਦੀ ਹੈ। ਦਿਹਾੜੀ-ਦੱਪਾ ਕਰਕੇ ਆਪਣੇ ਪਰਿਵਾਰ ਦਾ ਗੁਜ਼ਾਰਾ ਕਰਨ ਵਾਲੇ ਲੋਕਾਂ ਦੀ ਜ਼ਿੰਦਗੀ ਬਦ ਤੋਂ ਬਦਤਰ ਹੋ ਚੁੱਕੀ ਹੈ, ਉਨ੍ਹਾਂ ਦੀ ਹਾਲਤ ਵੇਖ ਕੇ ਮਨ ਪਸੀਜ ਜਾਂਦਾ ਹੈ ਕਿ ਅਸੀਂ ਕਿਸ ਦੇਸ਼ ਦੇ ਵਾਸੀ ਹਾਂ।

ਜੋ ਟ੍ਰੈਫਿਕ ਦਾ ਹਾਲ ਮੇਰੇ ਰੰਗਲੇ ਭਾਰਤ ਦੀ ਧਰਤੀ 'ਤੇ ਹੋ ਚੁੱਕਿਆ ਹੈ, ਉਹ ਕਿਸੇ ਤੋਂ ਲੁੱਕਿਆ ਨਹੀਂ। ਲੋਕੀਂ ਇਕ ਦੂਜੇ ਦੇ ਵਿਚ ਸੜਕਾਂ 'ਤੇ ਇਸ ਤਰ੍ਹਾਂ ਵੱਜਦੇ-ਫਿਰਦੇ ਹਨ, ਜਿਵੇਂ ਕਿਸੇ ਨੂੰ ਟ੍ਰੈਫਿਕ ਦੀ ਜਾਚ ਹੀ ਨਾ ਹੋਵੇ ਅਤੇ ਵਾਹਨ ਚਲਾਉਣੇ ਹੀ ਨਾ ਆਉਂਦੇ ਹੋਣ। ਪਿਛਲੇ ਦਿਨੀਂ ਬਹੁਤ ਸਾਰੀਆਂ ਦੁਰਘਟਨਾਵਾਂ ਸੜਕਾਂ 'ਤੇ ਵਾਪਰੀਆਂ, ਜਿਨ੍ਹਾਂ ਨੂੰ ਵੇਖ ਕੇ ਮਾਲਕ ਦੀ ਯਾਦ ਆ ਜਾਂਦੀ ਹੈ ਕਿ ਅਸੀਂ ਕਿਸ ਤਰ੍ਹਾਂ ਜ਼ਿੰਦਗੀ ਬਸਰ ਕਰ ਰਹੇ ਹਾਂ। ਜੇਕਰ ਸਾਰੇ ਖੇਤਰਾਂ 'ਤੇ ਧਿਆਨ ਮਾਰੀਏ, ਤਾਂ ਹਾਲਾਤ ਬਹੁਤ ਮਾੜੇ ਹੋ ਚੁੱਕੇ ਹਨ। ਪੰਜਾਬ ਦੀ ਹਾਲਤ 'ਤੇ ਤਰਸ ਆਉਂਦਾ ਹੈ। ਸਰਕਾਰੀ ਦਫਤਰਾਂ ਵਿਚ ਭ੍ਰਿਸ਼ਟਾਚਾਰ ਹੱਦਾਂ ਬੰਨ੍ਹੇ ਟੱਪ ਚੁੱਕਿਆ ਹੈ। ਕੁੱਲ ਮਿਲਾ ਕੇ ਸਾਰੇ ਖੇਤਰਾਂ ਦੀ ਹਾਲਤ ਨੂੰ ਬਿਆਨ ਕਰਦਿਆਂ ਇਕੋ ਗੱਲ ਆਖ ਸਕਦੇ ਹਾਂ ਕਿ ਪੰਜਾਬ ਸਿਆਂ ਔਖਾ ਹੈ ਤੇਰਾ...

# ਸ. ਜਗਜੀਤ ਸਿੰਘ ਡੱਲੇਵਾਲ ਵਲੋਂ ਰੱਖੇ ਮਰਨਵਰਤ ਤੋਂ ਉੱਪਰ ਉੱਠ ਕੇ ਸਾਂਝਾ ਕਿਸਾਨ ਸੰਘਰਸ਼ ਮੋਰਚੇ ਦੇ ਆਗੂਆਂ ਨੂੰ ਗੰਭੀਰਤਾ ਨਾਲ ਵਿਚਾਰਨ ਦੀ ਜ਼ਰੂਰਤ !

## ਕੀ ਤੁਹਾਡੀ ਚੁੱਪ ਕਿਸਾਨਾਂ ਨੂੰ ਜ਼ਮੀਨਾਂ ਦੇ ਮਾਲਕਾਂ ਤੋਂ ਮੁਜ਼ਾਰੇ ਨਹੀਂ ਬਣਾ ਰਹੀ?






ਜੰਗ ਸਿੰਘ ਮਰਸਡ
(ਅਮਰੀਕਾ)
ਮੋਬਾਇਲ ਨੰ: +1-415-603-7380
ਪੰਜਾਬ ਮੇਲ USA


ਕੁਝ ਸਮਾਂ ਪਹਿਲਾਂ ਦੇਸ਼ ਦੇ ਕਿਸਾਨਾਂ ਨੇ ਕਿਸਾਨ ਸੰਘਰਸ਼ ਮੋਰਚੇ ਦੀ ਅਗਵਾਈ ਵਿਚ 380 ਦਿਨਾਂ ਦਾ ਲੰਮਾ ਜਿਹੜਾ ਸੰਘਰਸ਼ ਅਤਿ ਦੀਆਂ ਕਠਿਨਾਈਆਂ ਗਰਮੀ, ਸਰਦੀ, ਮੀਂਹ, ਹਨੇਰੀ, ਝਖੜ ਆਦਿ ਨੂੰ ਆਪਣੇ ਸਿਰਾਂ 'ਤੇ ਹੰਢਾ ਕੇ, ਦਿੱਲੀ ਦੀਆਂ ਬਰੂਹਾਂ 'ਤੇ ਬੈਠ ਕੇ ਲੜਿਆ ਸੀ, ਜਿਸ ਵਿਚ 750 ਤੋਂ ਵਧੇਰੇ ਕਿਸਾਨਾਂ ਦੀਆਂ ਸ਼ਹੀਦੀਆਂ ਵੀ ਹੋਈਆਂ ਸਨ ਤੇ ਪੰਜਾਬ ਦਾ ਅਣਕਿਆਸਿਆ ਨੁਕਸਾਨ ਵੀ ਝੱਲਿਆ ਸੀ। ਭਾਰਤ ਦੇ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਜਿਸ ਬਾਰੇ ਅਕਸਰ ਇਹ ਕਿਹਾ ਜਾਂਦਾ ਸੀ ਕਿ "ਮੋਦੀ ਹੈ ਤੋ ਮੁਮਕਿਨ ਹੈ" ਤੇ 'ਉਸ ਦੇ ਮੂੰਹ ਵਿਚੋਂ ਨਿਕਲੀ ਗੱਲ ਕਦੇ ਵਾਪਿਸ ਨਹੀਂ ਹੁੰਦੀ'। ਤੁਸੀਂ ਉਸੇ ਹੈਂਕੜਬਾਜ਼ ਪ੍ਰਧਾਨ ਮੰਤਰੀ ਸ਼੍ਰੀ ਨਰਿੰਦਰ ਮੋਦੀ ਕੋਲੋਂ ਬਿਨਾ ਸ਼ਰਤ ਤਿੰਨੇ ਦੇ ਤਿੰਨ ਕਿਸਾਨ ਵਿਰੋਧੀ ਕਾਨੂੰਨ ਵਾਪਸ ਕਰਾ ਕੇ ਜਿੱਤ ਦੇ ਡੰਕੇ ਵਜਾਉਂਦੇ ਪੰਜਾਬ ਤੇ ਦੇਸ਼ ਦੇ ਹੋਰ ਹਿੱਸਿਆਂ ਵਿਚ ਸ਼ਾਨੋ-ਸ਼ੌਕਤ ਨਾਲ ਆਪਣੇ-ਆਪਣੇ ਘਰੀਂ ਪਹੁੰਚੇ ਸੀ। ਉਸ ਸਮੇਂ ਪੰਜਾਬ ਵਿਚ ਇਹ ਵੀ ਕਿਹਾ ਜਾਂਦਾ ਸੀ ਕਿ ਕਿਸਾਨਾਂ ਨੇ ਇਹ ਜਿੱਤ ਪ੍ਰਾਪਤ ਕਰਕੇ ਆਪਣੇ 100 ਸਾਲਾਂ ਦੇ ਪਿਛਲੇ ਸ਼ਾਨਦਾਰ ਇਤਿਹਾਸ ਨੂੰ ਮੁੜ ਦੁਹਰਾ ਦਿੱਤਾ ਹੈ। ਇਸ ਖੁਸ਼ੀ ਵਿਚ ਪੰਜਾਬ ਦੇ ਲੋਕਾਂ ਨੇ ਆਪਣੇ ਘਰਾਂ ਵਿਚ ਘਿਓ ਦੇ ਦੀਵੇ ਜਗਾ ਕੇ ਅੰਤਾਂ ਦੀ ਖੁਸ਼ੀ ਦਾ ਪ੍ਰਗਟਾਵਾ ਕੀਤਾ ਸੀ। ਇਸ ਸੰਘਰਸ਼ ਦੀ ਅਗਵਾਈ ਭਾਵੇਂ ਪੰਜਾਬ, ਹਰਿਆਣਾ ਦੇ ਸੂੱਘੜ ਕਿਸਾਨ ਆਗੂਆਂ ਨੇ ਕੀਤੀ। ਉਨ੍ਹਾਂ ਨੇ ਭਾਰਤ ਭਰ ਦੇ ਸਾਰੇ ਕਿਸਾਨਾਂ ਨੂੰ ਇਕ ਲੜੀ ਵਿਚ ਹੀ ਨਹੀਂ ਸੀ ਪਰੋਇਆ, ਬਲਕਿ ਸੰਸਾਰ ਭਰ ਦੇ ਹਰ ਵਰਗ, ਹਰ ਜਥੇਬੰਦੀ ਨੂੰ ਇਥੋਂ ਤੱਕ ਸੋਚਣ ਲਈ ਲਗਾ ਦਿੱਤਾ ਸੀ ਕਿ ਜਿਵੇਂ ਇਹ ਸੰਘਰਸ਼ ਸਿਰਫ ਕਿਰਸਾਨਾਂ ਦੀ ਨਹੀਂ, ਬਲਕਿ ਉਨ੍ਹਾਂ ਸਭਨਾਂ ਦਾ ਹੈ। ਕਿਸਾਨ ਆਗੂਆਂ ਨੇ ਆਪਣੇ ਭਾਸ਼ਨਾਂ ਦੌਰਾਨ ਰੋਜ਼ਾਨਾ ਸ਼ਾਮਲ ਹੋਣ ਵਾਲੇ ਹਰ ਵਰਗ ਨੂੰ ਇਥੋਂ ਤੱਕ ਜਾਗ੍ਰਿਤ ਕਰਕੇ ਦੱਸ ਦਿੱਤਾ ਕਿ ਦੇਸ਼ ਦੀਆਂ ਸਾਰੀਆਂ ਰਾਜਨੀਤਿਕ ਰਵਾਇਤੀ ਪਾਰਟੀਆਂ ਦੇ ਆਗੂਆਂ ਜਿਨ੍ਹਾਂ ਨੇ ਆਪਣੀ ਜੰਨਤਾ ਦੀ ਸਾਰ ਲੈਣ ਦੀ ਥਾਂ 'ਤੇ 'ਰਾਜਨੀਤੀ' ਨੂੰ ਲੋਕਾਂ ਦੀ ਸੇਵਾ ਕਰਨ ਦੀ ਥਾਂ 'ਤੇ ਇਸ ਨੂੰ ਧੰਦਾ ਬਣਾ ਕੇ ਕਮਾਈ ਦਾ ਸਾਧਨ ਸਮਝ ਕੇ ਆਪਣੇ ਘਰ ਧੰਨ ਨਾਲ ਭਰਨੇ ਸ਼ੁਰੂ ਕਰ ਦਿੱਤੇ ਹੋਏ ਹਨ। ਇਸ ਕਰਕੇ ਇਨ੍ਹਾਂ ਨੂੰ ਰਾਜਨੀਤੀ ਵਿਚੋਂ ਚਲਦਾ ਕੀਤਾ ਜਾਵੇ। ਪਰ ਕਿਸਾਨ ਆਗੂਆਂ ਨੇ ਇਕ ਗੰਭੀਰ ਗਲਤੀ ਇਹ ਕੀਤੀ ਕਿ ਉਨ੍ਹਾਂ ਨੇ ਇਸ ਦਾ ਕੋਈ ਬਦਲ ਨਾ ਦਿੱਤਾ ਕਿ ਰਵਾਇਤੀ ਪਾਰਟੀਆਂ ਦੇ ਆਗੂਆਂ ਦੀ ਥਾਂ 'ਤੇ ਫਿਰ ਹੋਰ ਕਿਨ੍ਹਾਂ ਆਗੂਆਂ ਨੂੰ ਚੁਣਿਆ ਜਾਵੇ? ਲੋਕਾਂ ਨੂੰ ਇੰਝ ਲੱਗਾ ਕਿ ਜਿਵੇਂ ਕਿਸਾਨ ਆਗੂਆਂ ਨੇ ਅੰਦਰ ਖਾਤੇ ਕੋਈ ਯੋਜਨਾ ਜ਼ਰੂਰ ਬਣਾਈ ਹੋਵੇਗੀ ਕਿ ਚੋਣਾਂ ਸਮੇਂ ਉਹ ਰਵਾਇਤੀ ਪਾਰਟੀਆਂ ਦੇ ਆਗੂਆਂ ਦੀ ਥਾਂ 'ਤੇ ਹੋਰ ਕਿਨ੍ਹਾਂ ਆਗੂਆਂ ਨੂੰ ਵੋਟਾਂ ਪਾਉਣ! ਦੇਸ਼ ਦੇ ਲੋਕ ਭਲੀਭਾਂਤ ਇਹ ਵੀ ਜਾਣਦੇ ਹਨ ਕਿ ਮੋਦੀ ਦੀ ਭਾਜਪਾ ਸਰਕਾਰ ਨੂੰ ਉਹ ਨਹੀਂ ਚਲਾ ਰਹੇ, ਬਲਕਿ ਆਰ.ਐੱਸ.ਐੱਸ. ਦੀ ਉੱਚ ਲੀਡਰਸ਼ਿਪ ਚਲਾ ਰਹੀ ਹੈ। ਜੋ ਜੋ ਨਿਰਦੇਸ਼ ਉਨ੍ਹਾਂ ਵਲੋਂ ਭਾਜਪਾ ਸਰਕਾਰ ਨੂੰ ਦਿੱਤੇ ਜਾਂਦੇ ਹਨ, ਉਸੇ ਮੁਤਾਬਿਕ ਭਾਜਪਾ ਕੰਮ ਕਰਦੀ ਆ ਰਹੀ ਹੈ। ਇਹ ਵੀ ਚਰਚਾ ਵਿਚ ਹੈ ਕਿ ਬੜੀ ਗਹਿਰੀ ਸਾਜ਼ਿਸ਼ ਅਧੀਨ ਹੀ ਆਰ.ਐੱਸ.ਐੱਸ. ਦੇ ਹੁਕਮਾਂ 'ਤੇ ਸ਼੍ਰੀ ਨਰਿੰਦਰ ਮੋਦੀ ਨੇ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਦਿਹਾੜੇ 'ਤੇ ਕਾਨੂੰਨ ਵਾਪਸ ਲਏ ਸਨ। ਆਰ.ਐੱਸ.ਐੱਸ. ਨੇ ਭਾਜਪਾ ਸਰਕਾਰ ਵਿਸ਼ੇਸ਼ ਕਰਕੇ ਸ਼੍ਰੀ ਨਰਿੰਦਰ ਮੋਦੀ ਦੀ ਇਸ ਹੋਈ ਭਾਰੀ ਹੇਠੀ ਦਾ ਬਦਲਾ ਲੈਣ ਲਈ ਉਸੇ ਦਿਨ ਤੋਂ ਹੀ ਕਿਸਾਨਾਂ ਨੂੰ ਆਪਸ ਲੜਾਉਣ ਦੀਆਂ ਤਰਕੀਬਾਂ ਘੜਣੀਆਂ ਸ਼ੁਰੂ ਕਰ ਦਿੱਤੀਆਂ ਸਨ। ਤੁਹਾਨੂੰ ਇਹ ਵੀ ਯਾਦ ਹੋਵੇਗਾ ਇਸੇ ਹਿੰਦੂ ਜਥੇਬੰਦੀ ਨੂੰ ਭਿਣਕ ਪੈ ਗਈ ਸੀ ਕਿ ਮਾਰਚ 2022 ਵਿਚ ਪੰਜਾਬ ਵਿਚ ਹੋ ਰਹੀਆਂ, ਚੋਣਾਂ ਵਿਚ ਲੋਕ ਰਵਾਇਤੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਵੋਟਾਂ ਨਹੀਂ ਪਾਉਣਗੇ। ਇਨ੍ਹਾਂ ਚੋਣਾਂ ਵਿਚ ਕਿਸਾਨ ਆਗੂ ਆਪਣੇ ਉਮੀਦਵਾਰ ਜ਼ਰੂਰ ਖੜ੍ਹੇ ਕਰਨਗੇ, ਕਿਧਰੇ ਇਹ ਨਾ ਹੋ ਜਾਵੇ ਕਿ ਪੰਜਾਬ ਦੇ ਲੋਕ ਰਵਾਇਤੀ ਪਾਰਟੀਆਂ ਦੇ ਉਮੀਦਵਾਰਾਂ ਨੂੰ ਹਰਾ ਕੇ ਪੰਜਾਬ ਵਿਚ ਕਿਸਾਨ ਆਪਣੀ ਸਰਕਾਰ ਨਾ ਬਣਾ ਲੈਣ! ਇਹ ਵੀ ਖਦਸ਼ਾ ਪ੍ਰਗਟਾਇਆ ਜਾ ਰਿਹਾ ਕਿ ਆਰ.ਐੱਸ.ਐੱਸ. ਨੇ ਕਿਸਾਨ ਜਥੇਬੰਦੀਆਂ ਵਿਚ ਆਪਣੇ ਬੰਦੇ ਗੁਪਤ ਤੌਰ 'ਤੇ ਦਿੱਲੀ ਵਿਖੇ ਚੱਲ ਰਹੇ ਕਿਸਾਨ ਸੰਘਰਸ਼ ਦੌਰਾਨ ਹੀ ਵਾੜ੍ਹ ਦਿੱਤੇ ਸਨ। ਸਭ ਨੂੰ ਯਾਦ ਹੋਵੇਗਾ ਕਿ ਪੰਜਾਬ ਵਿਚ ਹੋ ਰਹੀਆਂ ਚੋਣਾਂ ਦੌਰਾਨ ਸ਼੍ਰੀ ਕੇਜਰੀਵਾਲ ਜਿਹੜਾ ਆਰ.ਐੱਸ.ਐੱਸ. ਦਾ ਹਿੰਦੂਤਵੀ ਆਗੂ ਹੈ, ਉਸ ਨੇ ਸ. ਬਲਬੀਰ ਸਿੰਘ ਰਾਜੇਵਾਲ ਨੂੰ ਆਮ ਆਦਮੀ ਪਾਰਟੀ ਵਲੋਂ ਮੁੱਖ ਮੰਤਰੀ ਬਣਾਏ ਜਾਣ ਦਾ ਝਾਂਸਾ ਦੇ ਕੇ ਕਿਸਾਨਾਂ ਦੇ ਸਾਰੇ ਵਿੰਗਾਂ ਨੂੰ ਆਪਸ ਵਿਚ ਲੜਾਉਣ ਦੀ ਕੋਝੀ ਚਾਲ ਚਲੀ, ਜਿਸ ਤਹਿਤ ਉਨ੍ਹਾਂ ਨੇ ਪਹਿਲਾਂ ਸ. ਰਾਜੇਵਾਲ ਨੂੰ ਆਮ ਆਦਮੀ ਪਾਰਟੀ ਵਲੋਂ ਮੁੱਖ ਮੰਤਰੀ ਬਣਾਏ ਜਾਣ ਦਾ ਜ਼ੋਰ-ਸ਼ੋਰ ਨਾਲ ਪ੍ਰਚਾਰ ਕੀਤਾ, ਤਾਂ ਕਿ ਕਿਸਾਨਾਂ ਦੇ ਦੂਜੇ ਧੜਿਆਂ ਨੂੰ ਸ. ਰਾਜੇਵਾਲ ਵਿਰੁੱਧ ਚੁੱਕ ਕੇ ਆਪਸ ਵਿਚ ਲੜਾਇਆ ਜਾ ਸਕੇ। ਪਹਿਲਾਂ ਕਿਸਾਨਾਂ ਦੀਆਂ ਕਈ ਜਥੇਬੰਦੀਆਂ ਚੋਣਾਂ ਵਿਚ ਭਾਗ ਲੈਣ ਲਈ ਸਹਿਮਤ ਹੋ ਗਈਆਂ, ਇਥੋਂ ਤੱਕ ਕਿ ਕਿਸਾਨ ਜਥੇਬੰਦੀ ਦੇ ਆਗੂ ਸ. ਜੁਗਿੰਦਰ ਸਿੰਘ ਉਗਰਾਹਾਂ ਨੇ ਵੀ ਇਹ ਬਿਆਨ ਦੇ ਦਿੱਤਾ ਕਿ ਕਿਸਾਨਾਂ ਨੇ ਵੋਟਾਂ ਤਾਂ ਪਾਉਣੀਆਂ ਹਨ, ਅਸੀਂ ਕਿਸੇ ਨੂੰ ਨਹੀਂ ਰੋਕਾਂਗੇ, ਉਨ੍ਹਾਂ ਦਾ ਜਿਥੇ ਦਿੱਲ ਕਰੇ ਆਪਣੀਆਂ ਵੋਟਾਂ ਪਾ ਦੇਣ। ਇਹ ਵੀ ਇਕ ਤਰ੍ਹਾਂ ਦੀ ਚੋਣਾਂ ਪ੍ਰਤੀ ਸਹਿਮਤੀ ਸੀ! ਪਰ ਬੜੀ ਜਲਦੀ ਬਹੁਤ ਸਾਰੀਆਂ ਜਥੇਬੰਦੀਆਂ ਦੇ ਆਗੂ ਕਿਸਾਨ ਉਮੀਦਵਾਰਾਂ ਨੂੰ ਚੋਣਾਂ ਲਈ ਖੜ੍ਹੇ ਕਰਵਾ ਕੇ ਫਿਰ ਆਪ ਪਿਛਾਂਹ ਹੱਟ ਗਏ। ਜਿਸ ਦਾ ਨਤੀਜਾ ਇਹ ਹੋਇਆ ਕਿ ਚੋਣਾਂ ਵਿਚ ਸਿਰਫ ਸ. ਬਲਬੀਰ ਸਿੰਘ ਰਾਜੇਵਾਲ ਦੀ ਜਥੇਬੰਦੀ ਇਕੱਲੀ ਰਹਿ ਗਈ, ਉਨ੍ਹਾਂ ਦਾ ਕੀ ਨਤੀਜਾ ਨਿਕਲਿਆ? ਉਹ ਅਸੀਂ ਤੁਸੀਂ ਸਭ ਜਾਣਦੇ ਹਾਂ ਕਿ ਕਿਵੇਂ ਕਿਸਾਨਾਂ ਨੂੰ ਆਪਸ ਵਿਚ ਲੜਾ ਕੇ ਆਰ.ਐੱਸ.ਐੱਸ. ਨੇ ਸ਼੍ਰੀ ਕੇਜਰੀਵਾਲ ਦੀ ਆਮ ਆਦਮੀ ਪਾਰਟੀ ਜਿਸ ਨੂੰ "ਭਾਜਪਾ ਦੀ ਬੀ ਟੀਮ" ਕਹਿੰਦੇ ਹਨ। ਪੰਜਾਬ ਵਿਚ 117 ਵਿਚੋਂ 92 ਸੀਟਾਂ ਲੈ ਕੇ ਆਪਣੀ ਸਰਕਾਰ ਬਣਾ ਗਈ। ਭੋਲੇ-ਭਾਲੇ ਕਿਸਾਨਾਂ ਨੂੰ ਆਪਣੀ ਸ਼ਤਰੰਗੀ ਚਾਲ ਨਾਲ ਮਾਤ ਪਾ ਦਿੱਤਾ। ਲੋਕ ਇਹ ਵੀ ਜਾਣਦੇ ਹਨ ਕਿ ਕਿਵੇਂ ਕਿਸਾਨ ਸੰਘਰਸ਼ ਕਮੇਟੀ ਦੇ ਆਗੂਆਂ ਨੇ 26 ਜਨਵਰੀ ਨੂੰ ਨਿਕਲਣ ਵਾਲੇ 'ਟਰੈਕਟਰ ਮਾਰਚ' ਦਾ ਬਕਾਇਦਾ ਤੌਰ 'ਤੇ ਰੂਟ ਦਿੱਤਾ ਹੋਇਆ ਸੀ, ਜਿਸ ਰਾਹੀਂ ਇਸ ਲਾਮਿਸਾਲ ਮਾਰਚ ਨੇ ਜਾਣਾ ਸੀ। ਉਹ ਲਗਾਤਾਰ ਤਿੰਨ ਦਿਨ ਤੋਂ ਵਧੇਰੇ ਚੱਲਣਾ ਸੀ, ਜਿਸ ਨੂੰ ਦਿੱਲੀ ਦੇ ਲੋਕਾਂ ਨੇ ਵੇਖਣਾ ਸੀ। ਇਨ੍ਹਾਂ ਹੀ ਆਗੂਆਂ ਨੇ ਉਸ ਮਾਰਚ ਦਾ ਰੁੱਖ ਬੜੀ ਗਹਿਰੀ ਸਾਜ਼ਿਸ਼ ਤਹਿਤ ਤਾਰਪੀਡੋ ਕੀਤਾ। ਉਸ ਦੇ ਜ਼ਿੰਮੇਵਾਰ ਵੀ ਇਹ ਕਿਸਾਨ ਆਗੂ ਹੀ ਸਨ, ਜਿਹੜੇ ਇਸ ਸਮੇਂ ਖਨੌਰੀ ਤੇ ਸ਼ੰਭੂ ਵਿਖੇ ਪਿਛਲੇ ਕਾਫੀ ਸਮੇਂ ਤੋਂ ਸੰਘਰਸ਼ ਕਰਦੇ ਆ ਰਹੇ ਹਨ। ਉਦੋਂ ਵੀ ਦੀਪ ਸਿੱਧੂ, ਵੱਡੀ ਗਿਣਤੀ ਵਿਚ ਨਿਹੰਗ ਸਿੰਘ ਕਿਰਪਾਨਾਂ ਲੈ ਕੇ ਕਿਵੇਂ 25 ਜਨਵਰੀ ਨੂੰ ਰਾਤ 9 ਵਜੇ ਜਦੋਂ ਕਿਸਾਨ ਸੰਘਰਸ਼ ਕਮੇਟੀ ਆਗੂ ਸਟੇਜ ਤੋਂ ਚਲੇ ਗਏ ਸਨ। ਉਨ੍ਹਾਂ ਦੀ ਸਟੇਜ 'ਤੇ ਜਬਰੀ ਕਬਜ਼ਾ ਕਰਕੇ ਸਵੇਰੇ 26 ਜਨਵਰੀ ਨੂੰ ਨਿਕਲਣ ਵਾਲੇ ਟਰੈਕਟਰ ਮਾਰਚ ਦਾ ਰਾਹ ਮਿੱਥੇ ਰਸਤੇ 'ਤੇ ਲਿਜਾਉਣ ਦੀ ਥਾਂ 'ਤੇ ਲਾਲ ਕਿਲ੍ਹੇ ਵਲ ਲਿਜਾਣ ਦਾ ਐਲਾਨ ਕਰ ਦਿੱਤਾ। ਇਹ ਹੀ ਨਹੀਂ ਦਿੱਤੇ ਗਏ ਤਹਿਸ਼ੁਦਾ ਪ੍ਰੋਗਰਾਮ ਤੋਂ ਕਾਫੀ ਸਮਾਂ ਪਹਿਲਾਂ ਹੀ ਮਾਰਚ ਨੂੰ ਸ਼ੁਰੂ ਕਰਾਕੇ ਉਸ ਨੂੰ ਲਾਲ ਕਿਲ੍ਹੇ ਵੱਲ ਤੋਰ ਦਿੱਤਾ। ਉਸ ਦਾ ਕੀ ਨਤੀਜਾ ਨਿਕਲਿਆ? ਉਸ ਨੂੰ ਵੀ ਸਾਰੇ ਦੇਸ਼ ਦੇ ਲੋਕ ਜਾਣਦੇ ਹਨ ਕਿ ਕਿਵੇਂ ਉਸ ਸਫ਼ਲ ਸੰਘਰਸ਼ ਨੂੰ ਇਕ ਤਰ੍ਹਾਂ ਦਾ ਖਤਮ ਕਰਕੇ ਰੱਖ ਦਿੱਤਾ ਸੀ। 'ਭਲਾ ਹੋਵੇ' ਕਿਸਾਨ ਆਗੂ ਰਾਕੇਸ਼ ਟਿਕੈਤ ਦੇ ਅੱਥਰੂਆਂ ਦਾ, ਜਿਸ ਨੇ ਕਿਸਾਨ ਸੰਘਰਸ਼ ਨੂੰ ਮੁੜ ਆਪਣੀ ਲੀਹ 'ਤੇ ਲੈ ਆਂਦਾ। ਕਿਸਾਨ ਆਗੂਆਂ ਜਿਨ੍ਹਾਂ ਵਿਚੋਂ ਕੁਝ ਕਿਸਾਨ ਆਗੂ ਆਰ.ਐੱਸ.ਐੱਸ. ਦੀ ਨੀਤੀ ਨੂੰ ਹੁਣ ਤੱਕ ਨਾ ਸਮਝਦੇ ਹੋਏ ਉਨ੍ਹਾਂ ਦੀਆਂ ਖਤਰਨਾਕ ਚਾਲਾਂ ਦਾ ਸ਼ਿਕਾਰ ਹੋ ਰਹੇ ਹਨ। ਇਹ ਵੀ ਆਵਾਜ਼ਾਂ ਉੱਠਣੀਆਂ ਸ਼ੁਰੂ ਹੋ ਗਈਆਂ ਹਨ ਕਿ ਸ. ਜਗਜੀਤ ਸਿੰਘ ਡੱਲੇਵਾਲ ਦਾ ਮਰਨ ਵਰਤ ਵੀ ਉਨ੍ਹਾਂ ਕਿਸਾਨ ਆਗੂਆਂ ਵਲੋਂ ਮਿਥੀ ਸਾਜ਼ਿਸ਼ ਤਹਿਤ ਸ਼ੁਰੂ ਕਰਾਇਆ ਗਿਆ, ਜੋ ਅੰਦਰੋਂ ਖਾਤੀ ਮੋਦੀ ਸਰਕਾਰ ਤੇ ਆਰ.ਐੱਸ.ਐੱਸ. ਨਾਲ ਰਲੇ ਹੋਏ ਹਨ। ਇਹ ਉਹ ਹੀ ਆਗੂ ਦਸੇ ਜਾਂਦੇ ਹਨ, ਜਿਨ੍ਹਾਂ ਨੇ ਦਿੱਲੀ ਵਿਖੇ ਇਸ ਅੰਦੋਲਨ ਨੂੰ ਗਰਮ-ਗਰਮ ਨਾਹਰੇ ਦੇ ਕੇ ਪਹਿਲਾਂ ਲਾਲ ਕਿਲ੍ਹੇ ਵੱਲ ਤੋਰਿਆ ਤੇ ਉਸ ਨੂੰ ਫੇਲ੍ਹ ਕਰਾਉਣ ਦੀ ਕੋਹਝੀ ਕੋਸ਼ਿਸ਼ ਕੀਤੀ ਸੀ। ਅੱਜ ਦੇ ਕਿਸਾਨ ਸੰਘਰਸ਼ ਕਮੇਟੀ ਦੇ ਆਗੂਆਂ ਨੂੰ ਫੂਕ-ਫੂਕ ਕੇ ਕਦਮ ਰੱਖਣ ਦੀ ਜ਼ਰੂਰਤ ਹੈ। ਭਾਜਪਾ ਨੇ ਆਪਣਾ ਮੱਕੜ ਜਾਲ ਕਿਸਾਨਾਂ ਵਿਚ ਪੂਰੀ ਤਰਾਂ ਵਿਛਾ ਲਿਆ ਲੱਗਦਾ ਹੈ। ਉਨਾਂ ਨੂੰ ਕਰੜੀ ਝਾਤ ਮਾਰਨ ਦੀ ਜ਼ਰੂਰਤ ਹੈ। ਮਨ ਲਉ ਕਿ ਮਰਨਵਰਤ 'ਤੇ ਬੈਠੇ ਸ. ਜਗਜੀਤ ਸਿੰਘ ਡੱਲੇਵਾਲ ਤੇ ਸਰਵਣ ਸਿੰਘ ਪੰਧੇਰ ਜਿਨਾਂ ਨੂੰ ਆਰ.ਐੱਸ.ਐੱਸ. ਵਰਤ ਰਹੀ ਹੈ। ਪਰ ਬਾਕੀ ਕਿਸਾਨ ਜਥੇਬੰਦੀਆਂ ਨੂੰ ਚੇਤੇ ਰੱਖਣਾ ਪਏਗਾ ਕਿ ਹਰਿਆਣਾ ਸਰਕਾਰ ਨੇ ਪਹਿਲਾਂ ਸੰਘਰਸ਼ ਲੜ ਰਹੇ ਇਨ੍ਹਾਂ ਕਿਸਾਨਾਂ ਨੂੰ ਕਿਹਾ ਕਿ ਤੁਸੀਂ ਟਰੈਕਟਰਾਂ 'ਤੇ ਦਿੱਲੀ ਨਹੀਂ ਜਾ ਸਕਦੇ, ਤੁਸੀਂ ਦਿੱਲੀ ਪੈਦਲ ਜਾ ਸਕਦੇ ਹੋ, ਜਦੋਂ ਕਿਸਾਨ ਪੈਦਲ ਜਾਣ ਲੱਗੇ, ਤਾਂ ਉਨ੍ਹਾਂ ਨੂੰ ਪੈਦਲ ਵੀ ਨਹੀਂ ਜਾਣ ਦਿੱਤਾ। ਉਨ੍ਹਾਂ 'ਤੇ ਪੁਲਿਸ ਵਲੋਂ ਕਈ ਦਿਨ ਤਸ਼ਦੱਦ ਕੀਤਾ ਜਾਂਦਾ ਰਿਹਾ, ਬੜੀ ਸਖਤਾਈ ਵਰਤ ਕੇ ਦਿੱਲੀ ਨਹੀਂ ਜਾਣ ਦਿੱਤਾ। ਇਹ ਵੀ ਠੀਕ ਹੈ ਕਿ ਸ. ਜਗਜੀਤ ਸਿੰਘ ਡੱਲੇਵਾਲ ਤੇ ਸ. ਸਰਵਣ ਸਿੰਘ ਪੰਧੇਰ ਨੇ ਕਿਸਾਨ ਸੰਘਰਸ਼ ਮੋਰਚੇ ਦੇ ਆਗੂਆਂ ਨਾਲ ਸਲਾਹ-ਮਸ਼ਵਰਾ ਕੀਤੇ ਬਿਨਾ, ਇਕੱਲੇ ਤੌਰ 'ਤੇ ਸ਼ੰਭੂ ਤੇ ਖਨੌਰੀ ਵਿਖੇ ਸੰਘਰਸ਼ ਆਰੰਭ ਕੀਤਾ ਹੈ। ਭਾਰਤ ਦੀ ਸਰਕਾਰ ਵਲੋਂ ਕਿਸਾਨਾਂ ਵਲੋਂ ਵਾਪਸ ਕਰਾਏ ਤਿੰਨ ਕਾਲੇ ਕਾਨੂੰਨਾਂ ਨੂੰ ਮੁੜ ਤੋਂ ਨਵੀਂ ਦਿਸ਼ਾ ਮੁਤਾਬਿਕ ਲਾਗੂ ਕਰਨ ਲਈ ਪ੍ਰਾਂਤਾਂ ਨੂੰ ਪੱਤਰ ਲਿਖੇ। ਏਨਾ ਕੁਝ ਹੋ ਸਕਣ 'ਤੇ ਵੀ ਬਾਕੀ ਦੀਆਂ ਸਾਰੀਆਂ ਕਿਸਾਨ ਜਥੇਬੰਦੀਆਂ ਦਾ ਖਾਮੋਸ਼ ਰਹਿਣਾ, ਸਰਕਾਰ ਦੀ ਨੀਤੀ ਦਾ ਵਿਰੋਧ ਨਾ ਕਰਨਾ, ਕੀ ਸਾਬਤ ਕਰ ਰਿਹਾ ਹੈ? ਸ਼ਾਇਦ ਇਹ ਦੱਸਣ ਦੀ ਜ਼ਰੂਰਤ ਨਹੀਂ ਬੜੀ ਸਪੱਸ਼ਟ ਹੈ ਕਿ ਮੋਦੀ ਸਰਕਾਰ ਕਿਸਾਨਾਂ ਨੂੰ ਆਪਸ ਵਿਚ ਵੰਡਣ ਵਿਚ ਆਪਣੀ ਚਾਲ ਵਿਚ ਕਾਮਯਾਬ ਹੋ ਰਹੀ ਹੈ। 'ਇਹ ਵੇਲਾ ਸਾਰੇ ਕਿਸਾਨਾਂ ਦੇ ਚੁੱਪ ਵੱਟਣ ਦਾ ਨਹੀਂ', ਬਲਕਿ ਰੱਲ ਕੇ ਸਾਂਝੀ ਮੁਹਿੰਮ ਨੂੰ ਚਲਾਉਣ ਲਈ ਕਿਸਾਨਾਂ ਨੂੰ ਜਾਗ੍ਰਿਤ ਕਰਨ ਦੀ ਜ਼ਰੂਰਤ ਹੈ। ਕਿਸਾਨ ਜਥੇਬੰਦੀਆਂ ਨੂੰ ਸ. ਜਗਜੀਤ ਸਿੰਘ ਡੱਲੇਵਾਲ ਦੇ ਮਰਨਵਰਤ ਤੋਂ ਉਚੇ ਉੱਠ ਕੇ ਕਿਸਾਨਾਂ ਨੂੰ ਆਪਣੀ ਹੋਂਦ ਨੂੰ ਬਚਾਉਣ ਦੀ ਜ਼ਰੂਰਤ ਹੈ। ਇਹ ਹੁਣ ਕਿਸਾਨਾਂ ਨੇ ਵੇਖਣਾ ਹੈ ਕਿ ਉਨ੍ਹਾਂ ਨੇ ਸਿੱਖਾਂ ਦੇ ਬੇਤਾਜ ਬਾਦਸ਼ਾਹ ਬਾਬਾ ਬੰਦਾ ਸਿੰਘ ਬਹਾਦਰ ਜਿਸ ਨੇ ਕਿਸਾਨਾਂ ਨੂੰ ਮੁਜਾਰਿਆਂ ਤੋਂ 'ਮਾਲਕ' ਬਣਾਇਆ ਸੀ, ਕੀ ਉਨ੍ਹਾਂ ਨੇ ਮਾਲਕ ਬਣੇ ਰਹਿਣ ਨੂੰ ਤਰਜੀਹ ਦੇਣੀ ਹੈ ਜਾਂ ਕਿ 'ਮੁਜਾਰੇ' ਬਣਨਾ ਹੈ। ਜੇਕਰ ਕਿਸਾਨਾਂ ਦੀਆਂ ਸਾਰੀਆਂ ਕਿਸਾਨ ਸੰਘਰਸ਼ ਕਮੇਟੀਆਂ ਇਸ ਹਾਲਤ ਵਿਚ ਖਾਮੋਸ਼ ਰਹਿੰਦੀਆ ਹਨ ਤੇ ਕਿਸਾਨਾਂ ਨੂੰ ਲਾਮਬੰਦ ਕਰਕੇ ਸੰਘਰਸ਼ ਨਹੀਂ ਕਰਦੀਆਂ, ਤਾਂ ਉਹ ਆਪਣੇ ਪੈਰਾਂ 'ਤੇ ਉਹ ਆਪ ਹੀ ਕੁਹਾੜ੍ਹਾ ਮਾਰ ਰਹੀਆਂ ਹਨ। ਉਹ ਜ਼ਰੂਰ ਮੋਦੀ ਤੇ ਕਾਰਪੋਰੇਟਾਂ ਦੀ ਚਾਲਾਂ ਨੂੰ ਨੇਪਰੇ ਚੜਾ ਕੇ ਆਪ ਹੀ ਮਾਲਕ ਤੋਂ ਮੁਜਾਰੇ ਬਣਨ ਨੂੰ ਸਵੀਕਾਰ ਕਰ ਰਹੀਆਂ ਹਨ। ਕਿਸਾਨਾਂ ਦੇ ਸਾਰੇ ਆਗੂਆਂ ਤੇ 'ਸ਼ਾਹ ਮੁਹੰਮਦ' ਦੀ ਆਖੀ ਇਹ ਗੱਲ ਵੀ ਜ਼ਰੂਰ ਢੁੱਕੇਗੀ ਕਿ "ਫੌਜਾਂ ਜਿੱਤ ਕੇ ਅੰਤ ਨੂੰ ਹਾਰੀਆਂ ਨੀ"!

# ਬਾਦਸ਼ਾਹ ਦਰਵੇਸ਼ ਸ੍ਰੀ ਗੁਰੂ ਗੋਬਿੰਦ ਸਿੰਘ ਜੀ

ਮਾਸਟਰ ਜਸਵਿੰਦਰ ਸਿੰਘ
ਜਿਉਣਪੁਰਾ
ਮੋਬਾਈਲ : 98768-55004
ਪੰਜਾਬ ਮੇਲ USA



ਸਰਬੰਸਦਾਨੀ ਬਾਦਸ਼ਾਹ ਦਰਵੇਸ਼ ਦਸਮੇਸ਼ ਪਿਤਾ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਨੂਰਾਨੀ ਅਗੰਮੀ, ਅਦੁੱਤੀ ਅਤੇ ਅਜ਼ੀਮ ਸ਼ਖ਼ਸੀਅਤ ਦੁਨੀਆਂ ਦੇ ਇਤਿਹਾਸ ਵਿਚ ਸਭ ਤੋਂ ਨਿਰਾਲੀ ਤੇ ਲਾਸਾਨੀ ਹੈ। ਕਿਉਂਕਿ ਗੁਰੂ ਸਾਹਿਬ ਨੇ ਦੁਨੀਆਂ ਦੇ ਇਤਿਹਾਸ ਵਿਚ ਇੱਕ ਐਸਾ ਇਤਿਹਾਸ ਸਿਰਜਿਆ, ਜੋ ਨਾ ਕਿਸੇ ਨੇ ਸੁਣਿਆ ਸੀ ਤੇ ਵੇਖਣਾ ਤਾਂ ਬੜੀ ਦੂਰ ਦੀ ਗੱਲ ਸੀ। ਗੁਰੂ ਗੋਬਿੰਦ ਸਿੰਘ ਮਹਾਰਾਜ ਇਕ ਮਹਾਨ ਯੋਧੇ ਹੋਏ, ਜੋ ਜੰਗ ਵਿਚ ਗਏ ਤਾਂ ਲੱਖਾਂ ਤੋਂ ਛੋੜਾ ਦਾ ਡੱਟ ਕੇ ਟਾਕਰਾ ਵੀਰਤਾ ਨਾਲ ਕਰਦੇ ਰਹੇ। ਉਨ੍ਹਾਂ ਨੇ ਆਪਣੇ ਜੀਵਨ ਵਿਚ ਕਦੇ ਵੀ ਹਿੰਮਤ ਤੇ ਹੌਂਸਲਾ ਨਹੀਂ ਹਾਰਿਆ ਪਰ ਨਾ ਹੀ ਆਪਣੇ ਸਿੱਖਾਂ ਨੂੰ ਢਹਿੰਦੀ ਕਲਾ ਵਿਚ ਨਾ ਰਹਿਣ ਦਾ ਸੰਦੇਸ਼ ਦਿੱਤਾ, ਸਗੋਂ ਉਨ੍ਹਾਂ ਨੇ ਦੁੱਖ ਵਾਲੇ ਸਮੇਂ ਵਿਚ ਵੀ ਚੜ੍ਹਦੀ ਕਲਾ ਵਿਚ ਰਹਿਣ ਦਾ ਸੰਦੇਸ਼ ਦਿੱਤਾ ਅਤੇ ਰਹਿ ਕੇ ਵੀ ਦਿਖਾਇਆ, ਐਸੇ ਮਹਾਨ ਪੈਗੰਬਰ ਮਹਾਨ ਗੁਰੂ ਧੰਨ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਜਨਮ ਸਨ 1666 ਈਸਵੀ ਵਿਚ ਪਟਨਾ ਸਾਹਿਬ, ਬਿਹਾਰ ਵਿਖੇ ਪਿਤਾ ਸ੍ਰੀ ਗੁਰੂ ਤੇਗ ਬਹਾਦਰ ਜੀ ਅਤੇ ਮਾਤਾ ਗੁਜ਼ਰ ਕੌਰ ਜੀ ਦੇ ਗ੍ਰਿਹਿ ਵਿਖੇ ਹੋਇਆ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਸਾਰਾ ਹੀ ਸੰਸਾਰਕ ਜੀਵਨ ਹਰ ਪੱਖੋਂ ਕ੍ਰਿਸ਼ਮਈ ਅਤੇ ਆਚੰਭਿਤ ਕਰਨ ਵਾਲਾ ਹੈ। ਸੰਸਾਰ ਦੇ ਇਤਿਹਾਸ ਵਿਚ ਕਿਸੇ ਵੀ 9 ਸਾਲ ਦੀ ਬਾਲ਼ ਉਮਰ ਵਿਚ ਆਪਣੇ ਪਿਤਾ ਨੂੰ ਦੂਜੇ ਧਰਮ ਜਿਨ੍ਹਾਂ ਨਾਲ ਸਿਧਾਂਤਕ ਮੱਤਭੇਦ ਸੀ, ਦੀ ਰੱਖਿਆ ਖ਼ਾਤਰ ਕੁਰਬਾਨੀ ਦੇਣ ਲਈ ਨਹੀਂ ਕਿਹਾ, ਇਹ ਮਾਣ ਕੇਵਲ ਤੇ ਕੇਵਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੂੰ ਹੀ ਹਾਸਲ ਹੈ। ਆਪ ਜੀ ਸ੍ਰੀ ਗੁਰੂ ਤੇਗ ਬਹਾਦਰ ਦੀ ਸ਼ਹਾਦਤ ਤੋਂ ਪਿੱਛੋਂ 9 ਸਾਲ ਦੀ ਉਮਰ ਵਿਚ ਗੁਰਤਾਗੱਦੀ 'ਤੇ ਬਿਰਾਜਮਾਨ ਹੋਏ। ਗੁਰੂ ਜੀ ਨੇ ਸਿਰਫ਼ 42 ਸਾਲ ਦੀ ਉਮਰ ਤੱਕ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਆਰੰਭ ਕੀਤੇ ਸਿੱਖ ਧਰਮ ਦੇ ਕ੍ਰਾਂਤੀਕਾਰੀ ਅਤੇ ਦਾਰਸ਼ਨਿਕ ਸਿਧਾਂਤਾਂ ਨੂੰ ਤੀਬਰਤਾ ਤੇ ਦੈਵੀ ਕੁਸ਼ਲਤਾ ਨਾਲ ਸਿਖਰ 'ਤੇ ਪਹੁੰਚਾਇਆ। ਆਪ ਜੀ ਇੱਕ ਮਹਾਨ ਜਰਨੈਲ ਉੱਚਕੋਟੀ ਦੇ ਵਿਦਵਾਨ ਅਜ਼ੀਮ ਸਾਹਿਤਕਾਰ ਅਤੇ ਗੁਰਮਤਿ ਸੰਗੀਤ ਦੇ ਰਸੀਏ ਸਨ। ਗੁਰਮਤਿ ਫਲਸਫਾ ਮਨੁੱਖ ਨੂੰ ਆਤਮਿਕ ਅਤੇ ਸਰੀਰਕ ਦੋਹਾਂ ਰੂਪਾਂ 'ਚ ਬਲਵਾਨ ਬਣਾਉਣ ਦਾ ਸਿਧਾਂਤ ਹੈ। ਉਨ੍ਹਾਂ ਦੇ ਦਰਬਾਰ ਵਿਚ 52 ਕਵੀ ਸਨ, ਜੋ ਆਪਣੇ ਸਮੇਂ ਦੇ ਮਹਾਨ ਵਿਦਵਾਨ ਸਨ। ਗੁਰੂ ਸਾਹਿਬ ਨੇ ਸ੍ਰੀ ਆਨੰਦਪੁਰ ਸਾਹਿਬ ਦੀ ਧਰਤੀ ਉੱਤੇ ਪੰਜ ਕਿਲੇ ਉਸਾਰੇ, ਜਿਨ੍ਹਾਂ ਦੇ ਨਾਮ ਗੁਰੂ ਸਾਹਿਬ ਨੇ ਆਨੰਦਗੜ੍ਹ, ਲੋਹਗੜ੍ਹ, ਤਾਰਾਗੜ੍ਹ ,ਹੋਲਗੜ ਅਤੇ ਫਤਹਿਗੜ੍ਹ ਰੱਖੇ।

ਆਨੰਦਪੁਰ ਸਾਹਿਬ ਦੀ ਧਰਤੀ ਉੱਤੇ ਇੱਕ ਆਲੌਕਿਕ ਅਤੇ ਅਚਰਜ ਕੌਤਕ ਕਰਦਿਆਂ ਖੰਡੇ ਬਾਟੇ ਦੀ ਪਾਹੁਲ ਦੇ ਕੇ ਖ਼ਾਲਸੇ ਨੂੰ ਪ੍ਰਗਟ ਕਰਨਾ ਗੁਰੂ ਜੀ ਦਾ ਇੱਕ ਮਹਾਨ ਕ੍ਰਾਂਤੀਕਾਰੀ ਅਤੇ ਅਲੌਕਿਕ ਚਮਤਕਾਰ ਸੀ। ਉਨ੍ਹਾਂ ਨੇ ਜ਼ੁਲਮਾਂ ਅਤੇ



ਜ਼ਿਤਮਾ ਹੇਠ ਦੱਬ ਚੁੱਕੀ ਅਤੇ ਆਤਮਿਕ ਤੌਰ 'ਤੇ ਮੁਰਦਾ ਹੋ ਚੁੱਕੀ ਖਲਕਤ ਨੂੰ ਖੰਡੇ-ਬਾਟੇ ਦੀ ਪਾਹੁਲ ਦੇ ਕੇ ਨਵਾਂ ਜੀਵਨ ਬਖ਼ਸ਼ਿਆ। ਭਾਰਤੀ ਸਮਾਜ ਵਿਚ ਅਛੂਤ ਸਮਝੇ ਜਾਂਦੇ ਲੋਕਾਂ ਵਿਚ ਸ਼ੀਸ਼ ਤਲੀ ਉੱਤੇ ਧਰ ਕੇ ਅੱਗੇ ਆਉਣ ਵਾਲਿਆਂ ਨੂੰ ਅੰਮ੍ਰਿਤ ਦੀ ਦਾਤ ਬਖਸ਼ ਕੇ ਸਰਦਾਰੀਆਂ ਬਖ਼ਸ਼ਿਸ ਕੀਤੀਆਂ। ਗੁਰੂ ਜੀ ਨੇ ਸਾਰੇ ਸਿੱਖਾਂ ਨੂੰ ਆਪਣੇ ਨਾਂ ਦੇ ਪਿੱਛੇ ਸਿੰਘ ਲਗਾਉਣ, ਕੰਘਾ, ਕਛਿਹਰਾ, ਕਿਰਪਾਣ, ਕੜਾ ਅਤੇ ਕੇਸ ਪੰਜ ਚੀਜ਼ਾਂ ਨੂੰ ਧਾਰਨ ਕਰਣ ਲਈ ਕਿਹਾ। ਆਪ ਜੀ ਨੇ ਬਰਾਬਰੀ ਸਥਾਪਤ ਕਰਕੇ ਪ੍ਰਚਲਿਤ ਰੀਤੀ ਰਿਵਾਜ਼ ਬਦਲੇ ਸਨ, ਇਨ੍ਹਾਂ ਨੂੰ ਖ਼ਾਲਸਈ ਸਰੂਪ ਦਿੱਤਾ। ਆਪ ਜੀ ਨੇ ਬਿਨਾਂ ਕਿਸੇ ਭੇਦਭਾਵ ਦੇ ਗੁਰੂ ਨਾਨਕ ਦੇਵ ਜੀ ਦੇ ਸਿਧਾਂਤ

"ਜਾਣਹੁ ਜੋਤਿ ਨ ਪੂਛਹ, ਜਾਤੀ ਆਗੇ ਜਾਤਿ ਨਾ ਹੇ॥"

ਅਨੁਸਾਰ ਸਭ ਨੂੰ ਅੰਮ੍ਰਿਤ ਦੇ ਅਧਿਕਾਰੀ ਸਮਝਿਆ। ਜਾਤ-ਪਾਤ ਅਤੇ ਧਰਮ, ਭੇਦ-ਭਾਵ ਤੋਂ ਬਾਹਰ ਕੱਢਿਆ।

ਗੁਰੂ ਜੀ ਦੀ ਵਧਦੀ ਹੋਈ ਸ਼ਕਤੀ ਤੋਂ ਉਨ੍ਹਾਂ ਦੇ ਆਸ-ਪਾਸ ਦੇ ਪਹਾੜੀ ਰਾਜੇ ਡਰ ਕੇ ਉਨ੍ਹਾਂ ਨਾਲ ਈਰਖਾ ਕਰਨ ਲੱਗੇ। ਬਿਲਾਸਪੁਰ ਦੇ ਰਾਜਾ ਭੀਮ ਨੇ ਗੁਰੂ ਜੀ 'ਤੇ ਹਮਲਾ ਕਰ ਦਿੱਤਾ। ਗੁਰੂ ਜੀ ਦੇ ਸਿੰਘਾਂ ਨੇ ਵੀਰਤਾ ਨਾਲ ਇਸ ਹਮਲੇ ਦਾ ਜਵਾਬ ਦਿੱਤਾ ਅਤੇ ਭੀਮ ਚੰਦ ਨੂੰ ਹਰਾ ਕੇ ਉਸ ਨੂੰ ਭਜਾ ਦਿੱਤਾ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਨਿਰੰਕਾਰ ਅਕਾਲ ਨੂੰ ਭਗਤੀ ਅਰਾਧਨਾ ਨਾਮ ਸਿਮਰਨ ਦਾ ਕੇਂਦਰ ਮੰਨਿਆ ਗਿਆ ਹੈ। ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਪਣੀ ਬਾਣੀ ਵਿਚ ਇਸੇ ਵਿਚਾਰਧਾਰਾ ਨੂੰ ਮੁੱਖ ਰੱਖਿਆ ਹੈ। ਉਨ੍ਹਾਂ ਨੇ ਪਰਮੇਸ਼ਰ ਨੂੰ ਰੂਪ-ਰੇਖਾ ਤੋਂ ਨਿਆਰਾ ਦੱਸਿਆ ਹੈ। ਉਨ੍ਹਾਂ ਨੇ ਖ਼ਾਲਸੇ ਨੂੰ ਮੂਰਤੀ ਪੂਜਾ ਆਦਿ ਛੱਡ ਕੇ ਸਿਰਫ ਅਕਾਲ ਪੁਰਖ ਦੀ ਅਰਾਧਨਾ ਸਿਮਰਨ ਕਰਨ ਦਾ ਉਪਦੇਸ਼ ਦਿੱਤਾ। ਗੁਰੂ ਜੀ ਨੇ ਜੀਵਨ ਕਾਲ ਵਿਚ ਲਗਪਗ 14 ਜੰਗਾਂ ਲੜੀਆਂ । ਪਹਿਲੀ ਜੰਗ ਭੰਗਾਣੀ ਦੀ ਉਨ੍ਹਾਂ ਨੇ 21 ਸਾਲ ਦੀ ਉਮਰ ਵਿਚ ਲੜੀ। ਆਪ ਜੀ ਨੇ ਭੁੱਖਣ ਭਾਣੇ 40 ਸਿੰਘਾਂ ਤੋਂ ਦੱਸ ਲੱਖ ਦੁਸ਼ਮਣ ਦੀ ਫ਼ੌਜ ਦਾ ਮੁਕਾਬਲਾ ਕਰਵਾ ਕੇ ਅਤੇ ਦੁਸ਼ਮਣ ਨੂੰ ਧੂੜ ਚਟਾ ਕੇ ਵਿਲੱਖਣ ਬਹਾਦਰੀ ਦੀ ਮਿਸਾਲ ਕਾਇਮ ਕੀਤੀ। ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਦੇਸ਼ ਕੌਮ ਲਈ ਆਪਣਾ ਸਰਬੰਸ ਵਾਰ ਦਿੱਤਾ ਅਤੇ ਪੁੱਤਰਾਂ ਦੇ ਦਾਨੀ ਅਖਵਾਏ।

ਸੰਸਾਰ ਵਿਚ ਬਹੁਤ ਸਾਰੇ ਅਵਤਾਰ ਪੈਗੰਬਰ ਆ ਚੁੱਕੇ ਹਨ, ਪਰ ਧੰਨ ਗੁਰੂ ਗੋਬਿੰਦ ਸਿੰਘ ਜੀ ਦੀ ਸ਼ਖਸੀਅਤ ਸਭ ਤੋਂ ਅਲੱਗ ਹੈ। ਬੁੱਲੇ ਸ਼ਾਹ ਨੇ ਸੱਚ ਹੀ ਕਿਹਾ ਸੀ ਕਿ:-

ਨਾ ਕਹੂੰ ਜਬ ਕੀ, ਨਾ ਕਹੂੰ ਤਬ ਕੀ,
ਬਾਤ ਕਹੂੰ ਮੈਂ ਅਬ ਕੀ।
ਅਗਰ ਨਾ ਹੋਤੇ ਗੁਰੂ ਗੋਬਿੰਦ ਸਿੰਘ
ਤੋ ਸੁੰਨਤ ਹੋਤੀ ਸਭ ਕੀ।

# 'ਸਤ ਰੋਜ਼ਾ ਨੈਸ਼ਨਲ ਥੇਟਰ ਫੈਸਟੀਵਲ' ਥੇਟਰ ਵਿਰਾਸਤ ਦਾ ਪਹਿਰੇਦਾਰ ਬਣਿਆ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਪਟਿਆਲਾ ਸੱਭਿਆਚਾਰਕ, ਵਿਦਿਅਕ, ਸਮਾਜਿਕ ਤੇ ਸਪੋਰਟਸ ਦੇ ਖੇਤਰ ਵਿਚ ਸਰਗਰਮੀਆਂ ਦਾ ਕੇਂਦਰ ਰਿਹਾ ਹੈ। ਨਾਟਕ ਦੇ ਖੇਤਰ ਵਿਚ ਹਰਪਾਲ ਟਿਵਾਣਾ, ਰਾਜ ਬੱਬਰ ਅਤੇ ਨਿਰਮਲ ਰਿਸ਼ੀ ਪਟਿਆਲਾ ਦੀ ਸ਼ਾਨ ਰਹੇ ਹਨ। ਨਾਟਕ ਲੇਖਕਾਂ ਵਿਚ ਡਾ. ਹਰਚਰਨ ਸਿੰਘ ਤੇ ਸੁਰਜੀਤ ਸਿੰਘ ਸੇਠੀ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹਨ। ਥੇਟਰ ਫਿਲਮ ਕਲਾਕਾਰਾਂ ਲਈ ਟ੍ਰੇਨਿੰਗ ਸੈਂਟਰ ਹੁੰਦਾ ਹੈ। ਹਰਪਾਲ ਟਿਵਾਣਾ, ਰਾਜ ਬੱਬਰ, ਨਿਰਮਲ ਰਿਸ਼ੀ ਅਤੇ ਸੁਨੀਤਾ ਧੀਰ ਥੇਟਰ ਨੇ ਪੰਜਾਬੀ ਫਿਲਮਾਂ ਵਿਚ ਨਾਮ ਕਮਾਇਆ ਹੈ। ਹਰਪਾਲ ਟਿਵਾਣਾ ਤੋਂ ਬਾਅਦ ਪਟਿਆਲਾ ਵਿਚ ਨਾਟਕ ਖੇਡਣ ਦੀ ਪ੍ਰਵਿਰਤੀ ਨੂੰ ਲਗਾਤਾਰ ਚਾਲੂ ਰੱਖਣ ਵਿਚ ਪਰਮਿੰਦਰ ਪਾਲ ਕੌਰ ਦਾ ਯੋਗਦਾਨ ਵਿਸ਼ੇਸ਼ ਤੌਰ 'ਤੇ ਵਰਣਨਯੋਗ ਹੈ। ਹੋਰ ਵੀ ਬਹੁਤ ਸਾਰੇ ਨਵੇਂ ਉਭਰ ਰਹੇ ਨਾਟਕਕਾਰ ਵਧੀਆ ਕਾਰਜ ਕਰ ਰਹੇ ਹਨ। ਪਰਮਿੰਦਰ ਪਾਲ ਕੌਰ ਨੇ ਫਿਲਮਾਂ ਵਿਚ ਵੀ ਅਦਾਕਾਰੀ ਕੀਤੀ ਹੈ ਪ੍ਰੰਤੂ ਪਿਛਲੇ 40 ਸਾਲ ਤੋਂ ਪਟਿਆਲਾ ਹੀ ਨਹੀਂ, ਸਗੋਂ ਸਮੁੱਚੇ ਦੇਸ਼ ਵਿਚ ਲਗਾਤਾਰ ਨਾਟਕ ਦੀ ਪ੍ਰੰਪਰਾ ਨੂੰ ਬਰਕਰਾਰ ਰੱਖ ਰਹੇ ਹਨ। ਪਰਮਿੰਦਰ ਪਾਲ ਕੌਰ ਡਾਇਰੈਕਟਰ ਕਲਾਕ੍ਰਿਤੀ ਪਟਿਆਲਾ ਵਿਖੇ ਲੰਬੇ ਸਮੇਂ ਤੋਂ ਹਰ ਸਾਲ 'ਨੈਸ਼ਨਲ ਥੇਟਰ ਫੈਸਟੀਵਲ' ਕਰਵਾਉਂਦੇ ਆ ਰਹੇ ਹਨ। ਕਲਾਕ੍ਰਿਤੀ ਸੰਸਥਾ ਦੇ ਉਦਮ ਸਦਕਾ ਇਸ ਸਾਲ ਵੀ 7 ਨਵੰਬਰ ਤੋਂ 13 ਨਵੰਬਰ ਤੱਕ 'ਸਰਬਤ ਦਾ ਭਲਾ ਟਰੱਸਟ' ਅਤੇ 'ਨਾਰਥ ਜੋਨ ਕਲਚਰ ਸੈਂਟਰ ਪਟਿਆਲਾ' ਦੇ ਸਹਿਯੋਗ ਨਾਲ ਪਟਿਆਲਾ ਵਿਖੇ ਸੱਤ ਰੋਜ਼ਾ 'ਪ੍ਰੀਤਮ ਸਿੰਘ ਓਬਰਾਏ ਯਾਦਗਾਰੀ ਨੈਸ਼ਨਲ ਥੀਏਟਰ ਫ਼ੈਸਟੀਵਲ' ਆਯੋਜਿਤ ਕੀਤਾ ਗਿਆ। ਇਸ ਥੇਟਰ ਫ਼ੈਸਟੀਵਲ ਵਿਚ ਦੇਸ਼ ਦੇ ਵੱਖ-ਵੱਖ ਰਾਜਾਂ ਤੋਂ 125 ਕਲਾਕਾਰਾਂ ਨੇ ਨਾਟਕਾਂ ਵਿਚ ਹਿੱਸਾ ਲਿਆ ਅਤੇ ਬਿਹਤਰੀਨ ਅਦਾਕਾਰੀ ਦੇ ਰੰਗ ਖਿਲਾਰੇ। ਇਸ ਫੈਸਟੀਵਲ ਵਿਚ ਸੱਤ ਨਾਟਕ ਰੱਬ ਦੀ ਬੁਕਲ, ਬੁੱਢਾ ਮਰ ਗਿਆ, ਇੱਕ ਰਾਗ ਦੋ ਸਵਰ, ਕੋਸ਼ਿਸ਼, ਪੁਕਾਰ, ਮਹਾਂਰਥੀ ਅਤੇ ਟੈਕਸ ਫ੍ਰੀ ਅਤੇ ਦੋ ਨ੍ਰਿਤ ਇੱਕ ਅਰਸ਼ਦੀਪ ਕੌਰ ਭੱਟੀ ਦਾ ਕਥਕ ਡਾਂਸ ਅਤੇ ਦੂਜਾ ਪੱਛਵੀਂ ਬੰਗਾਲ ਕਲਾਕਾਰਾਂ ਵੱਲੋਂ ਪੇਸ਼ ਕੀਤਾ ਗਿਆ। ਕਲਾਕਾਰਾਂ ਨੇ ਆਪੋ ਆਪਣੇ ਰਾਜ ਦੇ ਸੱਭਿਆਚਾਰ ਦੀਆਂ ਰੰਗ-ਬਰੰਗੀਆਂ ਵੰਨਗੀਆਂ ਰਾਹੀਂ ਸਮਾਜਿਕ ਸਰੋਕਾਰਾਂ ਦੀ ਪ੍ਰਤੀਨਿਧਤਾ ਕਰਦਿਆਂ ਬਾ-ਕਮਾਲ ਪੇਸ਼ਕਾਰੀ ਕੀਤੀ ਗਈ। ਇਨ੍ਹਾਂ ਨਾਟਕਾਂ ਦੇ ਕਲਾਕਾਰਾਂ ਦੀ ਅਦਾਕਾਰੀ ਦੀਆਂ ਕਲਾਤਮਿਕ ਛੋਹਾਂ ਦੀ ਮਹਿਕ ਨਾਲ ਪਟਿਆਲਵੀ ਅੱਸ਼-ਅੱਸ਼ ਕਰ ਉਠੇ। ਕਲਾਕਾਰਾਂ ਦੀ ਕਲਾ ਦੀ ਖ਼ੁਸ਼ਬੂ ਨੇ ਪਟਿਆਲਾ ਦਾ ਵਾਤਵਰਨ ਮਹਿਕਣ ਲਾ ਦਿੱਤਾ। ਇਸ ਫ਼ੈਸਟੀਵਲ ਦੇ ਉਦਘਾਟਨੀ ਸਮਾਗਮ ਦੀ ਸ਼ੁਰੂਆਤ ਨੈਸ਼ਨਲ ਅਵਾਰਡੀ ਅਰਸ਼ਦੀਪ ਕੌਰ ਭੱਟੀ ਡਾਂਸਰ ਨੇ ਕਥਕ ਡਾਂਸ ਦੀ ਬਾਕਮਾਲ ਪੇਸ਼ਕਾਰੀ ਕੀਤੀ, ਜਿਸਨੇ ਦਰਸ਼ਕਾਂ ਦੇ ਦਿਲ ਜਿੱਤ ਲਏ। ਸਮਾਪਤੀ ਸਮਾਰੋਹ ਵਿਚ ਸਫਿਨਿਕਸ ਡਾਂਸ





ਕ੍ਰਿਏਸ਼ਨ ਗਰੁਪ ਕਲਕੱਤਾ ਨੇ ਅਰੁਨਵ ਬਰਮਨ ਦੀ ਨਿਰਦੇਸ਼ਨਾ ਹੇਠ 'ਤੇਜਾ ਤੁਰੀਆ' ਡਾਂਸ ਦੀ ਪੇਸ਼ਕਾਰੀ ਕੀਤੀ ਗਈ। ਇਸ ਡਾਂਸ ਦੀ ਪੇਸ਼ਕਾਰੀ ਮਹਾਂਭਾਰਤ ਦੀਆਂ ਇਸਤਰੀਆਂ ਗੰਧਾਰੀ, ਸਿਖੰਡੀ, ਦਰੋਪਦੀ, ਹਿਡਿੰਬਾ ਅਤੇ ਚਿਤਰਾਂਗਦਾ ਵਰਗੀਆਂ ਇਸਤਰੀ ਪਾਤਰਾਂ ਦੇ ਰੂਪ ਵਿਚ ਸਾਸਵਤਾ ਇਸ਼ਾਨੀ, ਸੁਭਾਰਸੀ, ਸ੍ਰੀਲੇਖਾ ਅਤੇ ਇੰਦਰਜੀਤ ਨੇ ਨਿਭਾਈ, ਜਿਸਨੇ ਦਰਸ਼ਕਾਂ ਨੂੰ ਮੰਤਰ ਮੁਗਧ ਕਰ ਦਿੱਤਾ। ਆਪਣੀ ਪ੍ਰਤਿਭਾ ਦੇ ਰੰਗ ਬਖੇਰਦਿਆਂ ਦਰਸ਼ਕਾਂ ਨੂੰ ਮੋਹ ਲਿਆ।

ਪ੍ਰਸਿੱਧ ਕਹਾਣੀਕਾਰ ਵੀਨਾ ਵਰਮਾ ਦੀ ਕਹਾਣੀ 'ਰੱਬ ਦੀ ਰਜਾਈ' 'ਤੇ ਆਧਾਰਿਤ ਵਿਨੋਦ ਕੌਸ਼ਲ ਦਾ ਨਿਰਦੇਸ਼ਤ ਕੀਤਾ ਨਾਟਕ ਆਰਟੀਫੈਕਟ ਗਰੁੱਪ ਨੇ ਖੇਡਿਆ। ਇਸ ਸੋਲੋ ਨਾਟਕ ਵਿਚ ਕਲਾਕ੍ਰਿਤੀ ਦੀ ਡਾਇਰੈਕਟਰ ਪ੍ਰਮਿੰਦਰ ਪਾਲ ਕੌਰ ਦੀ ਅਦਾਕਾਰੀ ਨੇ ਦਰਸ਼ਕਾਂ ਨੂੰ ਕੀਲ ਕੇ ਰੱਖ ਦਿੱਤਾ। ਨਾਟਕ ਵਿਚ ਇੱਕ ਔਰਤ ਨੂੰ ਉਸਦਾ ਪਤੀ ਛੱਡਕੇ ਪਰਵਾਸ ਵਿਚ ਚਲਾ ਜਾਂਦਾ ਹੈ। ਇਸ ਤ੍ਰਾਸਦੀ ਵਿਚ ਉਸ ਔਰਤ ਦਾ ਰੋਲ ਪਰਮਿੰਦਰ ਪਾਲ ਕੌਰ ਨੇ ਕੀਤਾ, ਪਰਮਿੰਦਰ ਪਾਲ ਕੌਰ ਦੀ ਭਾਵਕਤਾ ਵਾਲੀ ਅਦਾਕਾਰੀ ਨੇ ਪੰਜਾਬ ਦੀਆਂ ਉਨ੍ਹਾਂ ਔਰਤਾਂ ਦੀ ਦ੍ਰਿਸ਼ਟਾਂਤਿਕ ਰੂਪ ਵਿਚ ਤਸਵੀਰ ਖਿਚ ਕੇ ਰੱਖ ਦਿੱਤੀ, ਜਿਹੜੀਆਂ ਪਤੀਆਂ ਦੇ ਪਰਵਾਸ ਵਿਚ ਜਾਣ ਤੋਂ ਬਾਅਦ ਜ਼ਿੰਦਗੀ ਜਿਓਣ ਲਈ ਜੱਦੋ-ਜਹਿਦ ਕਰਦੀਆਂ ਬੱਚਿਆਂ ਨੂੰ ਪਾਲਦੀਆਂ ਹਨ। ਇਹ ਸੰਤਾਪ ਪੰਜਾਬ ਵਿਚ ਭਾਰੂ ਪੈ ਰਿਹਾ ਹੈ। ਦਰਸ਼ਕ ਪਿੰਨ ਡਰਾਪ ਸਾਈਲੈਂਸ ਨਾਲ ਪਰਮਿੰਦਰ ਪਾਲ ਕੌਰ ਦੀ ਪੇਸ਼ਕਾਰੀ ਦਾ ਆਨੰਦ ਮਾਣਦੇ ਰਹੇ। 'ਮੰਚ ਆਪ ਸਭ ਕਾ' ਨਵੀਂ ਦਿੱਲੀ ਵੱਲੋਂ 'ਬੁੱਢਾ ਮਰ ਗਿਆ' ਕਾਮੇਡੀ ਪਲੇਅ ਖੇਡਿਆ ਗਿਆ, ਜਿਸ ਵਿਚ ਇੱਕ ਬਾਗ ਦੇ ਮਾਲਕ ਛਕੋਰੀ ਨੇ ਮਰਨ ਤੋਂ ਬਾਅਦ ਵੀ ਆਪਣੇ ਬਾਗ ਦਾ ਮੋਹ ਨਹੀਂ ਛੱਡਿਆ, 30 ਸਾਲ ਭੂਤ ਬਣਕੇ ਬਾਗ ਦੇ ਦਰੱਖਤਾਂ 'ਤੇ ਘੁੰਮਦਾ ਰਿਹਾ। ਇੱਕ ਬੁੱਢਾ ਆਦਮੀ ਬਾਗ ਦੀ ਰਾਖੀ ਕਰਦਾ ਹੈ, ਉਸਦਾ ਪੋਤਾ ਤੇ ਆਪਣੀ ਪਤਨੀ ਨਾਲ ਉਸ ਕੋਲ ਰਹਿੰਦੇ ਹਨ, ਉਹ ਦੋਵੇਂ ਦਾਦਾ ਨੂੰ ਲੰਬੇ ਸਮੇਂ ਤੱਕ ਜਿੰਦਾ ਰੱਖਣ ਲਈ ਰਣਨੀਤੀ ਬਣਾਉਂਦੇ ਹਨ, ਤਾਂ ਜੋ ਬਾਗ ਦਾ ਖੇਤ ਉਨ੍ਹਾਂ ਕੋਲ ਰਹੇ। ਇਸ ਨਾਟਕ ਦੇ ਨਿਰਦੇਸ਼ਕ ਦਿਨੇਸ਼ ਅਹਲਾਵਤ ਅਤੇ ਲੇਖਕ ਮਨੋਜ ਮਿੱਤਰਾ ਹਨ। ਅਦਾਕਾਰਾਂ ਦੀ ਕਲਾਕਾਰੀ ਨੇ ਦਰਸ਼ਕਾਂ ਨੂੰ ਮੋਹ ਲਿਆ। ਇਹ ਨਾਟਕ ਮਾਨਵਤਾ ਦੀ ਲਾਲਚੀ ਪ੍ਰਵਿਰਤੀ ਦਾ ਪ੍ਰਗਟਾਵਾ ਕਰਦਾ ਹੈ। 'ਏਕ ਰਾਗ ਦੋ ਸਵਰ' ਦੇਸ ਰਾਜ ਮੀਨਾਂ ਦੀ ਨਿਰਦੇਸ਼ਨਾ ਵਿਚ ਖੇਡਿਆ ਗਿਆ। ਇਸ ਨਾਟਕ ਵਿਚ ਇੱਕ ਪਤੀ ਪਤਨੀ ਘਰੇਲੂ ਜ਼ਿੰਦਗੀ ਵਿਚ ਕਲੇਸ਼ ਰੱਖਦੇ ਸਨ। ਉਨ੍ਹਾਂ ਨੂੰ ਸਿੱਧੇ ਰਸਤੇ 'ਤੇ ਪਾਉਣ ਲਈ ਇੱਕ ਦੋਸਤ ਦੀ ਤਰਕੀਬ ਦੋਹਾਂ ਨੂੰ ਇੱਕ ਦੂਜੇ ਦੇ ਨੇੜੇ ਲੈ ਆਈ, ਜਿਸ ਕਰਕੇ ਉਸ ਪਰਿਵਾਰ ਦਾ ਭਵਿੱਖ ਸ਼ਾਂਤਮਈ ਤੇ ਸੁਨਹਿਰਾ ਹੋ ਗਿਆ। ਪਤੀ ਤੇ ਪਤਨੀ ਇਕ ਕਾਰ ਦੇ ਦੋ ਪਹੀਏ ਹੁੰਦੇ ਹਨ, ਜੇਕਰ ਇੱਕ ਖ਼ਰਾਬ ਹੋ ਜਾਵੇ, ਤਾਂ ਪਰਿਵਾਰਿਕ ਕਾਰ ਚਲਦੀ ਨਹੀਂ ਰਹਿ ਸਕਦੀ। ਇਹ ਨਾਟਕ ਪਤੀ ਪਤਨੀ ਨੂੰ ਪਿਆਰ ਨਾਲ ਰਹਿਣ ਦੀ ਪ੍ਰੇਰਨਾ ਦੇ ਗਿਆ। ਇਸ ਪਰਿਵਾਰਿਕ ਨਾਟਕ ਦਾ ਦਰਸ਼ਕਾਂ ਨੇ ਖ਼ੂਬ ਆਨੰਦ ਮਾਣਿਆਂ। 'ਕੋਸ਼ਿਸ਼' ਨਾਟਕ ਸੰਦੀਪ ਮੋਰੇ ਦੀ ਨਿਰਦੇਸ਼ਨਾ ਹੇਠ ਖੇਡਿਆ ਗਿਆ। ਇਸ ਨਾਟਕ ਰਾਹੀਂ ਜ਼ਿੰਦਗੀ ਵਿਚ ਰੋਜ਼ਾਨਾਂ ਦੀ ਨੱਠ-ਭੱਜ ਨੂੰ ਬਹੁਤ ਹੀ ਸੁਚੱਜੇ ਢੰਗ ਨਾਲ ਪੇਸ਼ ਕੀਤਾ ਗਿਆ। ਨਾਟਕ ਵਿਚ ਅਦਾਕਾਰਾਂ ਦੀ ਕਲਾਕਾਰੀ ਨੇ ਇਹ ਸਾਬਤ ਕਰ ਦਿੱਤਾ ਕਿ ਜ਼ਿੰਦਗੀ ਦੀ ਸਫ਼ਲਤਾ ਲਈ ਕੋਸ਼ਿਸ਼ ਹੀ ਇੱਕੋ ਇੱਕ ਰਾਹ ਹੈ। ਸੰਦੀਪ ਮੋਰੇ, ਨਦੀਤਾ ਬਸਨੀਕ ਅਤੇ ਨਿਸ਼ਾ ਖ਼ੁਰਾਨਾ ਦੀ ਅਦਾਕਾਰੀ ਨੇ ਦਰਸ਼ਕਾਂ ਨੂੰ ਆਪਣੇ ਨਾਲ ਜੋੜ ਕੇ ਰੱਖਿਆ। ਬਲਾਤਕਾਰ ਪੀੜਤਾਂ ਦੀ ਜ਼ਿੰਦਗੀ ਬਾਰੇ ਡਾ. ਵਿਕਾਸ ਕਪੂਰ ਦੀ ਨਿਰਦੇਸ਼ਨਾ ਹੇਠ ਦਿਲ ਨੂੰ ਛੂਹਣ ਵਾਲਾ 'ਪੁਕਾਰ' ਨਾਟਕ ਖੇਡਿਆ ਗਿਆ। ਇਹ ਨਾਟਕ ਬਹੁਤ ਹੀ ਸੰਵੇਦਨਸ਼ੀਲ ਹੋਣ ਕਰਕੇ ਦਰਸ਼ਕਾਂ ਨੂੰ ਭਾਵੁਕ ਕਰ ਗਿਆ। ਨਾਟਕ ਦੀ ਪੇਸ਼ਕਾਰੀ ਇਤਨੀ ਬਾਕਮਾਲ ਸੀ ਕਿ ਦਰਸ਼ਕ ਪੂਰਾ ਸਮਾਂ ਇੱਕਚਿਤ ਹੋ ਕੇ ਨਾਟਕ ਵੇਖਦੇ ਰਹੇ ਤੇ ਕੋਈ ਦਰਸ਼ਕ ਆਪਣੀ ਸੀਟ ਤੋਂ ਹਿਲਿਆ ਨਹੀਂ। ਨਾਟਕ ਨੇ ਦਰਸ਼ਕਾਂ 'ਤੇ ਇਹ ਪ੍ਰਭਾਵ ਦਿੱਤਾ ਕਿ ਸਮਾਜ ਬਲਾਤਕਾਰ ਪੀੜਤਾਂ ਨੂੰ ਕਟਹਿਰੇ ਵਿਚ ਕਿਉਂ ਖੜ੍ਹਾ ਕਰਦਾ ਹੈ ਤੇ ਮਰਦ ਹੈਵਾਨੀਅਤ ਵਾਲਾ ਵਿਵਹਾਰ ਕਿਉਂ ਕਰਦੇ ਹਨ? ਡਾ.ਨੀਤੂ ਪਰਿਹਾਰ, ਅਸ਼ਿਮ ਸ੍ਰੀਮਾਲੀ, ਨੇਹਾ ਮਹਿਤਾ, ਅੰਤਿਮਾ ਵਿਆਸ, ਖ਼ੁਸ਼ੀ ਵਿਆਸ, ਇਸ਼ਿਤਾ ਧਾਰੀਵਾਲ, ਪਵਨ ਪਰਿਹਾਰ, ਭਰਤ ਮੇਵਾੜਾ, ਗੌਰਵ ਅਤੇ ਇੰਦਰਜੀਤ ਸਿੰਘ ਗੌੜ ਦੀ ਅਦਾਕਾਰੀ ਨੇ ਦਰਸ਼ਕਾਂ ਨੂੰ ਕੀਲ ਕੇ ਰੱਖਿਆ। ਨੈਸ਼ਨਲ ਥੇਟਰ ਫੈਸਟੀਵਲ ਦੇ ਛੇਵੇਂ ਦਿਨ ਅਭਿਸ਼ੇਕ ਮੋਦਗਿਲ ਦੁਆਰਾ ਨਿਰਦੇਸ਼ਤ ਕੀਤਾ ਨਾਟਕ 'ਮਹਾਂਰਥੀ' ਖੇਡਿਆ ਗਿਆ। ਇਹ ਨਾਟਕ ਮਹਾਂ ਭਾਰਤ ਦੀ ਵਿਥਿਆ 'ਤੇ ਆਧਾਰਿਤ ਹੈ। ਇਸ ਨਾਟਕ ਨੇ ਵੀ ਦਰਸ਼ਕਾਂ ਦੇ ਮਨ ਮੋਹ ਲਏ। ਦਿਵਿਆਂਸ਼ ਸ਼ਿਵਨਾਨੀ, ਦੇਵੇਂਦਰ ਸਵਾਮੀ, ਸਧਾਂਸ਼ੂ ਸ਼ੁਕਲਾ, ਵਿਵੇਕ ਜਾਖੜ, ਰਿਤਿਕਾ, ਯਸ਼ਵਿਨੀ, ਰੌਸ਼ਿਕ, ਨਿਸ਼ਾਂਤ, ਮੋਹਿਤ ਤੇ ਸ਼ਵੇਤਾ ਚੌਲਾਗਾਈ ਨੇ ਸ਼ਾਨਦਾਰ ਅਦਾਕਾਰੀ ਕਰਕੇ ਦਰਸ਼ਕਾਂ ਵੀ ਵਾਹਵਾ ਖੱਟੀ। ਡਰਾਮਾਟਰਜੀ ਆਰਟਸ ਐਂਡ ਕਲਚਰ ਸੋਸਾਇਟੀ ਦਿੱਲੀ ਦੇ ਕਲਾਕਾਰਾਂ ਵੱਲੋਂ 'ਟੈਕਸ ਫ੍ਰੀ' ਨਾਟਕ ਪੇਸ਼ ਕੀਤਾ ਗਿਆ, ਜਿਸਦੀ ਨਿਰਦੇਸ਼ਨਾ ਸੁਨੀਲ ਚੌਹਾਨ ਨੇ ਕੀਤੀ। ਇਹ ਨਾਟਕ ਚਾਰ ਅੰਨ੍ਹੇ ਨੌਜਵਾਨਾਂ ਦੀ ਜ਼ਿੰਦਗੀ ਦੀ ਜੱਦੋ-ਜਹਿਦ 'ਤੇ ਆਧਾਰਿਤ ਸੀ, ਜਿਸ ਰਾਹੀਂ ਦਰਸਾਇਆ ਗਿਆ ਕਿ ਜ਼ਿੰਦਗੀ ਨੂੰ ਖੁੱਲ੍ਹ ਕੇ ਜੀਣਾ ਹੀ ਅਸਲ ਜ਼ਿੰਦਗੀ ਹੈ। ਇਸ ਨਾਟਕ ਤੋਂ ਪ੍ਰੇਰਨਾ ਮਿਲਦੀ ਹੈ ਕਿ ਜਦੋਂ ਅੰਨ੍ਹੇ ਵਿਅਕਤੀ ਬਾਖ਼ੂਬੀ ਜ਼ਿੰਦਗੀ ਜੀਅ ਸਕਦੇ ਹਨ, ਤਾਂ ਹਰ ਇਨਸਾਨ ਨੂੰ ਆਪਣੀ ਜ਼ਿੰਦਗੀ ਦੇ ਸੁਨਹਿਰੀ ਪਲਾਂ ਨੂੰ ਹਰ ਔਖਿਆਈ ਦਾ ਮੁਕਾਬਲਾ ਕਰਦਿਆਂ ਜਿਉਣਾ ਚਾਹੀਦਾ। ਅਕਰਮ ਖ਼ਾਨ, ਕੁਸ਼ਲ ਦੇਵਗਨ, ਸੁਜਲ ਕੁਮਾਰ, ਪ੍ਰਦੀਪ ਕੁਮਾਰ ਅਤੇ ਰਾਘਵ ਸ਼ੁਕਲਾ ਨੇ ਅੰਨ੍ਹੇ ਕਲਾਕਾਰਾਂ ਦੀ ਭੂਮਿਕਾ ਖ਼ੂਬਸੂਰਤੀ ਨਾਲ ਨਿਭਾਈ। ਐੱਸ.ਪੀ. ਸਿੰਘ ਓਬਰਾਏ ਮੈਨੇਜਿੰਗ ਡਾਇਰੈਕਟਰ ਸਰਬੱਤ ਦਾ ਭਲਾ ਟਰੱਸਟ, ਗੁਰਜੀਤ ਸਿੰਘ ਓਬਰਾਏ, ਜੱਸਾ ਸਿੰਘ ਸੰਧੂ, ਡਾ. ਰਾਜ ਬਹਾਦਰ, ਜਸਟਿਸ ਐੱਮ.ਐੱਮ.ਐੱਸ. ਬੇਦੀ, ਡਾ. ਧਰਮਵੀਰ ਗਾਂਧੀ, ਮਨਜੀਤ ਸਿੰਘ ਨਾਰੰਗ, ਅਵਤਾਰ ਸਿੰਘ ਅਰੋੜਾ, ਪਰਮਿੰਦਰਪਾਲ ਕੌਰ, ਸੁਨੀਤਾ ਧੀਰ, ਡਾ. ਮਨਮੋਹਨ ਸਿੰਘ ਕਾਰਡੀਆਲੋਜਿਸਟ, ਡਾ. ਸਰਬਜਿੰਦਰ ਸਿੰਘ, ਰਾਵਿੰਦਰ ਸ਼ਰਮਾ, ਭੁਪਿੰਦਰ ਸਿੰਘ ਸੋਫ਼ਤ, ਦੀਪਕ ਕੰਪਾਨੀ ਤੇ ਅਕਸ਼ਯ ਗੋਪਾਲ, ਮਨਦੀਪ ਸਿੰਘ ਸਿੱਧੂ ਡੀ.ਆਈ.ਜੀ., ਪਦਮ ਸ਼੍ਰੀ ਪਰਾਣ ਸਭਰਵਾਲ ਅਤੇ ਡਾ. ਸਵਰਾਜ ਸਿੰਘ ਨੇ ਕਲਾਕਾਰਾਂ ਦੀ ਅਦਾਕਾਰੀ ਦਾ ਆਨੰਦ ਮਾਣਿਆ। ਮੰਜੂ ਮਿੱਢਾ ਅਰੋੜਾ ਨੇ ਸਾਰੇ ਸਮਾਗਮਾਂ ਦੀ ਬਾਕਮਾਲ ਐਂਕਰਿੰਗ ਕੀਤੀ। ਇਸ ਨੈਸ਼ਨਲ ਥੇਟਰ ਫ਼ੈਸਟੀਵਲ ਦੀ ਸਫ਼ਲਤਾ ਦਾ ਸਿਹਰਾ ਪ੍ਰਮਿੰਦਰ ਪਾਲ ਕੌਰ ਅਤੇ ਉਸਦੀ ਕਲਾਕ੍ਰਿਤੀ ਦੀ ਟੀਮ ਅਤੇ ਜੱਸਾ ਸਿੰਘ ਸੰਧੂ ਤੇ ਉਸਦੀ ਸਰਬੱਤ ਦਾ ਭਲਾ ਦੀ ਟੀਮ ਨੂੰ ਜਾਂਦਾ ਹੈ।

ਖਚਾਖਚ ਭਰੇ ਨਾਰਥ ਜੋਨ ਕਲਚਰ ਸੈਂਟਰ ਦੇ ਕਾਲੀਦਾਸ ਆਡੋਟੋਰੀਅਮ ਵਿਚ ਪਟਿਆਲਵੀਆਂ ਨੇ ਇੱਕ ਹਫ਼ਤਾ ਨਾਟਕਾਂ ਦਾ ਖ਼ੂਬ ਆਨੰਦ ਮਾਣਿਆਂ ਅਤੇ ਦਰਸ਼ਕਾਂ ਦੀ ਸ਼ਾਬਾਸ਼ ਨੇ ਅਦਾਕਾਰਾਂ ਦਾ ਉਤਸ਼ਾਹ ਵਧਾਇਆ। ਇਹ ਨੈਸ਼ਨਲ ਥੇਟਰ ਫ਼ੈਸਟੀਵਲ ਪਟਿਆਲਵੀਆਂ ਦੀਆਂ ਯਾਦਾਂ ਦਾ ਸਰਮਾਇਆ ਬਣ ਗਿਆ। 2025 ਦੇ ਨੈਸ਼ਨਲ ਥੇਟਰ ਫੈਸਟੀਵਲ ਦੀ ਉਮੀਦ ਨਾਲ ਇਹ ਫੈਸਟੀਵਲ ਸਮਾਪਤ ਹੋਇਆ।

# ਮੁੰਡਿਆਂ ਦੇ ਨਾਲ਼ ਲੋਹੜੀ ਧੀਆਂ ਦੀ ਵੀ ਪਾਈਏ

ਬਲਜਿੰਦਰ ਮਾਨ
ਸੰਪਾਦਕ ਨਿੱਕੀਆਂ ਕਰੂੰਬਲਾਂ,
ਕਰੂੰਬਲਾਂ ਭਵਨ ਮਾਹਿਲਪੁਰ, ਹੁਸ਼ਿਆਰਪੁਰ
98150-18947
ਪੰਜਾਬ ਮੇਲ USA





ਲੋਹੜੀ ਸ਼ਬਦ ਤਿਲ+ਰੋੜੀ ਸ਼ਬਦਾਂ ਦੇ ਜੋੜ ਨਾਲ ਬਣਿਆ ਹੈ। ਜੋ ਸਮਾਂ ਪਾ ਕੇ ਤਿਲੋੜੀ ਤੇ ਫਿਰ ਲੋਹੜੀ ਬਣਿਆ। ਕਈ ਥਾਵਾਂ 'ਤੇ ਇਸ ਨੂੰ ਲੋਹੀ ਜਾਂ ਲੋਈ ਵੀ ਕਿਹਾ ਜਾਂਦਾ ਹੈ। ਵੈਦਿਕ ਕਾਲ ਵਿਚ ਲੋਕ ਦੇਵੀ ਦੇਵਤਿਆਂ ਨੂੰ ਖੁਸ਼ ਕਰਨ ਲਈ ਹਵਨ ਕਰਦੇ ਸਨ। ਹਵਨ ਵਿਚ ਗੁੜ, ਘਿਉ, ਤਿਲ, ਚੌਲ, ਸੁੱਕੇ ਮੇਵੇ ਅਤੇ ਸ਼ਹਿਦ ਆਦਿ ਵਸਤਾਂ ਪਾਈਆਂ ਜਾਂਦੀਆਂ ਸਨ। ਇਕ ਕਥਾ ਅਨੁਸਾਰ ਲੋਹੜੀ ਦੇਵੀ ਨੇ ਇਕ ਰਾਕਸ਼ ਨੂੰ ਮਾਰਿਆ ਸੀ, ਜਿਸਦੀ ਯਾਦ ਵਿਚ ਇਹ ਤਿਉਹਾਰ ਮਨਾਇਆ ਜਾਣ ਲੱਗਾ। ਪੌਰਾਣਿਕ ਕਥਾਵਾਂ ਵਿਚ ਇਸ ਦਾ ਸਬੰਧ ਸਤੀ ਦਹਿਨ ਨਾਲ ਵੀ ਜੋੜਿਆ ਜਾਂਦਾ ਹੈ।

ਲੋਹੜੀ ਦੇ ਤਿਉਹਾਰ ਦੇ ਆਰੰਭ ਬਾਰੇ ਵੱਖੋ-ਵੱਖਰੀਆਂ ਕਹਾਣੀਆਂ ਪ੍ਰਚੱਲਿਤ ਹਨ। ਆਮ ਤੌਰ 'ਤੇ ਦੁੱਲੇ ਭੱਟੀ ਦੀ ਕਹਾਣੀ ਨਾਲ ਇਸ ਤਿਉਹਾਰ ਦੇ ਆਰੰਭ ਨੂੰ ਮੰਨਿਆ ਗਿਆ ਹੈ। ਇਸ ਗੱਲ ਦਾ ਸਬੂਤ ਇਸ ਗੀਤ ਵਿਚੋਂ ਮਿਲਦਾ ਹੈ:-

ਸੁੰਦਰ ਮੁੰਦਰੀਏ, ਹੋ
ਤੇਰਾ ਕੌਣ ਵਿਚਾਰਾ, ਹੋ
ਦੁੱਲਾ ਭੱਟੀ ਵਾਲਾ, ਹੋ
ਦੁੱਲੇ ਧੀ ਵਿਆਹੀ, ਹੋ
ਸੇਰ ਸ਼ੱਕਰ ਆਈ, ਹੋ
ਕੁੜੀ ਦੇ ਬੋਝੇ ਪਾਈ, ਹੋ
ਕੁੜੀ ਦਾ ਲਾਲ ਪਟਾਕਾ, ਹੋ .....

ਪੋਹ ਮਹੀਨੇ ਦੀ ਆਖਰੀ ਰਾਤ ਨੂੰ ਲੋਹੜੀ ਮੌਕੇ ਆਪਸੀ ਸਾਂਝਾ ਦੇ ਗੀਤ ਛਿੜਦੇ ਨੇ। ਅੱਤ ਦੀ ਸਰਦੀ ਵਿਚ ਗੁੜ ਤੇ ਤਿਲਾਂ ਦੀ ਗਰਮੀ ਅਤੇ ਧੂਣੀਆਂ ਦਾ ਨਿੱਘ ਹਰ ਕਿਸੇ ਨੂੰ ਗਲਵੱਕੜੀ ਪਾ ਲੈਂਦਾ ਹੈ। ਇਸ ਤਿਉਹਾਰ ਦਾ ਸਿੱਧਾ ਸਬੰਧ ਲੜਕੇ ਦੇ ਜਨਮ ਨਾਲ ਜੁੜਦਾ ਹੈ। ਜਿਸ ਘਰ ਲੜਕਾ ਪੈਦਾ ਹੋਇਆ ਹੁੰਦਾ ਹੈ ਜਾਂ ਜਿਸ ਘਰ ਨਵਾਂ ਵਿਆਹ ਹੋਇਆ ਹੁੰਦਾ ਹੈ, ਉਥੇ ਲੋਹੜੀ ਦੀ ਰੌਣਕ ਦੇਖਿਆਂ ਹੀ ਬਣਦੀ ਹੈ। ਬੱਚਿਆਂ ਦੀਆਂ ਟੋਲੀਆਂ ਲੋਹੜੀ ਦੇ ਗੀਤ ਗਾਉਂਦੀਆਂ। ਨਵੇਂ ਆਏ ਬਾਲ ਅਤੇ ਉਸਦੇ ਮਾਪਿਆਂ ਲਈ ਦੁਆਵਾਂ ਮੰਗਦੀਆਂ ਹਨ। ਘਰ ਵਾਲੇ ਉਨ੍ਹਾਂ ਨੂੰ ਖੁਸ਼ੀ ਨਾਲ ਗੁੜ, ਦਾਣੇ, ਮੂੰਗਫਲੀ ਆਦਿ ਵੰਡਦੇ ਹਨ।

ਲੋਹੜੀ ਬਈ ਲੋਹੜੀ, ਜੀਵੇ ਤੇਰੀ ਜੋੜੀ
ਦਿਉ ਗੁੜ ਦੀ ਰੋੜੀ ਵਈ ਰੋੜੀ

ਜੇਕਰ ਘਰ ਵਾਲੇ ਲੋਹੜੀ ਪਾਉਣ ਵਿਚ ਦੇਰੀ ਕਰ ਦਿੰਦੇ, ਤਾਂ ਲੜਕੀਆਂ ਇੰਜ ਗਾਉਣ ਲੱਗ ਪੈਂਦੀਆਂ:

ਸਾਡੇ ਪੈਰਾਂ ਹੇਠ ਸਿਲਾਈਆਂ
ਅਸੀਂ ਕਿਹੜੇ ਵੇਲੇ ਦੀ ਆਈਆਂ।
ਕੋਠੀ ਹੇਠ ਚਾਕੂ
ਗੁੜ ਦਵੇ ਮੁੰਡੇ ਦਾ ਬਾਪੂ।
ਕੋਠੀ ਉਤੇ ਕਾਂ
ਗੁੜ ਦੇਵੇ ਮੁੰਡੇ ਦੀ ਮਾਂ।

ਇਸ ਤਰ੍ਹਾਂ ਲੋਹੜੀ ਮੰਗਣ ਵਾਲੇ ਬੱਚੇ ਮੁੰਡੇ ਵਾਲੇ ਘਰਾਂ 'ਚ ਜਾਂਦੇ ਅਤੇ ਲੋਹੜੀ ਮੰਗਦੇ।

ਫਿਰ ਵਾਰੀ ਆਉਂਦੀ ਧੂਣੀ ਦੀ। ਸਾਰੇ ਰਿਸ਼ਤੇਦਾਰ ਅਤੇ ਸਾਕ ਸਬੰਧੀ ਧੂਣੀ ਦੁਆਲੇ ਇਕੱਤਰ ਹੋ ਕੇ ਖ਼ੁਸ਼ੀ ਦੇ ਮਾਹੌਲ ਨੂੰ ਤਿਲ ਅਤੇ ਚੌਲਾਂ ਨਾਲ ਗਰਮਾ ਦਿੰਦੇ। ਸੱਸ ਨਣਾਨ ਅਤੇ ਦਰਾਣੀਆਂ, ਜਠਾਣੀਆਂ ਇਕੱਠੀਆਂ ਹੋ ਕੇ ਗਿੱਧੇ ਦਾ ਪਿੜ ਵੀ ਧੂਣੀ ਲਾਗੇ ਹੀ ਬੰਨ੍ਹ ਲੈਂਦੀਆਂ ਨੇ। ਇਸ ਮੌਕੇ ਇਹ ਗੀਤ ਵੀ ਗਾਇਆ ਜਾਂਦਾ:-

ਜਿਤਨੇ ਜਠਾਣੀ ਤਿਲ ਸੁਟੇਸੀ
ਉਤਨੇ ਦਰਾਣੀ ਪੁੱਤ ਜਣੇਸੀ।

ਵਿਆਹੀਆਂ ਲੜਕੀਆਂ ਨੂੰ ਪੇਕਿਆਂ ਵਲੋਂ ਲੋਹੜੀ ਦਾ ਤਿਉਹਾਰ ਦਿੱਤਾ ਜਾਂਦਾ ਹੈ। ਭਾਵ ਇਸ ਮਹੀਨੇ ਪੇਕਿਆਂ ਵਲੋਂ ਪਿੰਨੀਆਂ, ਮਠਿਆਈਆਂ ਅਤੇ ਹੋਰ ਲੀੜਾ-ਲੱਤਾ ਦਿੱਤਾ ਜਾਂਦਾ ਹੈ। ਇਸ ਮਹੀਨੇ ਭੈਣਾਂ ਨੂੰ ਵੀਰਾਂ ਤੇ ਭਰਜਾਈਆਂ ਦੀ ਉਡੀਕ ਰਹਿੰਦੀ ਹੈ ਕਿ ਉਹਦੇ ਲਈ ਲੋਹੜੀ ਤਿਉਹਾਰ ਲੈ ਕੇ ਆਉਣਗੇ। ਇਸ ਮੌਕੇ ਜਦ ਭੈਣ ਘਰ ਭਾਈ ਪੁੱਜਦਾ ਹੈ, ਤਾਂ ਉਹ ਅਜਿਹਾ ਗੀਤ ਗਾਉਂਦੀ ਹੈ:-

ਲੋਹੜੀ ਦਾ ਮਹੀਨਾ ਚੜ੍ਹਿਆ
ਵੀਰ ਪ੍ਰਾਹੁਣਾ ਆਇਆ
ਲੱਸੀ ਛੱਡ ਮੈਂ ਦੁੱਧ ਪਿਲਾਵਾਂ
ਪੀ ਮੇਰੀ ਅੰਮਾ ਦਾ ਜਾਇਆ...

ਜੇਕਰ ਪੇਕਿਆ ਵਲੋਂ ਤਿਉਹਾਰ ਲੈ ਕੇ ਕੋਈ ਨਾ ਜਾਵੇ, ਤਾਂ ਉਸਦਾ ਨਿਰਾਸ਼ ਹੋਣਾ ਸੁਭਾਵਿਕ ਹੀ ਹੈ। ਕਿਉਂਕਿ ਧੀਆਂ ਨੂੰ ਪੇਕਿਆਂ 'ਤੇ ਸਭ ਤੋਂ ਵੱਧ ਮਾਣ ਹੁੰਦਾ ਹੈ। ਉਹ ਆਪ ਮੁਹਾਰੇ ਆਖ ਦਿੰਦੀ ਹੈ:-

'ਕੁਰਸੀ ਮੇਰੇ ਵੀਰ ਦੀ ਥਾਣੇਦਾਰ ਬਰੋਬਰ ਡਹਿੰਦੀ'।

ਇਸ ਤਰ੍ਹਾਂ ਸਹੁਰੇ ਘਰ ਵਿਚ ਉਸਦੀ ਟੌਹਰ ਬਣੀ ਰਹਿੰਦੀ ਹੈ। ਪਹਿਲੇ ਪਹਿਲ ਤਾਂ ਲੋਹੜੀ ਮੰਗਣਾ ਲੋਹੜੀ ਵਾਲੇ ਦਿਨ ਤੋਂ ਅੱਠ-ਦਸ ਦਿਨ ਪਹਿਲਾਂ ਹੀ ਸ਼ੁਰੂ ਹੋ ਜਾਂਦਾ ਸੀ। ਸਮੇਂ ਦੀ ਤੋਰ ਦੇ ਨਾਲ-ਨਾਲ ਸਾਰੇ ਰੀਤੀ-ਰਿਵਾਜ਼ ਬਦਲਦੇ ਜਾ ਰਹੇ ਹਨ। ਲੋਹੜੀ ਦਾ ਮੌਜੂਦਾ ਰੂਪ ਵੀ ਕੁਝ ਅਜਿਹਾ ਹੀ ਬਣ ਗਿਆ ਹੈ। ਅੱਤ ਦੀ ਸਰਦੀ ਕਾਰਨ ਇਸ ਤਿਉਹਾਰ ਦਾ ਸਬੰਧ ਮੌਸਮ ਨਾਲ ਵੀ ਗੂੜ੍ਹਾ ਹੈ। ਇਨ੍ਹਾਂ ਦਿਨਾਂ ਵਿਚ ਖਾਣ-ਪੀਣ ਲਈ ਸੁੱਕੇ ਮੇਵਿਆਂ ਦੀ ਵਰਤੋਂ ਕੀਤੀ ਜਾਂਦੀ ਹੈ। ਘਰਾਂ ਵਿਚ ਪਿੰਨੀਆਂ ਬਣਾਈਆਂ ਜਾਂਦੀਆਂ ਹਨ, ਜੋ ਆਪਸ ਵਿਚ ਵੰਡ ਕੇ ਪਿਆਰ ਨਾਲ ਖਾਧੀਆਂ ਜਾਂਦੀਆਂ ਹਨ। ਲੋਹੜੀ ਵਾਲੀ ਰਾਤ ਨੂੰ ਪੋਹ ਮਹੀਨਾ ਹੁੰਦਾ ਹੈ ਤੇ ਅਗਲੀ ਸਵੇਰ ਨੂੰ ਨਵਾਂ ਮਹੀਨਾ ਭਾਵ ਮਾਘ ਚੜ੍ਹ ਪੈਂਦਾ ਹੈ। ਔਰਤਾਂ ਘਰਾਂ ਵਿਚ ਚੁੱਲੇ ਤੇ ਸਾਗ ਧਰਦੀਆਂ ਹਨ, ਜੋ ਲੋਹੜੀ ਵਾਲੀ ਰਾਤ ਨੂੰ ਧਰਿਆ ਜਾਂਦਾ ਹੈ ਪਰ ਖਾਧਾ ਅਗਲੇ ਦਿਨ ਜਾਂਦਾ ਹੈ। ਇਸੇ ਕਰਕੇ ਕਿਹਾ ਜਾਂਦਾ ਹੈ ਕਿ ਪੋਹ ਰਿੱਧੀ ਤੇ ਮਾਘ ਖਾਧੀ। ਅੱਜਕੱਲ੍ਹ ਦੀਆਂ ਮੁਟਿਆਰਾਂ ਲਈ ਤਾਂ ਇਹ ਇਕ ਬੁਝਾਰਤ ਹੈ, ਜਿਸ ਬਾਰੇ ਬਹੁਤ ਘੱਟ ਲੜਕੀਆਂ ਜਾਣਦੀਆਂ ਹਨ।

ਆਓ ਹੁਣ ਦੇਖੀਏ ਅਜੋਕੇ ਸਮੇ ਦੀ ਲੋਹੜੀ ਦਾ ਨਜ਼ਾਰਾ। ਨਾ ਤਾਂ ਬੱਚੇ ਗਲੀਆਂ ਵਿਚ ਫਿਰਦੇ ਦਿਖਾਈ ਦੇ ਰਹੇ ਹਨ ਅਤੇ ਨਾ ਹੀ ਉਹ ਲੋਹੜੀ ਮੰਗਦੇ ਹਨ। ਪਹਿਲਾਂ ਵਾਲਾ ਸਮੇਂ ਕਿਤੇ ਦੂਰ ਨਿਕਲ ਗਿਆ ਹੈ। ਆਪਸੀ ਪਿਆਰ ਮੁਹੱਬਤ ਵੀ ਹੁਣ ਬੀਤੇ ਦੀਆਂ ਕਹਾਣੀਆਂ ਬਣਕੇ ਰਹਿ ਗਿਆ ਹੈ। ਬਸ ਹੁਣ ਤਾਂ ਸਿਰਫ ਇਹ ਗੱਲਾਂ ਖਾਨਾਪੂਰਤੀ ਵਾਂਗ ਲੱਗਣ ਲੱਗ ਪਈਆਂ ਹਨ। ਪਾਥੀਆਂ ਅਤੇ ਬਾਲਣ ਮੰਗ ਕੇ ਧੂਣੀ ਲਾਉਣ ਦਾ ਜ਼ਮਾਨਾ ਤਾਂ ਕਦੋਂ ਦਾ ਲੱਦ ਗਿਆ ਹੈ। ਪਿੰਡਾਂ ਵਿਚ ਵੀ ਬੱਚੇ ਸਿਰਫ ਲੋਹੜੀ ਵਾਲੇ ਦਿਨ ਹੀ ਲੋਹੜੀ ਮੰਗਦੇ ਦਿਖਾਈ ਦਿੰਦੇ ਹਨ। ਉਨ੍ਹਾਂ ਦੀ ਗਿਣਤੀ ਵੀ ਬਹੁਤ ਘੱਟ ਹੋ ਗਈ ਹੈ। ਪੁਰਾਣੇ ਜ਼ਮਾਨੇ ਵੀਹ ਜਾਂ ਪੰਝੀਆਂ ਦੀ ਟੋਲੀ ਲੋਹੜੀ ਮੰਗਣ ਤੁਰਦੀ ਸੀ। ਅੱਜਕੱਲ੍ਹ ਨਾ ਤਾਂ ਐਨੀਆਂ ਟੋਲੀਆਂ ਹਨ ਅਤੇ ਨਾ ਹੀ ਇਨ੍ਹਾਂ ਦੇ ਐਨੇ ਮੈਂਬਰ। ਲੋਹੜੀ ਦਾ ਚਾਅ ਤਾਂ ਸਭ ਨੂੰ ਹੁੰਦਾ ਹੈ ਪਰ ਬਦਲਦੇ ਜ਼ਮਾਨੇ ਨਾਲ ਕਈ ਬੱਚੇ ਲੋਹੜੀ ਮੰਗਣ ਨਹੀਂ ਜਾਂਦੇ। ਇਸਦਾ ਮੁੱਖ ਕਾਰਨ ਸਮਾਜ ਵਿਚ ਆਈ ਆਰਥਿਕ ਤਬਦੀਲੀ ਵੀ ਮੰਨੀ ਜਾ ਸਕਦੀ ਹੈ। ਕੁਝ ਨੂੰ ਆਪਣੀ ਸ਼ਾਨ ਦਾ ਵੀ ਡਰ ਹੈ। ਪਹਿਲੇ ਜ਼ਮਾਨੇ ਵਿਚ ਸ਼ਾਇਦ ਹੀ ਕੋਈ ਬੱਚਾ ਅਜਿਹੀਆਂ ਗੱਲਾਂ 'ਤੇ ਵਿਚਾਰ ਕਰਦਾ ਹੋਵੇਗਾ।

ਸਾਡੇ ਰਿਸ਼ਤੇ ਨਾਤਿਆਂ ਵਿਚੋਂ ਖਤਮ ਹੋ ਰਿਹਾ ਨਿੱਘ ਵੀ ਸਾਨੂੰ ਧੂਣੀਆਂ 'ਤੇ ਇਕੱਠੇ ਹੋਣ ਤੋਂ ਰੋਕ ਲੈਂਦਾ ਹੈ। ਹੁਣ ਇਸ ਖੁਸ਼ੀ ਨੂੰ ਹਰ ਕੋਈ ਨਹੀਂ ਮਾਣਦਾ। ਬਸ ਸਬੰਧਤ ਲੋਕਾਂ ਤੱਕ ਹੀ ਲੋਹੜੀ ਦੇ ਜਸ਼ਨ ਸੀਮਤ ਹੋ ਕੇ ਰਹਿ ਗਏ ਹਨ। ਮੀਡੀਏ ਦੇ ਪ੍ਰਭਾਵ ਕਾਰਨ ਹਰ ਗੱਲ ਤੇ ਹਰ ਕੰਮ ਵਿਚ ਦਿਖਾਵਾ ਆ ਗਿਆ ਹੈ। ਇਸ ਲਈ ਇਸ ਤਿਉਹਾਰ ਨੂੰ ਕਈ ਅਮੀਰਾਂ ਨੇ ਦਿਖਾਵੇ ਦਾ ਸਾਧਨ ਵੀ ਬਣਾ ਲਿਆ ਹੈ। ਇਸੇ ਕਰਕੇ ਅਜੋਕੇ ਸਮੇਂ ਵਿਚ ਲੋਹੜੀ ਵੀ ਇਕ ਦਿਖਾਵੇ ਦਾ ਤਿਉਹਾਰ ਬਣ ਕੇ ਰਹਿ ਗਿਆ ਹੈ। ਜਿਨ੍ਹਾਂ ਅਮੀਰ ਘਰਾਂ ਵਿਚ ਪੁੱਤ ਜੰਮੇ ਹੁੰਦੇ ਨੇ, ਉਹ ਲੱਖਾ ਰੁਪੈ ਲਾਈਟਾਂ, ਡੀ.ਜੇ., ਕਲਾਕਾਰ ਅਤੇ ਹੋਰ ਦਿਖਾਵੇ ਦੇ ਬਾਨਣੂ ਬੰਨਣ ਵਿਚ ਲਾ ਦਿੰਦੇ ਹਨ। ਕਈ ਵਾਰ ਤਾਂ ਸ਼ਰਾਬ ਦਾ ਅਜਿਹਾ ਦੌਰ ਚੱਲਦਾ ਹੈ ਕਿ ਮਾਰ ਕੁਟਾਈ ਅਤੇ ਗੋਲੀਆਂ ਚੱਲਣ ਤੱਕ ਦੀ ਨੌਬਤ ਆ ਜਾਂਦੀ ਹੈ। ਹਾਲਤ ਇੰਨੀ ਵਿਗੜ ਜਾਂਦੀ ਹੈ ਕਿ ਖੁਸ਼ੀਆਂ ਦੇ ਗੀਤਾਂ ਵਿਚ ਵੈਣ ਵੀ ਪੈਣ ਲੱਗ ਪੈਂਦੇ ਹਨ। ਪੰਜਾਬੀਆਂ ਦਾ ਗੁੱਸਾ ਅਤੇ ਪਿਆਰ ਦੋਨੋਂ ਹੀ ਨਿਰਾਲੇ ਹਨ। ਚਾਅ ਤੇ ਮੁਲ੍ਹਾਰ ਕਰਨਾ ਹਰ ਕਿਸੇ ਦਾ ਹੱਕ ਹੈ ਪਰ ਇਸਦੀ ਬਹੁਲਤਾ ਕਦੀ ਕਿਸੇ ਨੂੰ ਰਾਸ ਨਹੀਂ ਆਉਂਦੀ।

ਕੋਈ ਜ਼ਮਾਨਾ ਹੁੰਦਾ ਸੀ, ਜਦੋਂ ਧੀ ਦੇ ਜਨਮ ਨੂੰ ਪੱਥਰ ਆਉਣ ਨਾਲ ਤੁਲਨਾਇਆ ਜਾਂਦਾ ਸੀ ਪਰ ਹੁਣ ਜੁਗ ਬਦਲ ਗਿਆ ਹੈ। ਲੜਕੀਆਂ ਨੇ ਆਪਣੇ ਹਿੰਮਤੀ ਤੇ ਸਤਿਕਾਰਯੋਗ ਕਾਰਜਾਂ ਨਾਲ ਸਮਾਜ ਵਿਚ ਬੜਾ ਮਾਣ-ਸਨਮਾਨ ਹਾਸਲ ਕਰ ਲਿਆ ਹੈ। ਉੱਚੇ ਰੁਤਬੇ ਹਾਸਲ ਕਰਨ ਵਾਲੀਆਂ ਔਰਤਾਂ ਧੀ ਦੇ ਜਨਮ ਨੂੰ ਕਦੀ ਮਾੜਾ ਨਹੀਂ ਕਹਿੰਦੀਆਂ, ਸਗੋਂ ਪੁੱਤਰਾਂ ਵਾਂਗ ਹੀ ਲਾਡ-ਲਡਾਉਂਦੀਆਂ ਹਨ। ਬਦਲੇ ਜ਼ਮਾਨੇ ਦਾ ਇਹ ਇਕ ਹੋਰ ਖੁਸ਼ਨੁਮਾ ਪਹਿਲੂ ਵੀ ਉਭਰਕੇ ਸਾਹਮਣੇ ਆਇਆ ਹੈ। ਉਹ ਹੈ ਲੜਕੀਆਂ ਦੀ ਲੋਹੜੀ ਵੰਡਣ ਦਾ ਰਿਵਾਜ਼। ਬਹੁਤ ਸਾਰੀਆਂ ਸਮਾਜਿਕ ਜਥੇਬੰਦੀਆਂ ਦੇ ਉੱਦਮ ਨਾਲ ਲੋਕਾਂ ਨੂੰ ਜਾਗ੍ਰਿਤ ਕੀਤਾ ਗਿਆ ਕਿ ਮੁੰਡੇ ਕੁੜੀ ਵਿਚ ਕੋਈ ਅੰਤਰ ਨਹੀਂ। ਇਸ ਲਈ ਅਗਾਂਹਵਧੂ ਸੋਚ ਦੇ ਮਾਲਕ ਲੜਕੀਆਂ ਦੀ ਲੋਹੜੀ ਵੀ ਮੁੰਡਿਆ ਵਾਂਗ ਪਾ ਰਹੇ ਹਨ। ਕਈ ਵਾਰ ਤਾਂ ਇਹ ਵੀ ਦੇਖਣ ਵਿਚ ਆਇਆ ਹੈ ਕਿ ਜਿਸ ਘਰ ਮਾਲਕ ਨੇ ਸਿਰਫ ਧੀ ਦੀ ਹੀ ਦਾਤ ਦਿੱਤੀ ਹੁੰਦੀ ਹੈ ਜਾਂ ਵਡੇਰੀ ਉਮਰ ਵਿਚ ਮਾਲਕ ਦੀ ਕਿਰਪਾ ਹੋਈ ਹੁੰਦੀ ਹੈ। ਉਹ ਧੀ ਦੀ ਲੋਹੜੀ ਨੂੰ ਮੁੰਡਿਆਂ ਨਾਲੋਂ ਵੀ ਕਿਤੇ ਵੱਧ ਚ੍ਹਾਵਾਂ ਤੇ ਮੁਲ੍ਹਾਰਾਂ ਨਾਲ ਪਾਉਂਦੇ ਹਨ। ਜਿਵੇਂ ਇਸ ਗੀਤ ਵਿਚ ਬਿਆਨਿਆ ਹੈ:-

ਮੁੰਡਿਆਂ ਦੇ ਨਾਲ ਲੋਹੜੀ ਧੀਆਂ ਦੀ ਵੀ ਪਾਈਏ
ਆਓ ਸਾਰੇ ਲੋਹੜੀ ਦੀਆਂ ਖੁਸ਼ੀਆਂ ਮਨਾਈਏ।
ਮੁੰਡਿਆਂ ਤੋਂ ਵੱਧ ਧੀਆਂ ਲਾਡ ਨੇ ਲਡਾਉਂਦੀਆਂ
ਸਾਰੇ ਭੁੱਲ ਜਾਣ ਉਹ ਕਦੇ ਨਾ ਭੁਲਾਉਂਦੀਆਂ
ਉੱਚੀ ਅਤੇ ਸੁੱਚੀ ਇਹੋ ਗੀਤ ਅਪਣਾਈਏ
ਮੁੰਡਿਆਂ ਦੇ ਨਾਲ ਲੋਹੜੀ ਦੀਆਂ ਦੀ ਵੀ ਪਾਈਏ।......

ਜਿਹੜੇ ਲੋਕ ਲੋਹੜੀ ਦੇ ਜਸ਼ਨਾਂ ਵਿਚ ਗਰੀਬ ਗੁਰਬੇ ਨੂੰ ਸ਼ਾਮਲ ਕਰਦੇ ਹਨ, ਉਨ੍ਹਾਂ ਨੂੰ ਵਿਸ਼ੇਸ਼ ਸ਼ਾਬਾਸ਼ ਦਿੱਤੀ ਜਾਣੀ ਬਣਦੀ ਹੈ। ਕਿਉਂਕਿ ਲੋੜਵੰਦਾਂ ਦੀ ਮਦਦ ਕਰਨ ਦਾ ਇਸ ਤੋਂ ਵਧੀਆ ਹੋਰ ਕੋਈ ਮੌਕਾ ਨਹੀਂ ਹੋ ਸਕਦਾ। ਕੁਝ ਲੋਕ ਬੱਚਿਆਂ ਦੀ ਸਹਾਇਤਾ ਲਈ ਪੁੱਤਰਾਂ ਦੀ ਖੁਸ਼ੀ ਮੌਕੇ ਕੁਝ ਬੱਚਿਆਂ ਨੂੰ ਗੋਦ ਲੈ ਕੇ ਪੜ੍ਹਾਈ ਲਿਖਾਈ ਵੀ ਕਰਵਾਉਂਦੇ ਹਨ। ਅਜਿਹੇ ਸਮਾਜ ਭਲਾਈ ਦੇ ਕਾਰਜ ਹਰ ਮਾਂ-ਬਾਪ ਨੂੰ ਕਰਨੇ ਚਾਹੀਦੇ ਹਨ, ਜਿਨ੍ਹਾਂ ਦੇ ਘਰ ਲੋਹੜੀ ਦਾ ਜਸ਼ਨ ਮਨਾਇਆ ਜਾ ਰਿਹਾ ਹੈ। ਆਓ ਅੱਜ ਇਨ੍ਹਾਂ ਜਸ਼ਨਾਂ ਨੂੰ ਆਧੁਨਿਕਤਾ ਦਾ ਸ਼ਾਨਦਾਰ ਰੂਪ ਪ੍ਰਦਾਨ ਕਰਦੇ ਹੋਏ ਉਨ੍ਹਾਂ ਘਰਾਂ ਵਿਚ ਵੀ ਲੋਹੜੀ ਪਹੁੰਚਾਈਏ, ਜਿਹੜੇ ਇਸ ਸ਼ਗਨ ਨੂੰ ਤਰਸ ਰਹੇ ਨੇ। ਸਮਾਜ ਵਿਚ ਆਈ ਇਸ ਚਾਨਣ ਦੀ ਲੋਅ ਵਿਚ ਹਰ ਭਾਰਤ ਵਾਸੀ ਨੂੰ ਨਹਾਉਣ ਚਾਹੀਦਾ ਹੈ। ਜਦੋਂ ਸਮਾਜ ਦੀ ਮਾਨਸਿਕਤਾ ਵਿਚ ਮੁੰਡੇ ਕੁੜੀ ਲਈ ਬਰਾਬਰ ਸਤਿਕਾਰ ਹੋ ਜਾਵੇਗਾ ਫਿਰ ਇਸ ਲੋਹੜੀ ਦਾ ਮਹੱਤਵ ਹੋਰ ਵੀ ਵਧ ਜਾਵੇਗਾ। ਅੱਜ ਸਾਨੂੰ ਸਿਰਫ ਲੜਕੀ ਦੇ ਜਨਮ 'ਤੇ ਹੀ ਲੋਹੜੀ ਦਾ ਜਸ਼ਨ ਨਹੀਂ ਮਨਾਉਣ ਚਾਹੀਦਾ, ਜਦਕਿ ਲੜਕੀ ਦਾ ਵੀ ਉਸ ਦੇ ਬਰਾਬਰ ਚਾਅ ਲਾਡ ਕਰਨਾ ਚਾਹੀਦਾ ਹੈ। ਇਸ ਮੌਕੇ ਲੋਹੜੀ ਦੀ ਮੁਬਾਰਕ ਅਗਾਂਹਵਧੂ ਸੋਚ ਦਾ ਪ੍ਰਦਰਸ਼ਨ ਕਰਨ ਵਾਲਿਆਂ ਨੂੰ ਵਿਸ਼ੇਸ਼ ਸਤਿਕਾਰ ਦਿਵਾਉਂਦੀ ਹੈ। ਆਓ ਆਪਾਂ ਲੋਹੜੀ ਦੀ ਧੂਣੀ 'ਤੇ ਇਕੱਤਰ ਹੋ ਕੇ ਮੁੰਡੇ ਕੁੜੀ ਦੇ ਫਰਕ ਨੂੰ ਭੁਲਾਈਏ ਅਤੇ ਇਕੋ ਜਿਹਾ ਗਿੱਧਾ ਤੇ ਭੰਗੜਾ ਪਾਈਏ ਅਤੇ ਖੁਸ਼ੀਆਂ ਮਨਾਈਏ।

## ਜਨਮ ਦਿਨ 'ਤੇ ਵਿਸ਼ੇਸ਼ ਲੇਖ

# ਸਿਆਸਤਦਾਨ ਅਤੇ ਸਾਹਿਤ ਦੀ ਸੇਵਾ ਕਰਨ ਵਾਲਾ ਗਿਆਨੀ ਗੁਰਮਖ ਸਿੰਘ ਮੁਸਾਫ਼ਰ

ਸੁਖਵਿੰਦਰ ਸਿੰਘ ਮੁੱਲਾਂਪੁਰ
ਵ.ਅੱਪ : +91-99141-84794
ਪੰਜਾਬ ਮੇਲ USA



ਕੁਦਰਤ ਭਾਵੇਂ ਸਮਾਜ ਦੀ ਸਿਰਜਣਾ ਕਰਦਿਆਂ ਹਰ ਪੱਖਾਂ ਤੋਂ ਹਰ ਮਨੁੱਖ ਵਿਚ ਗੁਣਾਂ ਦੀ ਬਖਸ਼ਿਸ਼ ਕਰਦੀ ਹੈ ਪਰ ਫਿਰ ਵੀ ਇਨਸਾਨ ਨੂੰ ਸਮਾਜ ਵਿਚ ਵਿਚਰਦਿਆਂ ਕਈ ਊਣਤਾਈਆਂ ਜਾਂ ਸਮੱਸਿਆਵਾਂ ਦਾ ਸਾਹਮਣਾ ਕਰਨਾ ਪੈਂਦਾ ਹੈ। ਉਸ ਊਣਤਾਈਆਂ ਅਤੇ ਸਮੱਸਿਆਵਾਂ ਨੂੰ ਹੱਲ ਕਰਨ ਲਈ ਕਈ ਸਮਾਜ ਸੇਵੀ ਜਨਮ ਲੈਂਦੇ ਹਨ, ਇਨ੍ਹਾਂ ਸਮਾਜ ਸੇਵੀ ਵਿਆਕਤੀਆਂ ਵਿਚੋਂ ਇਕ ਨਾਮ ਹੈ ਗਿਆਨੀ ਗੁਰਮਖ ਸਿੰਘ ਮੁਸਾਫ਼ਰ, ਜਿਸ ਦਾ ਜਨਮ ਸ. ਸੁਜਾਨ ਸਿੰਘ ਦੇ ਘਰ ਪਿੰਡ ਅਧਵਾਲ, ਜ਼ਿਲ੍ਹਾ ਕੈਂਬਲਪੁਰ ਪੋਠੋਹਾਰ ਦੇ ਇਲਾਕੇ (ਪੱਛਮੀ ਪੰਜਾਬ) ਵਿਚ 15 ਜਨਵਰੀ 1899 ਨੂੰ ਹੋਇਆ। ਉਨ੍ਹਾਂ ਦੇ ਪਿਤਾ ਖੇਤੀਬਾੜੀ ਕਰਦੇ ਸਨ। ਗੁਰਮਖ ਸਿੰਘ ਮੁਸਾਫ਼ਰ ਨੇ ਮੁੱਢਲੀ ਵਿਦਿਆ ਪਿੰਡ ਤੋਂ ਹੀ ਪ੍ਰਾਪਤ ਕਰਕੇ ਮਿਡਲ ਵਿਦਿਆ ਰਾਵਲਪਿੰਡੀ ਤੋਂ ਪਾਸ ਕੀਤੀ, ਉੱਥੇ ਹੀ ਜੇ.ਵੀ. ਪ੍ਰੀਖਿਆ ਪਾਸ ਕਰਕੇ 1918 ਵਿਚ ਪਹਿਲਾਂ ਜ਼ਿਲ੍ਹਾ ਬੋਰਡ ਚਕਰੀ ਦੇ ਸਕੂਲ ਵਿਚ ਅਤੇ ਪਿਛੋਂ ਪਿੰਡ ਕਾਲਰ ਤਹਿਸੀਲ ਕਹੂਟਾ ਜ਼ਿਲ੍ਹਾ ਰਾਵਲਪਿੰਡੀ ਦੇ ਹਾਈ ਸਕੂਲ ਵਿਚ ਅਧਿਆਪਕ ਲੱਗ ਗਏ। ਇੱਥੇ ਹੀ ਕੁਝ ਸਮਾਂ ਮਾਸਟਰ ਤਾਰਾ ਸਿੰਘ ਨਾਲ ਪੜ੍ਹਾਉਣ ਦਾ ਮੌਕਾ ਮਿਲਿਆ। ਇਸ ਤੋਂ ਬਾਅਦ ਬਸਾਲੀ ਵਿਚ ਵਰਨੇਕੂਲਰ ਅਧਿਆਪਕ ਦੀ ਨੌਕਰੀ ਕਰਨ ਲੱਗ ਪਏ।

ਗਿਆਨੀ ਗੁਰਮਖ ਸਿੰਘ ਮੁਸਾਫ਼ਰ ਦੇ ਜੀਵਨ ਨੂੰ ਚਾਰ ਹਿੱਸਿਆਂ ਵਿਚ ਵੰਡਿਆ ਜਾ ਸਕਦਾ ਹੈ। ਉਹ ਇੱਕ ਉੱਘੇ ਸਾਹਿਤਕਾਰ, ਗੁਰਦੁਆਰਿਆਂ ਦੀ ਮਰਿਯਾਦਾ ਕਾਇਮ ਕਰਨ ਅਤੇ ਇਨ੍ਹਾਂ ਨੂੰ ਆਜ਼ਾਦ ਕਰਵਾਉਣ ਲਈ ਗੁਰਦੁਆਰਾ ਸੁਧਾਰ ਲਹਿਰ ਵਿਚ ਅੱਗੇ ਹੋ ਕੇ ਸੰਘਰਸ਼ ਕਰਨ ਵਾਲੇ, ਜੇਲ੍ਹਾਂ ਕੱਟਣ ਵਾਲੇ ਆਜ਼ਾਦੀ ਘੁਲਾਟੀਏ ਅਤੇ ਸਿਆਸਤਦਾਨ ਸਨ।

1919 ਦੇ ਜੱਲ੍ਹਿਆਂਵਾਲੇ ਬਾਗ਼ ਦੇ ਖੂਨੀ ਸਾਕੇ ਅਤੇ ਫ਼ਰਵਰੀ 1921 'ਚ ਹੋਏ ਸ੍ਰੀ ਨਨਕਾਣਾ ਸਾਹਿਬ ਦੇ ਖੂਨੀ ਸਾਕੇ ਦੀ ਗੁਰਮਖ ਸਿੰਘ ਮੁਸਾਫ਼ਰ ਦੇ ਮਨ ਨੂੰ ਅਜਿਹੀ ਠੇਸ ਲੱਗੀ ਕਿ ਉਨ੍ਹਾਂ ਨੇ ਨੌਕਰੀ ਤਿਆਗ ਦਿੱਤੀ, ਫਿਰ ਸਿੱਖਾਂ ਵਲੋਂ ਚਲਾਈ ਗੁਰਦੁਆਰਾ ਸੁਧਾਰ ਲਹਿਰ ਵਿਚ ਕੁੱਦ ਪਏ।

ਗਿਆਨੀ ਗੁਰਮਖ ਸਿੰਘ ਮੁਸਾਫ਼ਰ ਜੀ ਨੇ 1922 ਵਿਚ ਗੁਰੂ ਕੇ ਬਾਗ਼ ਮੋਰਚੇ ਵਿਚ ਗ੍ਰਿਫ਼ਤਾਰੀ ਦਿੱਤੀ ਅਤੇ ਕੈਦ ਕੱਟੀ। ਗਿਆਨੀ ਜੀ 12 ਮਾਰਚ 1930 ਤੋਂ 5 ਮਾਰਚ 1931 ਤੱਕ ਲਗਭਗ ਇਕ ਸਾਲ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਜੱਥੇਦਾਰ ਵਜੋਂ ਸੇਵਾ ਨਿਭਾਈ। ਉਨ੍ਹਾਂ ਨੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੀ ਸੇਵਾ ਵੀ ਨਿਭਾਈ। ਗੁਰਦੁਆਰਾ ਸੁਧਾਰ ਲਹਿਰ ਲਈ ਜਿੰਨੇ ਵੀ ਮੋਰਚੇ ਲੱਗੇ, ਉਨ੍ਹਾਂ ਸਾਰਿਆਂ ਮੋਰਚਿਆਂ ਵਿਚ ਗਿਆਨੀ ਜੀ ਨੇ ਅੱਗੇ ਹੋ ਕੇ ਹਿੱਸਾ ਲਿਆ। ਆਜ਼ਾਦੀ ਲਹਿਰ ਦੀਆਂ ਲੜਾਈਆਂ ਵੀ ਉਨ੍ਹਾਂ ਮੂਹਰੇ ਹੋ ਕੇ ਲੜੀਆਂ। ਗਿਆਨੀ ਗੁਰਮਖ ਸਿੰਘ ਮੁਸਾਫ਼ਰ ਕਿਹਾ ਕਰਦੇ ਸਨ, ਨਾ ਤਾਂ ਮੈਨੂੰ ਜੇਲ੍ਹ ਜਾਣ ਦਾ ਦੁੱਖ ਹੈ ਅਤੇ ਨਾ ਹੀ ਜੇਲ੍ਹ ਤੋਂ ਰਿਹਾਅ ਹੋਣ ਦੀ ਖੁਸ਼ੀ ਹੈ ਕਿਉਂਕਿ ਮੈਂ ਜੇਲ੍ਹ ਵਿਚ ਫਿਰ ਵਾਪਸ ਆ ਜਾਣਾ ਹੈ।

1947 ਵਿਚ ਦੇਸ਼ ਆਜ਼ਾਦ ਹੋਣ ਤੋਂ ਬਾਅਦ ਗਿਆਨੀ ਜੀ ਦਾ ਅੰਦੋਲਨ ਜੀਵਨ ਸਮਾਪਤ ਹੁੰਦਿਆਂ ਰਾਜਨੀਤਿਕ ਜੀਵਨ ਸ਼ੁਰੂ ਹੋ ਗਿਆ। ਆਪ ਦੀਆਂ ਸੇਵਾਵਾਂ ਨੂੰ ਵੇਖਦੇ ਹੋਇਆ ਕਾਂਗਰਸ ਪਾਰਟੀ ਨੇ 1949 ਵਿਚ ਪੰਜਾਬ ਪ੍ਰਦੇਸ਼ ਕਾਗਰਸ ਦੇ ਪ੍ਰਧਾਨ ਚੁਣ ਲਿਆ।

ਗਿਆਨੀ ਗੁਰਮਖ ਸਿੰਘ ਮੁਸਾਫ਼ਰ 1952 ਤੋਂ 1966 ਤੱਕ ਤਿੰਨ ਵਾਰ ਕਾਂਗਰਸ ਪਾਰਟੀ ਵਲੋਂ ਲੋਕ ਸਭਾ ਮੈਂਬਰ ਚੁਣੇ ਗਏ। 1968 ਤੋਂ 1976 ਤੱਕ ਦੋ ਵਾਰ ਰਾਜ ਸਭਾ ਮੈਂਬਰ ਚੁਣੇ ਗਏ। 1 ਨਵੰਬਰ 1966 ਨੂੰ ਜਦੋਂ ਪੰਜਾਬੀ ਸੂਬਾ ਹੋਂਦ ਵਿਚ ਆਇਆ, ਤਾਂ ਗਿਆਨੀ ਜੀ 1 ਨਵੰਬਰ 1966 ਤੋਂ 8 ਮਾਰਚ 1967 ਤੱਕ ਪੰਜਾਬ ਦੇ ਮੁੱਖ ਮੰਤਰੀ ਰਹੇ।

ਗਿਆਨੀ ਜੀ ਦਾ ਸਾਹਿਤਕ ਖੇਤਰ ਵਿਚ ਬਹੁਤ ਵੱਡਾ ਨਾਮ ਹੈ, ਉਹ ਰਾਜਨੀਤੀ ਨਾਲੋਂ ਸਾਹਿਤ ਨੂੰ ਅਤੇ ਸਾਹਿਤਕਾਰਾਂ ਨੂੰ ਬਹੁਤ ਜ਼ਿਆਦਾ ਪਿਆਰ ਕਰਦੇ। ਉਨ੍ਹਾਂ ਨੇ 9 ਕਾਵਿ ਸੰਗ੍ਰਹਿ ਸਬਰ ਦੇ ਬਾਣ, ਪ੍ਰੇਮ-ਬਾਣ, ਜੀਵਨ-ਪੰਧ, ਮੁਸਾਫ਼ਰੀਆਂ, ਟੁੱਟੇ ਖੰਭ, ਕਾਵਿ-ਸਨੇਹੇ, ਸਹਿਜ ਸੇਤੀ, ਵੱਖਰਾ-ਵੱਖਰਾ, ਕਤਰਾ-ਕਤਰਾ ਅਤੇ ਦੂਰ-ਨੇੜੇ ਲਿਖੇ। ਉਨ੍ਹਾਂ ਨੇ ਕਹਾਣੀ ਸੰਗ੍ਰਹਿ 'ਵੱਖਰੀ ਦੁਨੀਆਂ, ਆਲ੍ਹਣੇ ਦੇ ਵੋਟ, ਕੰਧਾਂ ਵੋਲ ਪਈਆਂ, ਸਤਾਈ ਜਨਵਰੀ, ਗਟਾਰ, ਸਭ ਅੱਛਾ, ਸਸਤਾ ਤਮਾਸ਼ਾ, ਅੱਲ੍ਹਾ ਵਾਲੇ ਅਤੇ ਉਰਵਾਲ ਪਾਰ ਵੀ ਲਿਖੇ। ਗਿਆਨੀ ਜੀ ਨੇ ਜ਼ਿੰਦਗੀ ਵਿਚ ਸੰਘਰਸ਼ ਕਰਦਿਆਂ, ਜੋ ਤਨ, ਮਨ ਉਪਰ ਪੀੜ ਹੰਢਾਈ, ਉਸ ਨੂੰ ਆਪਣੀਆਂ ਰਚਨਾਵਾਂ ਵਿਚ ਪੇਸ਼ ਕੀਤਾ। ਗਿਆਨੀ ਜੀ ਨੂੰ ਅਕਾਲ ਚਲਾਣੇ ਪਿੱਛੋਂ ਪਦਮ ਵਿਭੂਸ਼ਣ ਨਾਲ ਸਨਮਾਨਿਆ ਗਿਆ। ਗਿਆਨੀ ਜੀ ਨੇ ਤਿੰਨ ਜੀਵਨੀਆਂ ਅਤੇ ਇਕ ਸੰਖੇਪ ਜੀਵਨੀ ਲਿਖੀ।

ਆਪ ਜਲ੍ਹਿਆਂਵਾਲੇ ਬਾਗ਼ ਟਰੱਸਟ ਦੇ ਚੇਅਰਮੈਨ ਰਹੇ ਅਤੇ ਸਾਹਿਤਕ ਤੌਰ 'ਤੇ ਵੀ ਆਪਣੀ ਸ਼ੁਹਰਤ ਰੱਖਦੇ ਸਨ। 1954 'ਚ ਸਟਾਕ ਹੋਮ ਸਵੀਡਨ ਦੀ ਅੰਤਰਰਾਸ਼ਟਰੀ ਲੇਖਕਾਂ ਦੀ ਕਾਨਫਰੰਸ 'ਚ ਸ਼ਾਮਲ ਹੋਏ। 1961 ਵਿਚ ਟੋਕੀਓ ਦੀ ਲੇਖਕ ਕਾਨਫਰੰਸ ਵਿਚ ਸ਼ਾਮਲ ਹੋ ਕੇ ਮਾਣ ਪ੍ਰਾਪਤ ਕੀਤਾ।

1965 'ਚ ਸਰਬ ਸੰਸਾਰ ਅਮਨ ਕਾਨਫਰੰਸ ਹੈਲਿੰਸਕੀ ਵਿਚ ਗਏ। 1966 'ਚ ਐਫਰੋਏਸ਼ੀਅਨ ਲੇਖਕ ਕਾਨਫਰੰਸ ਵਿਚ ਤਿੰਨ ਮੈਂਬਰੀ ਡੈਲੀਗੇਸ਼ਨ ਦੇ ਪ੍ਰਧਾਨ ਬਣ ਕੇ ਸ਼ਾਮਲ ਹੋਏ। ਬਾਕੂ (ਰੂਸ) ਦੀ ਇਕ ਲੇਖਕ ਕਾਨਫਰੰਸ ਵਿਚ ਸ਼ਾਮਲ ਹੋਏ।

ਇਹ ਸਮਾਜ ਸੇਵੀ ਰੂਹ ਧਰਮ, ਦੇਸ਼ ਅਤੇ ਸਾਹਿਤ ਦੀ ਸੇਵਾ ਕਰਦੀ 18 ਜਨਵਰੀ 1976 ਨੂੰ 87 ਸਾਲ ਦੀ ਉਮਰ ਵਿਚ ਨਵੀ ਦਿੱਲੀ ਵਿਖੇ ਵਿਛੜ ਗਈ। ਭਾਰਤ ਸਰਕਾਰ ਵਲੋਂ ਉਨ੍ਹਾਂ ਦੀ ਯਾਦ ਵਿਚ ਇਕ ਡਾਕ ਟਿਕਟ ਵੀ ਜਾਰੀ ਕੀਤੀ ਗਈ। ਅਜਿਹੇ ਇਨਸਾਨ ਨੂੰ ਸਮਾਜ ਸਦਾ ਯਾਦ ਕਰਦਾ ਰਹੇਗਾ, ਇਨ੍ਹਾਂ ਦੇ ਲਿਖੇ ਸਾਹਿਤ ਤੋਂ ਸਮਾਜ ਸਦਾ ਸੇਧ ਲੈਂਦਾ ਰਹੇਗਾ।



# ਇੱਕ ਵਿਲੱਖਣ ਕਲਮ ਦਾ ਧਨੀ ਸੁਰਜੀਤ ਪਾਤਰ

## ਜਨਮਦਿਨ 'ਤੇ ਵਿਸ਼ੇਸ਼ ਲੇਖ

ਸੁਖਵਿੰਦਰ ਸਿੰਘ ਮੁੱਲਾਂਪੁਰ
ਵ.ਅੱਪ : +91-99141-84794
ਪੰਜਾਬ ਮੇਲ USA





ਦੁਨੀਆਂ 'ਤੇ ਅਨੇਕਾਂ ਕਲਮਾਂ ਆਈਆਂ ਕਈ ਕਲਮਾਂ ਦੇ ਮਾਲਕ ਕਲਮਾਂ ਰਾਹੀਂ ਆਪਣੇ ਨਾਮ ਦੀ ਅਮਿੱਟ ਛਾਪ ਛੱਡ ਗਏ ਤੇ ਉਨ੍ਹਾਂ ਦੇ ਨਾਵਾਂ ਨੂੰ ਲੋਕ ਸਦਾ ਹੀ ਯਾਦ ਕਰਦੇ ਰਹਿੰਦੇ ਹਨ। ਇਨ੍ਹਾਂ ਵਿਚੋਂ ਇੱਕ ਨਾਮ ਹੈ ਸੁਰਜੀਤ ਪਾਤਰ, ਜਿਸ ਦਾ ਜਨਮ ਸ. ਹਰਭਜਨ ਸਿੰਘ ਦੇ ਘਰ, ਬੀਬੀ ਗੁਰਬਖ਼ਸ਼ ਕੌਰ ਦੀ ਕੁੱਖੋਂ, ਪਿੰਡ ਪੱਤੜ ਕਲਾਂ, ਜ਼ਿਲ੍ਹਾ ਜਲੰਧਰ ਵਿਚ 14 ਜਨਵਰੀ 1945 ਨੂੰ ਹੋਇਆ।

ਪਾਤਰ ਨੇ ਪ੍ਰਾਇਮਰੀ ਵਿੱਦਿਆ ਆਪਣੇ ਪਿੰਡ ਦੇ ਸਕੂਲ ਤੋਂ ਲਈ। ਖ਼ਾਲਸਾ ਹਾਈ ਸਕੂਲ ਖਹਿਰਾ ਮਝਾ ਤੋਂ ਦਸਵੀਂ ਜਮਾਤ ਪਾਸ ਕੀਤੀ। ਰਣਧੀਰ ਗੌਰਮਿੰਟ ਕਾਲਜ ਕਪੂਰਥਲਾ ਤੋਂ ਬੀ.ਏ. ਅਤੇ ਪਟਿਆਲਾ ਯੂਨੀਵਰਸਿਟੀ ਤੋਂ ਐਮ.ਏ. ਕੀਤੀ। ਸ੍ਰੀ ਗੁਰੂ ਨਾਨਕ ਦੇਵ ਯੂਨੀਵਨਸਿਟੀ ਅੰਮ੍ਰਿਤਸਰ ਤੋਂ ਪੀ.ਐੱਚ.ਡੀ. ਕੀਤੀ। ਇਹ ਆਪਣੇ ਨਾਮ ਦੇ ਮਗਰ ਪਿੰਡ ਦਾ ਨਾਮ ਪੱਤੜ ਲਿਖਦੇ ਸਨ। ਇਨ੍ਹਾਂ ਆਪਣੇ ਅਧਿਆਪਕ ਅਤੇ ਉੱਘੇ ਨਾਟਕਕਾਰ ਸੁਰਜੀਤ ਸੇਠੀ ਦੇ ਕਹਿਣ 'ਤੇ ਪੱਤੜ ਪਾਤਰ ਵਿਚ ਬਦਲਾ ਲਿਆ। ਹਮੇਸ਼ਾਂ ਲਈ ਆਪਣਾ ਤਖੱਲਸ ਪਾਤਰ ਬਣਾ ਕੇ ਸੁਰਜੀਤ ਪਾਤਰ ਲਿਖਣ ਲੱਗ ਪਏ। ਪਾਤਰ ਦੀ ਪਤਨੀ ਭੁਪਿੰਦਰ ਕੌਰ ਹੈ, ਜਿਸ ਦੀ ਕੁੱਖੋਂ ਦੋ ਪੁੱਤਰਾਂ ਅੰਕੁਰ ਅਤੇ ਮਨਰਾਜ ਨੇ ਜਨਮ ਲਿਆ।

ਸੁਰਜੀਤ ਪਾਤਰ ਜੁਲਾਈ 1971 ਵਿਚ ਬਾਬਾ ਬੁੱਢਾ ਜੀਬੀੜ ਸਾਹਿਬ (ਅੰਮ੍ਰਿਤਸਰ) ਕਾਲਜ ਵਿਚ ਪੰਜਾਬੀ ਦੇ ਲੈਕਚਰਾਰ ਲੱਗ ਗਏ। ਉਥੋਂ ਇਨ੍ਹਾਂ ਦਾ ਸੰਪਰਕ ਪ੍ਰੋਫ਼ੈਸਰ ਮੋਹਨ ਸਿੰਘ ਨਾਲ ਹੁੰਦਾ ਰਿਹਾ, ਜੋ ਉਨ੍ਹਾਂ ਦਿਨਾਂ ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਵਿਚ ਪੱਤਰਕਾਰੀ, ਭਾਸ਼ਾਵਾਂ ਅਤੇ ਸੱਭਿਆਚਾਰ ਵਿਭਾਗ ਵਿਚ ਪ੍ਰੋਫ਼ੈਸਰ ਐਮੇਰਿਟਸ ਸਨ। ਉਨ੍ਹਾਂ ਪਾਤਰ ਨੂੰ ਲੁਧਿਆਣੇ ਆਪਣੇ ਕੋਲ ਆਉਣ ਦਾ ਸੱਦਾ ਦੇ ਦਿੱਤਾ, ਜਿਸ ਨੂੰ ਕਬੂਲਦਿਆਂ ਪਾਤਰ ਸਤੰਬਰ 1972 ਵਿਚ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਭਾਸ਼ਾਵਾਂ, ਪੱਤਰਕਾਰੀ ਅਤੇ ਸੱਭਿਆਚਾਰ ਵਿਭਾਗ ਵਿਚ ਖੋਜ ਸਹਾਇਕ ਜਾ ਲੱਗੇ। ਇਸ ਵਿਭਾਗ ਵਿਚ ਹੀ 1975 ਨੂੰ ਪ੍ਰੋਫ਼ੈਸਰ ਨਿਯੁਕਤ ਹੋ ਗਏ। ਉਹ 30 ਅਪ੍ਰੈਲ 2004 ਨੂੰ ਪੰਜਾਬ ਖੇਤੀਬਾੜੀ ਯੂਨੀਵਰਸਿਟੀ ਲੁਧਿਆਣਾ ਦੇ ਸੰਚਾਰ ਕੇਂਦਰ ਵਿਚੋਂ ਪ੍ਰੋਫ਼ੈਸਰ ਵਜੋਂ ਸੇਵਾਮੁਕਤ ਹੋਏ।

ਸੁਰਜੀਤ ਪਾਤਰ ਦੀਆਂ ਪਹਿਲੀਆਂ ਰਚਨਾਵਾਂ ਪ੍ਰੀਤ ਲੜੀ ਵਿਚ ਛਪੀਆਂ, ਜਦ ਉਹ ਹਜੇ ਸਰਕਾਰੀ ਰਣਧੀਰ ਕਾਲਜ ਕਪੂਰਥਲੇ ਪੜ੍ਹਦਾ ਸੀ। ਉਨ੍ਹਾਂ ਦੇ ਕਾਵਿ ਸੰਗ੍ਰਹਿ ਹਵਾ ਵਿਚ ਲਿਖੇ ਹਰਫ਼ (1979), ਬਿਰਖ ਅਰਜ਼ ਕਰੇ(1992), ਹਨੇਰੇ ਵਿਚ ਸੁਲਗਦੀ ਵਰਨਮਾਲਾ(1992), ਲਫ਼ਜ਼ਾਂ ਦੀ ਦਰਗਾਹ (2003), ਪਤਝੜ ਦੀ ਪਜ਼ੇਬ, ਸੁਰ-ਜ਼ਮੀਨ (2007), ਚੰਨ ਸੂਰਜ ਦੀ ਵਹਿੰਗੀ।

ਵਾਰਤਕ- ਸੂਰਜ ਮੰਦਰ ਦੀਆਂ ਪੌੜੀਆਂ, ਇਹ ਬਾਤ ਨਿਰੀ ਏਨੀ ਹੀ ਨਹੀਂ (2022)

ਸੁਰਜੀਤ ਪਾਤਰ ਨੇ ਆਪਣੀ ਬਹੁਤੀ ਪੜ੍ਹਾਈ ਪੰਜਾਬੀ ਯੂਨੀਵਰਸਿਟੀ ਪਟਿਆਲਾ ਤੋਂ ਕੀਤੀ। ਦਲੀਪ ਕੌਰ ਟਿਵਾਣਾ ਵਰਗੇ ਸਿਰਕੱਢ ਸਾਹਿਤਕਾਰਾਂ ਦੀ ਸੰਗਤ ਕਰਨ ਦਾ ਮੌਕਾ ਮਿਲਦਾ ਰਿਹਾ।

ਪਾਤਰ ਨੂੰ ਪੰਜਾਬੀ ਸਾਹਿਤ ਅਕਾਦਮੀ ਪੁਰਸਕਾਰ 1979 ਵਿਚ, ਸਾਹਿਤ ਅਕਾਦਮੀ ਪੁਰਸਕਾਰ 1993, ਸ੍ਰੀ ਗੁਰੂ ਨਾਨਕ ਦੇਵ ਯੂਨੀਵਰਸਿਟੀ ਅੰਮ੍ਰਿਤਸਰ ਤੋਂ ਆਨਰੇਰੀ ਡੀ ਲਿਟ ਦੀ ਉਪਾਧੀ 2010, ਪਦਮ ਸ੍ਰੀ ਪੁਰਸਕਾਰ 2012, ਪੰਜਾਬੀ ਵਿਰਸਾ ਪਾਕਿਸਤਾਨ ਵਲੋਂ ਵਾਰਿਸ਼ ਸ਼ਾਹ ਇੰਟਰਨੈਸ਼ਨਲ ਐਵਾਰਡ 2022 ਵਿਚ ਮਿਲਿਆ।

ਉਨ੍ਹਾਂ ਕੈਨੇਡਾ, ਅਮਰੀਕਾ, ਆਸਟ੍ਰੇਲੀਆ, ਬ੍ਰਿਟੇਨ, ਕੀਨੀਆ ਅਤੇ ਨਿਊਜੀਲੈਂਡ ਵਿਚ ਕਰਵਾਏ ਗਏ ਸਾਹਿਤਕ ਪ੍ਰੋਗਰਾਮਾਂ ਵਿਚ ਭਾਗ ਲਿਆ।

ਬਹੁਤ ਨਰਮ ਸੁਭਾਹ ਅਤੇ ਮਿੱਠਾ ਬੋਲਣ ਵਾਲੇ ਉੱਚਕੋਟੀ ਦੇ ਸ਼ੇਅਰ ਸੁਰਜੀਤ ਪਾਤਰ 11 ਮਈ 2024 ਨੂੰ 79 ਸਾਲ ਦੀ ਉਮਰ ਵਿਚ ਆਪਣੇ ਰਹਾਇਸ਼ੀ ਘਰ ਲੁਧਿਆਣਾ ਵਿਖੇ ਦਿਲ ਦਾ ਦੌਰਾ ਪੈਣ ਕਾਰਨ ਸਾਨੂੰ ਅਲਵਿਦਾ ਆਖ ਗਏ। ਉਹ ਉਸ ਸਮੇਂ ਪੰਜਾਬ ਕਲਾ ਪ੍ਰੀਸ਼ਦ ਚੰਡੀਗੜ੍ਹ ਦੇ ਚੇਅਰਮੈਨ ਸਨ। ਸਾਨੂੰ ਉਨ੍ਹਾਂ ਦੀ ਯਾਦ ਹਮੇਸ਼ਾਂ ਰੜਕਦੀ ਰਹੇਗੀ।

ਅਸੀਂ ਵੀ ਅੰਤ ਕਿਰ ਕੇ ਖ਼ਾਦ ਹੋਣਾ
ਕਦੀ ਸਾ ਫੁੱਲ ਕਿਸ ਨੂੰ ਯਾਦ ਹੋਣਾ।
--------
ਉਦੋਂ ਸਮਝਣਗੇ ਲੋਕੀ ਦਿਲ ਦੀ ਅੱਗ ਨੂੰ
ਸਿਵੇ ਵਿਚ ਜਦ ਇਹਦਾ ਅਨੁਵਾਦ ਹੋਣਾ। -ਸੁਰਜੀਤ ਪਾਤਰ

## ਜੋਤੀ ਜੋਤ ਸਮਾਉਣ ਦਿਵਸ ’ਤੇ ਵਿਸ਼ੇਸ਼

# ਸ਼੍ਰੋਮਣੀ ਭਗਤ ਨਾਮਦੇਵ ਜੀ : ਜੀਵਨ ਤੇ ਰਚਨਾ

ਡਾ. ਚਰਨਜੀਤ ਸਿੰਘ ਗੁਮਟਾਲਾ
ਵਟਸ ਐਪ : 91-94175-33060, 001-937-573-9812 (ਯੂ.ਐੱਸ.ਏ.)
ਪੰਜਾਬ ਮੇਲ USA



ਬ੍ਰਹਮ ਗਿਆਨੀ ਸ਼੍ਰੋਮਣੀ ਭਗਤ ਨਾਮਦੇਵ ਜੀ ਦੇ ਜਨਮ ਬਾਰੇ ਵਿਦਵਾਨਾਂ ਵਿਚ ਮਤਭੇਦ ਹਨ। ਮਰਾਠੀ, ਅੰਗਰੇਜ਼ੀ ਤੇ ਹਿੰਦੀ ਦੇ ਵਿਦਵਾਨ ਵੱਖੋ-ਵੱਖਰੀਆਂ ਤਰੀਕਾਂ ਦਿੰਦੇ ਹਨ। ਬੰਸੀਧਰ ਸ਼ਾਸਤਰੀ ਨਾਮਦੇਵ ਦਾ ਜਨਮ 1363 ਈ. ਵਿਚ ਹੋਇਆ ਦੱਸਦੇ ਹਨ। ਪ੍ਰੋ. ਵੀ.ਬੀ. ਪਟਵਰਧਨ, ਡਾ. ਭੰਡਾਰਕਰ, ਡਾ. ਨਿਕਲ ਮੈਕਲੀਕੋਲ ਤੇ ਭਾਗਤ ਰਾਮ 1370 ਈ. ਵਿਚ ਉਨ੍ਹਾਂ ਦਾ ਜਨਮ ਹੋਇਆ ਲਿਖਦੇ ਹਨ। ਗਰਸਾ-ਡੀ ਟੈਸੀ 1278 ਤੇ ਡਾ. ਮੋਹਨ ਸਿੰਘ ਦੀਵਾਨਾ ਇਹ ਵਰ੍ਹਾ 1390 ਈ. ਲਿਖਦੇ ਹਨ। ਗਿ. ਗੁਰਦਿੱਤ ਸਿੰਘ ਆਪਣੀ ਪੁਸਤਕ ਇਤਿਹਾਸ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਉਨ੍ਹਾਂ ਨੂੰ ਗੁਰੂ ਨਾਨਕ ਦੇਵ ਜੀ ਦੇ ਸਮਕਾਲੀ ਸਿੱਧ ਕਰਦੇ ਹਨ, ਜਿਸ ਨੂੰ ਕਿ ਡਾ. ਅਤਰ ਸਿੰਘ, ਸ. ਨਰਿੰਦਰ ਸਿੰਘ ਸੋਚ ਆਦਿ ਨੇ ਨਕਾਰਿਆ ਹੈ। ਇਸ ਵਾਦ-ਵਿਵਾਦ ਉਪਰ ਡਾ. ਅਵਤਾਰ ਸਿੰਘ ਨੇ ਆਪਣੀ ਪੁਸਤਕ ਨਿਰਗੁਣ-ਕਾਵਿ ਅਤੇ ਭਗਤ ਨਾਮਦੇਵ ਪ੍ਰਕਾਸ਼ਕ ਡਾ. ਅਮਨਦੀਪ, 235 ਅੰਤਰਜਾਮੀ ਕਲੋਨੀ ਅੰਮ੍ਰਿਤਸਰ ਵਿਚ ਵਿਚਾਰ ਚਰਚਾ ਕਰਦੇ ਹੋਏ ਪੰਨਾ 56 ਤੇ 57 ਉਪਰ ਲਿਖਿਆ ਹੈ ਕਿ ਭਾਈ ਗੁਰਦਾਸ ਜੀ ਦੀ 10ਵੀਂ ਵਾਰ ਦੀ 15ਵੀਂ ਪੌੜੀ ਵਿਚ ਭਗਤ ਕਬੀਰ ਜੀ ਨੂੰ ਰਾਮਾਨੰਦ ਜੀ ਤੋਂ ‘ਰਾਮ ਨਾਮ’ ਦਾ ਉਪਦੇਸ਼ ਮਿਲਣ ਦੀ ਘਟਨਾ ਦਾ ਬਿਆਨ ਕੀਤਾ ਹੈ। ਜੇ ਕਬੀਰ ਜੀ ਜਾਂ ਨਾਮਦੇਵ ਜੀ ਗੁਰੂ ਨਾਨਕ ਦੇਵ ਜੀ ਨੂੰ ਮਿਲੇ ਹੁੰਦੇ ਤਾਂ ਭਾਈ ਗੁਰਦਾਸ ਜੀ ਨੇ ਇਸ ਦਾ ਜ਼ਿਕਰ ਜ਼ਰੂਰ ਇਸ ਵਾਰ ਵਿਚ ਕਰਨਾ ਸੀ। ਗੁਰੂ ਗ੍ਰੰਥ ਸਾਹਿਬ ਦੇ ਅੰਗ 1372-73 ਵਿਚ ਨਾਮਦੇਵ-ਤ੍ਰਿਲੋਚਨ ਨੇ ਸੰਵਾਦ ਦੀ ਗਵਾਹੀ ਮਿਲਦੀ ਹੈ:-

ਨਾਮਾ ਮਾਇਆ ਮੋਹਿਆ ਕਹੈ ਤਿਲੋਚਨੁ ਮੀਤ ॥
ਕਾਹੇ ਛੀਪਹੁ ਛਾਇਲੈ ਰਾਮ ਨ ਲਾਵਹੁ ਚੀਤੁ ॥ 212 ॥
ਨਾਮਾ ਕਹੈ ਤਿਲੋਚਨਾ ਮੁਖ ਤੇ ਰਾਮੁ ਸੰਮਾਲਿ ॥
ਹਾਥ ਪਾਉ ਕਰਿ ਕਾਮੁ ਸਭੁ ਚੀਤੁ ਨਿਰੰਜਨ ਨਾਲਿ ॥ 213 ॥
(ਗੁਰੂ ਗ੍ਰੰਥ ਸਾਹਿਬ, ਅੰਗ 1372-73)

ਸ੍ਰੀ ਨਾਮਦੇਵ ਗਾਥਾ ਸੰਗ੍ਰਹਿ ਦੇ ਅਭੰਗ 1240 ਤੋ ਸਾਬਤ ਹੋ ਜਾਂਦਾ ਹੈ ਕਿ ਆਪ ਨੇ 1270 ਈ. ਵਿਚ ਅਵਤਾਰ ਧਾਰਿਆ।

ਉਪਰੋਕਤ ਅਭੰਗ ਦੇ ਆਧਾਰ ਉੱਤੇ ਆਰ.ਡੀ. ਰਾਨਾਡੇ, ਲਕਸ਼ਮਣ ਗਣੇਸ਼ਯੋਗ, ਮਾਧਵ ਗੋਪਾਲ ਦੇਸ਼ਮੁਖ, ਡਾ. ਤਾਰਨ ਸਿੰਘ, ਭਾਈ ਜੋਧ ਸਿੰਘ, ਕਿਰਪਾਲ ਸਿੰਘ ਨਾਰੰਗ, ਗਿਆਨੀ ਖ਼ਜ਼ਾਨ ਸਿੰਘ ਅਤੇ ਡਾ. ਛੰ.ਕੇ. ਆਡਕਰ ਤੋਂ ਬਿਨਾਂ ਅਣਗਿਣਤ ਹੋਰ ਵਿਦਵਾਨ ਦੀ ਆਪ ਦੀ ਜਨਮ ਮਿਤੀ 26 ਅਕਤੂਬਰ 1270 ਈ. (ਸ਼ਕ ਸੰਮਤ 1192. ਕੱਤਕ ਦੀ ਸ਼ੁਕਲ ਇਕਾਦਸ਼ੀ) ਸਵੀਕਾਰ ਚੁੱਕੇ ਹਨ।

ਜਨਮ ਸਥਾਨ:- ਜਿੱਥੋਂ ਤੀਕ ਜਨਮ ਸਥਾਨ ਦਾ ਸੰਬੰਧ ਹੈ, ਇਸ ਬਾਰੇ ਵੀ ਦੋ ਮਤ ਹਨ, ਕਈ ਲੇਖਕ ਪੰਡਰਪੁਰ ਨੂੰ ਜਨਮ ਸਥਾਨ ਮੰਨਦੇ ਹਨ ਤੇ ਕਈ ਪਿੰਡ ਨਰਸੀ ਨੂੰ ਮੰਨਦੇ ਹਨ। ਹਿੰਦੀ ਵਿਚ ਸਭ ਤੋਂ ਪਹਿਲਾਂ ਚਰਿੱਤਰ ਲਿਖਣ ਵਾਲੇ ਅਨੰਤਦਾਸ, ਨਾਮਦੇਵ ਦਾ ਜਨਮ ਸਥਾਨ ਪੰਡਰਪੁਰ ਮੰਨਦੇ ਹਨ। ਪੰਜਾਬੀ ਦੇ ਸਾਖੀਕਾਰ ਪੂਰਨਦਾਸ, ਸੋਹਨ ਲਾਲ ਮਨੋਹਰ ਤੇ ਗਿਆਨੀ ਖਜ਼ਾਨਾ ਸਿੰਘ ਵੀ ਪੰਡਰਪੁਰ ਨੂੰ ਜਨਮ ਸਥਾਨ ਮੰਨਦੇ ਹਨ।

ਪਰ ਸ੍ਰੀ ਨਾਮਦੇਵ ਗਾਥਾ ਅਨੁਸਾਰ ਆਪਦਾ ਜਨਮ ਗੋਣਾਈ ਦੇ ਉਦਰ ਤੋਂ ਨਰਸੀ ਪਿੰਡ ਵਿਚ ਹੋਇਆ। ਇਨ੍ਹਾਂ ਵਿਚ ਪ੍ਰੋ. ਸਾਹਿਬ ਸਿੰਘ, ਮੈਕਾਲਿਫ, ਮਰਾਠੀ ਵਿਦਵਾਨ-ਕੇਸ਼ਵ ਰਾਮ ਕੋਹਾਤਪੁਰ, ਅਜਗਾਉਂਕਰ ਆਦਿ ਤੇ ਹਿੰਦੀ ਦੇ ਵਿਦਵਾਨ ਮਾਧਵ ਗੋਪਾਲ ਦੇਸ਼ਮੁਖ, ਡਾ. ਭਗੀਰਥ ਮਿਸਰ ਆਦਿ।

ਇਸ ਤਰ੍ਹਾਂ ਅੱਜਕੱਲ੍ਹ ਨਰਸੀ ਬਾਹਮਣੀ ਪਿੰਡ ਜੋ ਕਿ ਬੰਬਈ ਸੂਬੇ ਦੇ ਜ਼ਿਲ੍ਹਾ ਸਤਾਰਾ ਵਿਚ ਪੈਂਦਾ ਹੈ, ਉਸ ਨੂੰ ਹੀ ਜਨਮ ਸਥਾਨ ਸਵੀਕਾਰ ਕੀਤਾ ਜਾਂਦਾ ਹੈ।



ਮਾਤਾ ਪਿਤਾ:- ਜਿੱਥੋਂ ਤੀਕ ਮਾਤਾ-ਪਿਤਾ ਦਾ ਸੰਬੰਧ ਹੈ, ਕਈਆਂ ਨੇ ਤਾਂ ਅਣਹੋਣੀ ਗੱਲ ਲਿਖ ਮਾਰੀ ਕਿ ਉਹ ਇੱਕ ਕੁਆਰੀ ਦੇਵਦਾਸੀ ਦੇ ਉਦਰ ਤੋਂ ਪੈਦਾ ਹੋਏ, ਜਦਕਿ ਗੁਰਬਾਣੀ ਅਨੁਸਾਰ:-

ਛੀਪੈ ਕੈ ਘਰਿ ਜਨਮੁ ਵੈਲਾ ਗੁਰ ਉਪਦੇਸੁ ਭੈਲਾ ॥
(ਗਉੜੀ ਨਾਮਦੇਵ, ਆਦਿ ਗ੍ਰੰਥ ਅੰਗ : 486)

ਭਾਵ ਕਿ ਨਾਮਦੇਵ ਮਾਤਾ ਦੇ ਉਦਰ ਤੋਂ ਪੈਦਾ ਹੋਏ। ਨਾਮਦੇਵ ਜੀ ਦੇ ਪਿਤਾ ਦਾ ਨਾਂ ਦਾਮੇਸ਼ ਮਾਤਾ ਦਾ ਨਾਂ ਗੋਣਾਈ, ਭੈਣ ਅਉਂਤਾਈ, ਪਤਨੀ ਦਾ ਨਾਂ ਰਾਜਾਈ, ਜੇਠੇ ਪੁੱਤਰ ਦਾ ਨਾਂ ਨਾਰਾ ਤੇ ਉਸ ਦੀ ਪਤਨੀ ਭਾਵ ਨੂੰਹ ਦਾ ਨਾਂ ਲਾਡਾਈ, ਦੂਸਰੇ ਪੁੱਤਰ ਦਾ ਨਾਂ ਵਿਠਾ ਤੇ ਉਸ ਦੀ ਪਤਨੀ ਦਾ ਨਾਂ ਗੋਡਾਈ, ਤੀਜੇ ਪੁੱਤਰ ਦਾ ਨਾਂ ਗੋਦਾ ਤੇ ਉਸ ਦੀ ਪਤਨੀ ਦਾ ਨਾਂ ਯੇਸਾਈ, ਚੌਥੇ ਪੁੱਤਰ ਦਾ ਨਾਂ ਮਹਾਦਾ ਤੇ ਉਸ ਦੀ ਪਤਨੀ ਦਾ ਨਾਂ ਸਾਖਾਰਾਈ, ਧੀ ਦਾ ਨਾਂ ਲਿੰਬਾਈ। ਆਪ ਦੀ ਦਾਸੀ (ਸ਼ਿਸ਼) ਦਾ ਨਾਂ ਜਨਾਬਾਈ ਸੀ।

ਗੁਰੂ : ਦੇਹਧਾਰੀ ਗੁਰੂ ਦੀ ਲੋੜ ਸੰਬੰਧੀ ਗਿਆਨ ਆਪ ਨੂੰ ਗਿਆਨਸ਼ੇਵਰ ਅਤੇ ਨਵਿਰਤੀ ਨਾਥ ਆਦਿ ਭਗਤਾਂ ਪਾਸੋਂ ਹੋਇਆ। ਇਸ ਮੌਕੇ ਘੁਮਿਆਰ ਭਗਤ ਸ੍ਰੀ ਗੋਰਾ ਵੀ ਉਥੇ ਮੌਜੂਦ ਸੀ। ਉਸ ਨੇ ਆਪ ਨੂੰ ਨਿਰਗੁਣਧਾਰਾ ਵੱਲ ਪ੍ਰੇਰਿਤ ਕੀਤਾ।

ਵਿਸ਼ਬਾਖੇਚਰ ਦੀ ਸੰਗਤ ਨੇ ਨਾਮਦੇਵ ਦੇ ਭਰਮ-ਜਾਲ ਨੂੰ ਤੋੜ ਦਿੱਤਾ। ਉਹ ‘ਬੀਠੁਲ’ ਹੁਣ ਨਾਮਦੇਵ ਨੂੰ ਘਟ-ਘਟ ਵਿਚ ਰਮਿਆ ਵਿਖਾਈ ਦੇਣ ਲੱਗਾ : ਹੁਣ ਪੰਡਰਪੁਰ ਹੀ ਨਹੀਂ, ਸਗੋਂ ਸਾਰਾ ਸੰਸਾਰ ਆਪ ਨੂੰ ਆਪਣਾ-ਆਪਣਾ ਲੱਗਣ ਲੱਗਾ, ਉਹ ਬੀਠਲ (ਵਿਠੁਲ) ਜਿਹੜਾ ਪੰਡਰਪੁਰ ਦੇ ਮੰਦਰ ਵਿਚਲੀ ਮੂਰਤੀ ਵਿਚੋਂ ਹੀ ਆਪ ਨੂੰ ਦਿੱਸਦਾ ਸੀ, ਜ਼ਰੇ-ਜ਼ਰੇ ਵਿਚ ਪ੍ਰਤੀਤ ਹੋਣ ਲੱਗ ਪਿਆ:-

ਸਭਿ ਗੋਬਿੰਦੁ ਹੈ ਸਭਿ ਗੋਬਿੰਦੁ ਹੈ ਗੋਬਿੰਦੁ ਬਿਨੁ ਨਹੀਂ ਕੋਇ
ਅਤੇ
ਈਭੈ ਬੀਠਲੁ ਉਭੈ ਬੀਠਲੁ ਬੀਠਲੁ ਬਿਨੁ ਸੰਸਾਰੁ ਨਹੀਂ ॥

ਹੁਣ ਆਪ ਨਿਰਗੁਣ ਬ੍ਰਹਮ ਦੇ ਉਪਾਸਕ ਹੋ ਚੁੱਕੇ ਸਨ।

ਯਾਤਰਾਵਾਂ : ਆਰੰਭ ਵਿਚ ਉਨ੍ਹਾਂ ਉਤਰੀ ਭਾਰਤ ਦਾ ਭ੍ਰਮਣ ਕੀਤਾ। ਪਹਿਲੀ ਯਾਤਰਾ ਸੰਨ 1293 ਦੇ ਆਸ-ਪਾਸ ਹੋਈ। ਕਾਂਸ਼ੀ ਦੇ ਦਸ਼ਾਂਸ਼ਵਮੇਧ ਘਾਟ ਉੱਤੇ ਗਿਆਨੇਸ਼ਵਰ ਮੱਠ ਹੈ। ਉਥੇ ਇੱਕ ਸਤੰਭ ਉੱਤੇ ਸੰਮਤ 1351 ਲਿਖਿਆ ਹੈ। ਸੰਮਤ 1351 ਦੇ ਸਮਾਨੰਤਰ ਸੰਨ 1293 ਆਉਂਦਾ ਹੈ। ਗਿਆਨੇਸ਼ਵਰ ਦੇ ਨਾਲ ਜਦੋਂ ਨਾਮਦੇਵ ਕਾਂਸ਼ੀ ਯਾਤਰਾ ’ਤੇ ਗਏ, ਤਾਂ ਉਹ ਉੱਥੇ ਹੀ ਠਹਿਰੇ ਸਨ। ਕ੍ਰਿਪਾਲ ਸਿੰਘ ਨਾਰੰਗ ਅਨੁਸਾਰ, ਨਾਮਦੇਵ ਗਿਆਨੇਸ਼ਵਰ ਦੇ ਨਾਲ ਪਹਿਲੀ ਯਾਤਰਾ ਸਮੇਂ ਰਾਜਸਥਾਨ ਵੀ ਗਏ। ਇਸ ਇਲਾਕੇ ਵਿਚ ਆਪ ਦੀ ਯਾਤਰਾ ਦੀ ਸਮ੍ਰਿਤੀ ਵਿਚ ਇੱਕ ਖੂਹ ਵੀ ਹੈ। ਇਹ ਖੂਹ ਕੋਲਾਯਾਤ ਵਿਖੇ ਹੈ, ਜੋ ਬੀਕਾਨੇਰ ਤੋਂ 40 ਕਿਲੋਮੀਟਰ ਦੂਰ ਹੈ। ਖੂਹ ਵਿਚ ਪਾਣੀ ਇਤਨਾ ਡੂੰਘਾ ਸੀ ਕਿ ਪਾਣੀ ਕੱਢ ਸਕਣਾ ਅਸੰਭਵ ਸੀ। ਗਿਆਨੇਸ਼ਵਰ ਜੋਗ ਮਤ ਦੀ ਲਘਿਮਾ ਸਿੱਧੀ ਰਾਹੀਂ ਖੂਹ ਵਿਚ ਉਤਰ ਕੇ ਪਾਣੀ ਪੀ ਆਏ ਪਰ ਨਾਮਦੇਵ ਰਿਧੀਆਂ-ਸਿਧੀਆਂ ਦੇ ਜਾਲ ਵਿਚ ਨਾ ਪੈ ਕੇ ਪ੍ਰਾਣਾਂ ਦੀ ਆਹੂਤੀ ਦੇਣ ਲਈ ਤਿਆਰ ਹੋ ਗਏ। ਸ੍ਰੀ ਨਾਮਦੇਵ ਗਾਥਾ ਦਾ ਇੱਕ ਅਭੰਗ ਵੀ ਗਵਾਹੀ ਦਿੰਦਾ ਹੈ ਕਿ ਭਗਵਾਨ ਦੀ ਕ੍ਰਿਪਾ ਰਾਹੀਂ ਪਾਣੀ ਉਸ ਸਮੇਂ ਖੂਹ ਵਿਚ ਉਪਰ ਚੜ੍ਹ ਆਇਆ ਅਤੇ ਨਾਮਦੇਵ ਨੇ ਪਿਆਸ ਬੁਝਾ ਲਈ।

ਭਾਈ ਜੋਧ ਸਿੰਘ ਅਨੁਸਾਰ, ਆਪਣੀ ਇਸ ਯਾਤਰਾ ਸਮੇਂ ਉਹ ਦੇਵਗਿਰੀ ਵੀ ਗਏ, ਜਿਥੇ ਆਪ ਸਧਨਾ ਕਸਾਈ ਪਾਸ ਠਹਿਰੇ। ਫਿਰ ਉਹ ਐਲੋਗ, ਘ੍ਰਿੰਸ਼ਸੇਵਰ, ਪੰਚਵਟੀ ਆਦਿ ਥਾਵਾਂ ਤੋਂ ਹੁੰਦੇ ਹੋਏ ਜੂਨਾਗੜ੍ਹ ਪਹੁੰਚੇ ਅਤੇ ਅੰਤ ਦਿੱਲੀ ਪਧਾਰੇ। ਦਿੱਲੀ ਤੋਂ ਕਾਂਸ਼ੀ, ਪ੍ਰਯਾਗ, ਅਯੁੱਧਿਆ, ਮਥੁਰਾ, ਗੋਕਲ, ਬ੍ਰਿੰਦਾਬਨ, ਜਗਨਨਾਥ ਅਤੇ ਦਵਾਰਕਾ ਵੀ ਗਏ। ਮੈਕਾਲਿਫ ਵੀ ਲਿਖਦਾ ਹੈ ਕਿ ਉਹ ਮਾਰਵਾੜ ਵਿਚੋਂ ਲੰਘਦੇ ਹੋਏ ਕਾਮੇਸ਼ਵਰ ਦਾ ਦਰਸ਼ਨ ਕਰਨ ਚਲੇ ਗਏ। ਫਿਰ ਔਧਿਆ ਨਾਗ ਨਾਥ ਤੋਂ ਹੁੰਦੇ ਹੋਏ ਪੰਡਰਪੁਰ ਪਰਤ ਗਏ।

ਇਸ ਤਰ੍ਹਾਂ ਭਗਤ ਨਾਮਦੇਵ ਨੇ ਗਿਆਨੇਸ਼ਵਰ ਦੀ ਸੰਗਤ ਵਿਚ ਭਾਰਤ ਦੇ ਪ੍ਰਮੁੱਖ ਤੀਰਥ-ਸਥਾਨਾਂ ਦੀ ਯਾਤਰਾ ਕੀਤੀ। ਜਦੋਂ ਇਹ ਸੰਤ-ਮੰਡਲੀ ਇਸ ਯਾਤਰਾ ਤੋਂ ਵਾਪਸ ਪਰਤੀ, ਤਾਂ ਗਿਆਨੇਸ਼ਵਰ ਸ਼ਕ ਸੰਮਤ 1218 (1296 ਈ.) ਨੂੰ ਆਲੰਦੀ ਵਿਖੇ ਸਮਾ ਗਏ। ਇੱਕ ਪਿਆਰੇ ਸੱਜਣ ਦੀ ਮ੍ਰਿਤੂ ਨੇ ਨਾਮਦੇਵ ਦੇ ਹਿਰਦੇ ਨੂੰ ਉਚਾਟ ਕਰ ਦਿੱਤਾ ਅਤੇ ਉਹ ਆਪਣੀ ਮਾਤ-ਭੂਮੀ ਨੂੰ ਅੰਤਮ ਤੌਰ ‘ਤੇ ਅਲਵਿਦਾ ਕਹਿ ਕੇ ਸਿੱਧੇ ਪੰਜਾਬ ਆ ਨਿਕਲੇ। ਇਹ ਉਨ੍ਹਾਂ ਦੀ ਦੂਸਰੀ ਯਾਤਰਾ ਸੀ। ਉਹ ਹਰਿਦੁਆਰ ਤੋਂ ਚੱਲ ਕੇ ਅੰਮ੍ਰਿਤਸਰ ਜ਼ਿਲ੍ਹੇ ਦੇ ਇੱਕ ਪਿੰਡ ‘ਭੂਤ ਪਿੰਡ’ ਵਿਖੇ ਆ ਟਿਕੇ। ਇੱਥੋਂ ਦੇ ਇੱਕ ਪ੍ਰੇਮੀ ਸਿੱਖ ਬਹੁੜ ਦਾਸ ਜਾਂ ਬੋਹੜ ਦਾਸ ਨਾਲ ਉਨ੍ਹਾਂ ਦਾ ਸੰਪਰਕ ਹੋਇਆ।

ਭੂਤਵਿੰਡ ਤੋਂ ਅਗਲੇਰਾ ਪੜਾਅ ਉਨ੍ਹਾਂ ਮਰੜ੍ਹ ਪਿੰਡ (ਜ਼ਿਲ੍ਹਾ ਗੁਰਦਾਸਪੁਰ) ਵਿਚ ਕੀਤਾ। ਮਰੜ੍ਹ ਤੋਂ ਜ਼ਿਲ੍ਹਾ ਗੁਰਦਾਸਪੁਰ ਦੇ ਹੀ ਇੱਕ ਹੋਰ ਪਿੰਡ ਭੱਟੀਵਾਲ ਗਏ। ਇਸ ਪਿੰਡ ਵਿਚ ਨਾਮਦੇਵ ਨੇ ਇੱਕ ਖੂਹ ਲਗਵਾਇਆ। ਇਸ ਜ਼ਿਲ੍ਹੇ ਵਿਚ ਭਗਤ ਨਾਮਦੇਵ ਜੀ ਦੀ ਇੱਕ ਹੋਰ ਯਾਦਗਾਰ ਪਿੰਡ ਸੱਖੋਵਾਲ ਵਿਚ ਬਣੀ ਹੈ। ਸਭ ਤੋਂ ਪ੍ਰਸਿੱਧ ਅਤੇ ਕੇਂਦਰੀ ਅਹਿਮੀਅਤ ਰੱਖਣ ਵਾਲਾ ਨਾਮਦੇਵ ਜੀ ਦਾ ਯਾਦਗਾਰੀ ਸਥਾਨ ਘੁਮਾਣ (ਗੁਰਦਾਸਪੁਰ) ਵਿਚ ਹੈ, ਜਿਸ ਨਗਰ ਨਾਲ ਅਨੇਕਾਂ ਲੋਕ-ਸਮ੍ਰਿਤੀਆਂ ਜੁੜੀਆਂ ਹਨ।

ਜੋਤੀ ਜੋਤ ਸਮਾਉਣਾ : ਆਪ ਨੇ 1350 ਈਸਵੀ ਵਿਚ ਆਪਣੇ ਪੰਜ ਭੂਤਕ ਸਰੀਰ ਦਾ ਤਿਆਗ ਕੀਤਾ। ਇਸ ਤੱਥ ਦਾ ਆਧਾਰ ਸ੍ਰੀ ਨਾਮਦੇਵ ਗਾਥਾ ਵਿਚਲੇ ਅਭੰਗ ਹਨ। ਉਨ੍ਹਾਂ ਦਾ ਦੇਹੁਰਾ ਘੁਮਾਣ ਜ਼ਿਲ੍ਹਾ ਗੁਰਦਾਸਪੁਰ ਵਿਚ ਮੌਜੂਦ ਹੈ।

ਰਚਨਾ : (ੳ) ਆਪਦੀ ਬਾਣੀ ਜੋ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਹੈ, ਉਹ 18 ਰਾਗਾਂ ਵਿਚ ਹੈ ਤੇ ਸ਼ਬਦਾਂ ਦੀ ਗਿਣਤੀ 61 ਹੈ।

ਆਦਿ ਗ੍ਰੰਥ ਤੋਂ ਬਾਹਰ ਹਿੰਦੀ ਬਾਣੀ:- ਆਦਿ ਗ੍ਰੰਥ ਤੋਂ ਬਾਹਰ ਨਾਮਦੇਵ ਕੀ ਹਿੰਦੀ ਪਦਾਵਲੀ ਹਿੰਦੀ ਦੇ ਪਦਿਆਂ ਦੀ ਕੁੱਲ ਗਿਣਤੀ 231 ਹੈ, ਜੋ ਕਿ 15 ਰਾਗਾਂ ਵਿਚ ਹਨ। ਹਿੰਦੀ ਪਦਿਆਂ ਵਿਚੋਂ 25 ਪਦੇ ਤਾਂ ਅਜਿਹੇ ਹਨ, ਜੋ ਆਦਿ ਗ੍ਰੰਥ ਵਿਚਲੇ ਸ਼ਬਦਾਂ ਨਾਲ ਹੂ-ਬ-ਹੂ ਮਿਲਦੇ ਹਨ।

(ੲ) ਮਰਾਠੀ ਰਚਨਾ : ਨਾਮਦੇਵ ਦੀ ਮਰਾਠੀ ਰਚਨਾ ਅਭੰਗਾਂ ਵਿਚ ਹੈ, ਜੋ ਕਿ ਸ੍ਰੀ ਨਾਮਦੇਵ ਗਾਥਾ ਵਿਚ ਸੰਗ੍ਰਹਿਤ ਹਨ। ਇਨ੍ਹਾਂ ਅਭੰਗਾਂ ਦੀ ਗਿਣਤੀ 2655 ਹੈ। ਇਨ੍ਹਾਂ ਅਭੰਗਾਂ ਵਿਚ ਨਾਮਦੇਵ ਦੇ ਪਰਿਵਾਰ ਦੇ ਮੈਂਬਰਾਂ ਵੱਲੋਂ ਰਚਿਤ 548 ਅਭੰਗ ਵੀ ਸ਼ਾਮਲ ਹਨ।



ਸ੍ਰੀ ਨਾਮਦੇਵ ਦਰਬਾਰ ਘੁਮਾਣ, ਜ਼ਿਲ੍ਹਾ ਗੁਰਦਾਸਪੁਰ।

# ਦਸਮ ਪਿਤਾ ਦਾ ਸਾਨੀ ਜੱਗ ਵਿਚ ਕੋਈ ਨਹੀਂ



ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਸ਼ਬਦਾਂ ਵਿਚ ਬਿਆਨ ਤੋਂ ਬਾਹਰ ਹਨ ਕਿਉਂਕਿ ਉਹ ਇਤਿਹਾਸ ਦਾ ਕੋਈ ਅੰਗ ਨਹੀਂ ਹਨ। ਗੁਰੂ ਸਾਹਿਬ ਆਪ ਮੁਕੰਮਲ ਇਤਿਹਾਸ ਹਨ, ਜੋ ਚਾਰੋਂ ਜੁਗਾਂ ਦੀ ਅਗਵਾਈ ਕਰਦਾ ਹੈ। ਦਸਮ ਪਿਤਾ ਦਾ ਕੁਲ 42 ਸਾਲ਼ ਦਾ ਜੀਵਨ ਕਲਿਯੁੱਗ ਤੋਂ ਸਤਿਯੁੱਗ ਤੱਕ ਦੀ ਯਾਤਰਾ ਦਾ ਪੰਥ ਤਿਆਰ ਕਰਨ ਵਾਲਾ ਹੈ। ਉਨ੍ਹਾਂ ਦਾ ਜੀਵਨ ਉਸ ਪੰਥ 'ਤੇ ਚੱਲਣ ਲਈ ਪ੍ਰੇਰਨਾ ਤੇ ਬਲ ਬਖ਼ਸ਼ਣ ਵਾਲਾ ਵੀ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਧਰਮ ਨੂੰ ਜਿਉਂ ਕੇ ਵਿਖਾਇਆ। ਆਪ ਦਾ ਕਰਤਵ ਬੋਧ ਹੈਰਾਨ ਕਰ ਦੇਣ ਵਾਲਾ ਸੀ। ਨੌਂ ਸਾਲ਼ ਦੀ ਬਾਲੜੀ ਆਯੂ ਵਿਚ ਜਦੋਂ ਪਿਤਾ ਦੀ ਗਲਵਕੜੀ ਪ੍ਰਫ਼ੁੱਲਿਤ ਕਰਨ ਵਾਲੀ ਹੁੰਦੀ ਹੈ, ਗੁਰੂ ਸਾਹਿਬ ਨੇ ਆਪਨਾ ਮੋਹ ਤਿਆਗ ਕਸ਼ਮੀਰ ਦੇ ਬ੍ਰਾਹਮਣਾਂ ਵੱਲ ਮੋੜ ਦਿੱਤੀ, ਤਾਂ ਜੋ ਉਨ੍ਹਾਂ ਦਾ ਧਰਮ ਸੁਰੱਖਿਅਤ ਹੋ ਸਕੇ। ਗੁਰੂ ਗੋਬਿੰਦ ਸਿੰਘ ਸਾਹਿਬ ਸਮਝ ਚੁੱਕੇ ਸਨ ਕਿ ਔਰੰਗਜੇਬ ਦੀ ਕਲਿਯੁਗੀ ਤਾਕਤ ਦਾ ਸਾਹਮਣਾ ਕਰਨ ਲਈ ਸਤਯੁਗ ਦੀ ਉਸ ਤਾਕਤ ਦਾ ਪ੍ਰਗਟ ਹੋਣਾ ਹੀ ਇੱਕੋ ਵਿਕਲਪ ਹੈ, ਜੋ ਆਪਣੇ ਚਾਰੋਂ ਪੈਰਾਂ 'ਤੇ ਦ੍ਰਿੜ੍ਹਤਾ ਨਾਲ ਖੜ੍ਹੀ ਹੈ। ਇਹ ਤਾਕਤ ਆਪਣੇ ਤਨ ਨੂੰ ਸਬਰ, ਸੰਤੋਖ ਦਾ ਰੱਥ ਬਣਾ ਲੈਣ ਨਾਲ ਪੈਦਾ ਹੁੰਦੀ ਹੈ, ਜਿਸ ਦਾ ਰਥਵਾਹ ਧਰਮ ਹੋਵੇ। ਗੁਰੂ ਸਾਹਿਬ ਨੇ ਆਪ ਕਿਹਾ ਕਿ ਉਹ ਸੰਸਾਰ ਵਿਚ ਧਰਮ ਦੀ ਪ੍ਰਤਿਸ਼ਠਾ ਲਈ ਆਏ ਹਨ "ਹਮ ਇਹ ਕਾਜ ਜਗਤ ਮੋ ਆਏ॥ ਧਰਮ ਹੇਤ ਗੁਰਦੇਵ ਪਠਾਏ॥" ਇਸ ਮਹਾਨ ਕਾਰਜ ਨੂੰ ਸੰਪੂਰਨ ਕਰਨ ਲਈ ਗੁਰੂ ਸਾਹਿਬ ਨੇ ਆਪਣੇ ਜੀਵਨ ਨੂੰ ਸੰਤੋਖ ਦਾ ਰੱਥ ਬਣਾ ਲਿਆ ਸੀ। ਆਪਣੇ ਪਿਤਾ ਗੁਰੂ ਤੇਗ ਬਹਾਦਰ ਸਾਹਿਬ ਦਾ ਮੁੱਖ ਵੇਖਣ ਲਈ ਪੰਜ ਸਾਲ਼ ਦਾ ਸੰਤੋਖ ਤੇ ਅਗਲੇ ਚਾਰ ਸਾਲਾਂ ਵਿਚ ਹੀ ਪਿਤਾ ਦੀ ਸ਼ਹੀਦੀ ਲਈ ਆਪ ਹੀ ਪ੍ਰੇਰਨਾ ਬਣ ਜਾਣਾ ਸੰਤੋਖ ਦਾ ਸਿਖਰ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਸੰਸਾਰ ਅੰਦਰ ਸੰਤੋਖ ਦੇ ਦੁਪਹਿਰ ਦੇ ਤੱਪਦੇ ਭੱਖਦੇ ਸੂਰਜ ਸਨ, ਤਾਂ ਹੀ ਸਰਬੰਸ ਦਾਨ ਕਰਨ ਤੋਂ ਬਾਅਦ ਕਹਿ ਸਕੇ ਸਨ ਕਿ "ਇਨ ਪੁਤਰਨ ਕੇ ਸੀਸ ਪਰ ਵਾਰ ਦੀਏ ਸੁਤ ਚਾਰ॥ ਚਾਰ ਮੁਏ ਤੋਂ ਕਿਆ ਹੁਆ ਜੀਵਤ ਕਈ ਹਜ਼ਾਰ॥"

ਬ੍ਰਹਮੰਡੀ ਸੂਰਜ ਜਦੋਂ ਉੱਗਦਾ ਹੈ, ਤਾਂ ਸੰਸਾਰ ਨੂੰ ਗਿਆਤ ਹੋ ਜਾਂਦਾ ਹੈ। ਰੂਹਾਨੀ ਸੂਰਜ ਦਾ ਚੜ੍ਹਨਾ ਇੱਕ ਤਾਂ ਜੁਗਾਂ ਜੁਗਾਂ ਬਾਅਦ ਹੁੰਦਾ ਹੈ, ਦੂਜਾ ਇਸ ਦੀ ਆਮਦ ਦਾ ਸੰਕੇਤ ਕਿਸੇ ਵਿਰਲੇ ਨੂੰ ਹੀ ਪ੍ਰਾਪਤ ਹੁੰਦਾ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਦਾ ਪ੍ਰਕਾਸ਼ ਪਟਨਾ ਸਾਹਿਬ ਵਿਖੇ 22 ਦਸੰਬਰ ਸੰਨ 1666 ਵਿਚ ਹੋਇਆ, ਤਾਂ ਇੱਕ ਇਲਾਹੀ ਰੌਸ਼ਨੀ ਸੈਂਕੜੇ ਮੀਲ ਦੂਰ ਠਸਕਾ ਜਿਲਾ ਕਰਨਾਲ ਵਿਚ ਬੈਠੇ ਪੀਰ ਭੀਖ ਸ਼ਾਹ ਦੀ ਆਤਮਾ ਰੌਸ਼ਨ ਕਰ ਗਈ। ਬੇਸਬਰ ਪੀਰ ਜੀ ਬਿਨਾ ਇੱਕ ਪਲ ਗੁਆਏ ਦਰਸ਼ਨ ਲਈ ਉਸ ਦਿਸ਼ਾ ਵੱਲ ਸਿਜਦਾ ਕਰ ਕੇ ਤੁਰ ਪਏ, ਜਿੱਥੋਂ ਇਸ ਰੌਸ਼ਨੀ ਦੇ ਅਵਤਾਰ ਦਾ ਸੰਕੇਤ ਪ੍ਰਾਪਤ ਹੋ ਰਿਹਾ ਸੀ। ਪਟਨਾ ਸਾਹਿਬ ਪੁੱਜ ਕੇ ਪੀਰ ਸਾਹਿਬ ਸਦਾ ਲਈ ਤ੍ਰਿਪਤ ਹੋ ਗਏ। ਗੁਰੂ ਗੋਬਿੰਦ ਸਿੰਘ ਸਾਹਿਬ ਪੂਰੀ ਮਨੁੱਖਤਾ ਨੂੰ ਨਿਹਾਲ ਕਰਨ ਲਈ ਆਏ ਸਨ। ਗੁਰੂ ਸਾਹਿਬ ਦਾ ਮਿਸ਼ਨ ਧਰਮ ਤੇ ਧਰਮੀਆਂ ਨੂੰ ਉਬਾਰਨਾ ਅਤੇ ਧਰਮ ਦਾ ਘਾਣ ਕਰਨ ਵਾਲੀ ਸੋਚ ਦਾ ਸਮੂਲ ਨਾਸ਼ ਕਰਨਾ ਸੀ "ਧਰਮ ਚਲਾਵਨ ਸੰਤ ਉਬਾਰਨ॥ ਦੁਸਟ ਸਭਨ ਕੋ ਮੂਲ ਉਪਾਰਨ॥"

ਧਰਮ ਦੀ ਅਸਥਾਪਨਾ ਲਈ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਬਹੁਪੱਖੀ ਜਤਨ ਕੀਤੇ। ਆਪਣੇ ਧਰਮ ਜਗਤ ਵਿਚ ਵਿਆਪਤ ਭਰਮਾਂ, ਕਰਮਕਾਂਡ ਤੇ ਪਾਖੰਡ ਦਾ ਭਰਪੂਰ ਖੰਡਨ ਕੀਤਾ।

ਕਾਹੂ ਲੈ ਪਾਹਨ ਪੂਜ ਧਰਯੋ ਸਿਰ ਕਾਹੂ ਲੈ ਲਿੰਗ ਗਰੇ ਲਟਕਾਇਓ॥
ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ ਕਾਹੂ ਪਛਾਹ ਕੋ ਸੀਸੁ ਨਿਵਾਇਓ॥
ਕੋਊ ਬੁਤਾਨ ਕੋ ਪੂਜਤ ਹੈ ਪਸੁ ਕੋਊ ਮ੍ਰਿਤਾਨ ਕੋ ਪੂਜਨ ਧਾਇਓ॥
ਕੂਰ ਕ੍ਰਿਆ ਉਰਝਿਓ ਸਭ ਹੀ ਜਗ ਸ੍ਰੀ ਭਗਵਾਨ ਕੋ ਭੇਦੁ ਨ ਪਾਇਓ॥

ਗੁਰੂ ਸਾਹਿਬ ਨੂੰ ਗਿਆਤ ਸੀ ਕਿ ਪਾਖੰਡ ਦੀਆਂ ਜੜ੍ਹਾਂ ਬਹੁਤ ਗਹਿਰੀਆਂ ਹਨ। ਆਪ ਨੇ ਇਸ ਨੂੰ ਸਾਫ ਤੌਰ 'ਤੇ ਕੂੜ ਐਲਾਨਿਆ ਤੇ ਕਿਹਾ ਕਿ ਪ੍ਰਮਾਤਮਾ ਦੀ ਕ੍ਰਿਪਾ ਤੋਂ ਵਾਂਝੇ ਹੋਣ ਦਾ ਇਹ ਹੀ ਕਾਰਨ ਹੈ। ਕੂੜ ਕ੍ਰਿਆਵਾਂ ਦਾ ਤਿਆਗ ਕੀਤੇ ਬਿਨਾ ਪ੍ਰਮਾਤਮਾ ਦੀ ਸ਼ਰਣ ਸੰਭਵ ਨਹੀਂ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਨੇ ਭਿੰਨ-ਭਿੰਨ ਮਤ ਮਤਾਂਤਰ ਦੇ ਧਰਮੀਆਂ ਦਾ ਸੱਚ ਪ੍ਰਗਟ ਕਰਦਿਆਂ ਵਚਨ ਕੀਤਾ ਕਿ ਉਹ ਸਾਰੇ ਕਾਰਜ ਕਰਦੇ ਹਨ, ਬਸ ਪ੍ਰਮਾਤਮਾ ਦਾ ਹੀ ਧਿਆਨ ਨਹੀਂ ਕਰਦੇ। ਉਨ੍ਹਾਂ ਨੂੰ ਇਹ ਨਹੀਂ ਬੋਧ ਕਿ ਪ੍ਰਮਾਤਮਾ ਦੀ ਕ੍ਰਿਪਾ ਬਿਨਾ ਸਭ ਵਿਅਰਥ ਹੈ। ਗੁਰੂ ਸਾਹਿਬ ਨੇ ਮਹਾਬਲੀ ਸੂਰਮਾਵਾਂ, ਰਾਜਾ-ਮਹਾਰਾਜਾ, ਪੁੰਨ ਦਾਨ ਕਰਨ ਵਾਲਿਆਂ, ਤਿਆਗਿਆਂ, ਅਭਿਆਸੀਆਂ ਆਦਿਕ ਦੇ ਹੰਕਾਰ ਦਾ ਖੰਡਨ ਕਰਦਿਆਂ ਕਿਹਾ ਕਿ ਸਾਰਾ ਕੁਝ ਵਿਅਰਥ ਹੈ, ਜੇ ਪ੍ਰਮਾਤਮਾ ਦੀ ਸ਼ਰਣ ਤੇ ਕ੍ਰਿਪਾ ਮੌਜੂਦ ਨਹੀਂ ਹੈ। ਸਾਰੀਆਂ ਸੰਸਾਰਕ ਪ੍ਰਾਪਤੀਆਂ ਪ੍ਰਮਾਤਮਾ ਵਿਚ ਰੱਤੇ ਬਿਨਾ ਰੱਤੀ ਭਰ ਵੀ ਲਾਭਦਾਇਕ ਨਹੀਂ ਹੁੰਦੀਆਂ "ਸ੍ਰੀ ਭਗਵਾਨ ਕੀ ਭਾਇ ਕ੍ਰਿਪਾ ਹੂ ਤੇ ਏਕ ਰਤੀ ਬਿਨੁ ਏਕ ਰਤੀ ਕੇ॥" ਹਾਲਾਤ ਕੋਈ ਵੀ ਰਹੇ, ਅਨੁਕੂਲ ਜਾਂ ਵਿਪਰੀਤ, ਪ੍ਰਮਾਤਮਾ ਵਿਚ ਗੁਰੂ ਗੋਬਿੰਦ ਸਿੰਘ ਸਾਹਿਬ ਦਾ ਅਡੋਲ ਵਿਸ਼ਵਾਸ ਹੈਰਾਨ ਕਰ ਦੇਣ ਵਾਲਾ ਸੀ। ਪ੍ਰਮਾਤਮਾ ਆਪ ਲਈ ਸਭ ਕੁਝ ਸੀ ਕਿਉਂਕਿ ਆਪ ਪ੍ਰਮਾਤਮਾ ਨੂੰ ਵੇਖਣ ਜੋਗ ਵਿਲੱਖਣ ਦ੍ਰਿਸ਼ਟੀ ਦੇ ਧਾਰਕ ਸਨ। ਗੁਰੂ ਸਾਹਿਬ ਨੇ ਲੋਕਾਈ ਨੂੰ ਪ੍ਰਮਾਤਮਾ ਦੀ ਸਰਵਉੱਚ ਤੇ ਪਰਮ ਮਨੋਹਰ ਸੱਤਾ ਨਾਲ ਜੋੜਿਆ "ਨਿਰਜੁਰ ਨਿਰੂਪ ਹੋ ਕਿ ਸੁੰਦਰ ਸਰੂਪ ਹੋ ਕਿ ਭੂਪਨ ਕੋ ਭੂਪ ਹੋ ਕਿ ਦਾਤਾ ਮਹਾ ਦਾਨ ਹੋ॥" ਗੁਰੂ ਸਾਹਿਬ ਪ੍ਰਮਾਤਮਾ ਕੋਲੋਂ ਸ਼ਕਤੀ ਦਾ ਮਹਾਂ ਦਾਨ ਪ੍ਰਾਪਤ ਕਰਕੇ ਜਗਤ ਵਿਚ ਪ੍ਰਗਟ ਹੋਏ ਸਨ। ਇਹ ਸ਼ਕਤੀ ਸ਼ਬਦ ਤੇ ਸ਼ਸਤਰ ਦੀ ਸ਼ਕਤੀ ਸੀ। ਸ਼ਬਦ ਰਾਹੀਂ ਗੁਰੂ ਸਾਹਿਬ ਨੇ ਮਨ ਤੇ ਸ਼ਸਤਰ ਰਾਹੀਂ ਤਨ ਦੀ ਟੇਕ ਟਿਕਾਉ ਦੀ ਜਾਚ ਦੱਸੀ। ਸੰਸਾਰ ਵਿਚ ਸ਼ਬਦ ਤੇ ਸ਼ਸਤਰ ਦੀ ਸਭ ਤੋਂ ਸੁਚੱਜੀ ਵਰਤੋਂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਕਰ ਕੇ ਵਿਖਾਈ। ਗੁਰੂ ਸਾਹਿਬ ਦੀ ਤੇਗ ਨੇ ਔਰੰਗਜ਼ੇਬ ਤੇ ਪਹਾੜੀ ਰਾਜਿਆਂ ਦੀ ਵਿਸ਼ਾਲ ਫੌਜ ਦੇ ਇਰਾਦੇ ਜ਼ਮੀਂਦੋਜ ਕਰ ਦਿੱਤੇ ਕਿ ਉਹ ਇੱਕ ਖਿਨ ਦੀ ਫਤਿਹ ਨੂੰ ਵੀ ਤਰਸ ਗਏ। ਗੁਰੂ ਸਾਹਿਬ ਦੀ ਕਲਮ ਨੇ ਜ਼ਫਰਨਾਮਾ ਜਿਹਾ ਸ਼ਬਦ ਖੜਗ ਸਿਰਜਿਆ ਕਿ ਮੁਗਲਿਆ ਸਲਤਨਤ ਦਾ ਪਤਨ ਹੋ ਗਿਆ। ਪਰਮ ਦਿਆਲੂ ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪ੍ਰਮਾਤਮਾ ਦੀ ਬਖਸ਼ੀ ਅਦੁੱਤੀ ਸ਼ਕਤੀ ਆਪਣੇ ਤੱਕ ਹੀ ਸੀਮਤ ਨਾ ਰੱਖੀ, ਸਗੋਂ ਖੁੱਲ੍ਹਾ ਸੱਦਾ ਦੇ ਕੇ ਖਾਲਸਾ ਸਜਾਇਆ ਤੇ ਉਸ ਨੂੰ ਆਪਣੇ ਜਿਹਾ ਹੀ ਬਣਾ ਦਿੱਤਾ। ਰਹਿਤਵਾਨ ਖਾਲਸਾ ਗੁਰੂ ਸਾਹਿਬ ਦੀ ਮਨੁੱਖਤਾ ਨੂੰ ਸਭ ਤੋਂ ਅਨਮੋਲ ਦੇਨ ਹੈ, ਜੋ ਅੰਮ੍ਰਿਤ ਪਾਨ ਕਰ ਤੇ ਕੇਸ, ਕੰਘਾ, ਕੜਾ, ਕ੍ਰਿਪਾਨ ਤੇ ਕਛਹਿਰਾ ਧਾਰਨ ਕਰ ਇੱਕ ਸੂਰਵੀਰ ਦੀ ਤਰਹ ਹਰ ਇੱਕ ਦੇ ਹੱਕ, ਹਿੱਤ ਦੀ ਰਾਖੀ ਲਈ ਜੀਵਨ ਜਿਉਣ ਲਈ ਵਚਨਬੱਧ ਹੋ ਜਾਂਦਾ ਹੈ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਪਾਉਂਟਾ ਸਾਹਿਬ ਵਿਚ ਗਿਆਨ ਦੀ ਗੰਗਾ ਵਗਾਈ, ਅਨੰਦਪੁਰ ਸਾਹਿਬ ਵੀਰਤਾ ਦੇ ਨਿਸ਼ਾਨ ਝੁਲਾਏ, ਸਰਸਾ ਦੇ ਤਟ ਤੇ ਤੇਗ ਦੀ ਛਾਂ ਵਿਚ ਗੁਰ ਸ਼ਬਦ ਦਾ ਦੀਵਾਨ ਸਜਾਇਆ, ਚਮਕੌਰ ਸਾਹਿਬ ਵਿਚ ਜੂਝ ਮਰੋਂ ਦੀ ਨੀਂਹ ਰੱਖੀ ਤੇ ਸਰਹਿੰਦ ਵਿਚ ਧਰਮ ਦੀ ਰਾਖੀ ਲਈ ਦੀਵਾਰ ਉਸਾਰੀ। ਸ਼ਾਂਤਿ ਕਾਲ ਵਿਚ ਗੁਰੂ ਸਾਹਿਬ ਘਰ-ਘਰ ਲੰਗਰ ਲਵਾਉਂਦੇ ਰਹੇ ਤੇ ਯੁੱਧ ਕਾਲ ਵਿਚ ਭੁੱਖ ਪਿਆਸ ਸਹਿਣ ਕਰਨਾ ਸਿਖਾਉਂਦੇ ਰਹੇ। ਪੂਰੇ ਜੀਵਨ ਕਾਲ ਵਿਚ ਹਾਲਾਤ ਕਦੇ ਵੀ ਗੁਰੂ ਗੋਬਿੰਦ ਸਿੰਘ ਸਾਹਿਬ ਦੀ ਜੀਵਨ ਦ੍ਰਿਸ਼ਟੀ ਤੇ ਸੰਕਲਪ ਨੂੰ ਪ੍ਰਭਾਵਿਤ ਨਹੀਂ ਕਰ ਸਕੇ। ਔਕੜਾਂ, ਵਿਘਨ, ਵਿਪੜਾਵਾਂ ਆਉਣ 'ਤੇ ਵੱਡੇ-ਵੱਡੇ ਜਤੀ-ਸਤੀ, ਬਲੀ ਡੋਲਦੇ ਵੇਖੇ ਗਏ ਹਨ। ਇਹ ਇਤਿਹਾਸ ਰਿਹਾ ਹੈ ਅਤੇ ਇਸ ਨੂੰ ਮਨੁੱਖੀ ਸਭਿਅਤਾ ਵਿਚ ਸੁਭਾਵਕ ਮੰਨਿਆ ਗਿਆ ਹੈ। ਸਿੱਖ ਗੁਰੂ ਪ੍ਰੰਪਰਾ ਨੇ ਇਸ ਦੇ ਠੀਕ ਉਲਟ ਮਿਸਾਲ ਕਾਇਮ ਕੀਤੀ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਇਸ ਮਿਸਾਲ ਦਾ ਸਿਖਰ ਸਨ। ਅਨੰਦਪੁਰ ਸਾਹਿਬ ਛੱਡਣ, ਚਾਰੋਂ ਸਾਹਿਬਜ਼ਾਦਿਆਂ ਦੀ ਹਿਰਦੈ ਵੇਧਕ ਸ਼ਹੀਦੀ, ਪਰਿਵਾਰ ਤੇ ਸਿੱਖਾਂ ਦੇ ਖਿੰਡਰ ਜਾਣ ਤੋਂ ਬਾਅਦ ਵੀ ਗੁਰੂ ਸਾਹਿਬ ਲਈ ਮਾਛੀਵਾੜੇ ਦੇ ਜੰਗਲ ਦੀ ਪਥਰੀਲੀ ਸੇਜ ਅਨੰਦਪੁਰ ਸਾਹਿਬ ਦੇ ਆਸਨ ਜਿਹੀ ਹੀ ਸੁੱਖਦਾਈ ਸੀ। ਹਾਲਾਤ ਕਿਹੇ ਜਿਹੇ ਮੁਸ਼ਕਿਲ ਰਹੇ ਗੁਰੂ ਸਾਹਿਬ ਦੇ ਮਨ ਅੰਦਰ ਸਦਾ ਹੀ ਪ੍ਰਮਾਤਮਾ ਦੀ ਮਿਹਰ ਦਾ ਆਨੰਦ ਬਣਿਆ ਰਿਹਾ।

ਚਿ ਦੁਸ਼ਮਨ ਕੁਨਦ ਮਿਹਰਬਾਂ ਅਸਤ ਦੋਸਤ
ਕਿ ਬਖ਼ਸ਼ਿੰਦਗੀ ਕਾਰਿ ਬਖ਼ਸ਼ਿੰਦਹ ਓਸਤ॥ ੯੮॥ (ਜਫਰਨਾਮਾ)

ਹਾਲਾਤ ਬਦਲਨਾ ਗੁਰੂ ਸਾਹਿਬ ਲਈ ਇੱਕ ਸਹਿਜ ਕਿਰਿਆ ਸੀ ਕਿਉਂਕਿ ਰੱਬ ਉਨ੍ਹਾਂ ਦਾ ਮਿੱਤਰ ਤੇ ਮਿਹਰਬਾਨ ਸੀ। ਰੱਬੀ ਬਖਸ਼ਿਸ਼ ਦੇ ਮੀਂਹ ਸਦਾ ਹੀ ਗੁਰੂ ਸਾਹਿਬ 'ਤੇ ਵਰ੍ਹਦੇ ਰਹੇ ਸਨ। ਮਾਛੀਵਾੜਾ ਦੇ ਹਾਲਾਤ ਗੁਰੂ ਸਾਹਿਬ ਨੇ ਛੇਤੀ ਹੀ ਬਦਲ ਦਿੱਤੇ ਤੇ ਲੱਖੀ ਜੰਗਲ ਵਿਚ ਅਨੰਦਪੁਰ ਸਾਹਿਬ ਜਿਹਿਆਂ ਰੌਣਕਾਂ ਲੱਗ ਗਈਆਂ। ਮਨ ਪੂਰਨ ਥਿਰ 'ਤੇ ਸਹਿਜ ਵਿਚ ਸੀ, ਤਾਂ ਹੀ ਗੁਰੂ ਸਾਹਿਬ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਸੰਪੂਰਨਤਾ ਬਖਸ਼ੀ, ਦੱਖਣ ਵਿਚ ਇੱਕ ਲੱਖ ਲੋਕਾਂ ਨੂੰ ਅੰਮ੍ਰਿਤ ਛਕਾਇਆ ਤੇ ਭਵਿੱਖ ਦਾ ਬਹੁਤ ਅਹਿਮ ਫੈਸਲਾ ਲੈਂਦਿਆਂ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾ ਗੱਦੀ ਤੇ ਵਿਰਾਜਮਾਨ ਕੀਤਾ। ਇਸ ਫੈਸਲੇ ਨੇ ਸਿੱਖ ਪੰਥ ਨੂੰ ਆਉਣ ਵਾਲਿਆਂ ਕਈ ਮੁਸ਼ਕਿਲਾਂ ਤੋਂ ਸਦਾ ਲਈ ਮੁਕਤ ਕਰ ਦਿੱਤਾ।

ਗੁਰੂ ਗੋਬਿੰਦ ਸਿੰਘ ਸਾਹਿਬ ਨੇ ਆਪਣੀ ਬਾਣੀ ਵਿਚ ਆਪਣੇ ਆਪ ਨੂੰ ਵਾਰ-ਵਾਰ ਪ੍ਰਮਾਤਮਾ ਦਾ ਦਾਸ, ਚਾਕਰ ਦੱਸਿਆ। ਜਾਪ ਸਾਹਿਬ ਬਾਣੀ ਵਿਚ ਗੁਰੂ ਸਾਹਿਬ ਨੇ ਪ੍ਰਮਾਤਮਾ ਦੇ ਬੇਅੰਤ ਗੁਣਾਂ ਦਾ ਵਰਣਨ ਕੀਤਾ। ਸੰਸਾਰ ਤੇ ਦਸਮ ਪਿਤਾ ਨੇ ਜੋ ਉਪਕਾਰ ਕੀਤੇ, ਉਹ ਇਨ੍ਹਾਂ ਸਾਰੇ ਗੁਣਾਂ ਦਾ ਧਾਰਨੀ ਹੀ ਕਰ ਸਕਦਾ ਸੀ। ਪ੍ਰਮਾਤਮਾ ਨੇ ਅਪਾਰ ਬਖਸ਼ਿਸ਼ ਕਰਦਿਆਂ ਆਪਣੇ ਸਾਰੇ ਗੁਣ ਗੁਰੂ ਗੋਬਿੰਦ ਸਿੰਘ ਸਾਹਿਬ ਵਿਚ ਸਮੋਏ ਹੋਏ ਸਨ ਕਿਉਂਕਿ ਗੁਰੂ ਸਾਹਿਬ ਦਾ ਸੰਸਾਰ ਆਗਮਨ ਦਾ ਮਨੋਰਥ ਵੀ ਵੱਡਾ ਸੀ। ਜੇ ਸ਼ੁਭ ਕਾਰਜਾਂ ਦਾ ਕੋਈ ਸ਼ਬਦ ਕੋਸ਼ ਤਿਆਰ ਕਰਨਾ ਹੋਵੇ, ਤਾਂ ਗੁਰੂ ਗੋਬਿੰਦ ਸਿੰਘ ਸਾਹਿਬ ਦੇ ਧਰਮ ਤੇ ਮਨੁੱਖਤਾ ਹਿੱਤ ਕੀਤੇ ਕਾਰਜਾਂ ਦੀ ਗਿਣਤੀ ਕਰਨੀ ਪਵੇਗੀ। ਪਰ ਇਹ ਸੰਭਵ ਨਹੀਂ ਹੈ। ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਇੱਕ ਜਨਮ ਵਿਚ ਨਹੀਂ ਸਮਝਿਆ ਜਾ ਸਕਦਾ।

-ਡਾ. ਸਤਿੰਦਰ ਪਾਲ ਸਿੰਘ
ਈ - 1716, ਰਾਜਾਜੀਪੁਰਮ
ਲਖਨਊ - 226017
ਈ ਮੇਲ - akaalpurkh.7@gmail.com



ਪੰਜਾਬ ਮੇਲ USA



# ਸਕਾਟਲੈਂਡ ਸਿਰ ਸਜਿਆ ਹੈ ਵਿਸ਼ਵ ਦੀ ਸਭ ਤੋਂ ਘੱਟ ਸਮੇਂ ਦੀ ਹਵਾਈ ਉਡਾਨ ਦਾ ਸਿਹਰਾ

## ■ 60 ਤੋਂ 80 ਸੈਕਿੰਡ ਵਿਚ ਜਹਾਜ਼ ਇੱਕ ਹਵਾਈ ਅੱਡੇ ਤੋਂ ਪਹੁੰਚਦਾ ਹੈ ਦੂਜੇ ਵੱਲ
## ■ ਸਭ ਤੋਂ ਤੇਜ਼ ਹਵਾਈ ਸਫਰ (53 ਸੈਕਿੰਡ) ਦਾ ਰਿਕਾਰਡ ਵੀ ਬਣਿਆ

-ਮਨਦੀਪ ਖੁਰਮੀ ਹਿੰਮਤਪੁਰਾ
ਗਲਾਸਗੋ (ਸਕਾਟਲੈਂਡ)
+44 (0) 7519112312
ਪੰਜਾਬ ਮੇਲ USA



ਸਕਾਟਲੈਂਡ ਦੀ ਕੁਦਰਤੀ ਖ਼ੂਬਸੂਰਤੀ ਦਾ ਵਿਸ਼ਵ ਭਰ ਵਿਚ ਡੰਕਾ ਵੱਜਦਾ ਹੈ। ਸਕਾਚ ਵਿਸਕੀ ਕਰਕੇ ਤਾਂ ਸਕਾਟਲੈਂਡ ਮਸ਼ਹੂਰ ਹੈ ਹੀ, ਸਗੋਂ ਪੁਰਾਤਨ ਇਮਾਰਤਸਾਜ਼ੀ, ਕੁਦਰਤੀ ਸੁਹੱਪਣ ਤੇ ਲੋਕਾਂ ਦੇ ਮਿਲਾਪੜੇਪਣ ਕਰਕੇ ਵੀ ਸਕਾਟਲੈਂਡ ਪ੍ਰਸਿੱਧ ਹੈ। ਹੈਰਾਨ ਕਰਨ ਵਾਲੀ ਗੱਲ ਇਹ ਹੈ ਕਿ ਵਿਸ਼ਵ ਭਰ ਵਿਚੋਂ ਸਭ ਤੋਂ ਘੱਟ ਸਮੇਂ ਵਾਲੀ ਫਲਾਈਟ ਜਾਣੀ ਕਿ ਹਵਾਈ ਸਫਰ ਦਾ ਵਿਸ਼ਵ ਕੀਰਤੀਮਾਨ ਵੀ ਸਕਾਟਲੈਂਡ ਦੇ ਹਿੱਸੇ ਆਇਆ ਹੋਇਆ ਹੈ। ਹੈ ਨਾ ਹੈਰਾਨ ਕਰਨ ਵਾਲੀ ਗੱਲ ਕਿ ਇੱਕ ਜਹਾਜ਼ ਇੱਕ ਹਵਾਈ ਅੱਡੇ ਤੋਂ ਉਡਾਨ ਭਰ ਕੇ ਦੂਜੇ ਹਵਾਈ ਅੱਡੇ 'ਤੇ ਸਿਰਫ 60 ਤੋਂ 80 ਸਕਿੰਟ ਵਿਚ ਉੱਤਰ ਜਾਂਦਾ ਹੋਵੇ? ਜੀ ਹਾਂ, ਇਹ ਵਿਸ਼ਵ ਦੀ ਸਭ ਤੋਂ ਘੱਟ ਸਮੇਂ ਦੀ ਫਲਾਈਟ ਸਕਾਟਲੈਂਡ ਦੇ ਦੋ ਛੋਟੇ-ਛੋਟੇ ਟਾਪੂਆਂ ਵੈਸਟਰੇ ਤੋਂ ਪਾਪਾ ਵੈਸਟਰੇ ਦਰਮਿਆਨ ਆਉਂਦੀ ਜਾਂਦੀ ਹੈ। ਏਅਰ ਕੰਪਨੀ ਲੋਗਨ ਏਅਰ ਦੇ ਜਹਾਜ਼ ਵੈਸਟਰੇ ਤੋਂ ਪਾਪਾ ਵੈਸਟਰੇ ਦਰਮਿਆਨ ਸਵਾਰੀਆਂ ਦੀ ਢੋਅ ਢੁਆਈ 'ਚ ਲੱਗੇ ਰਹਿੰਦੇ ਹਨ। ਇਸ ਫਲਾਈਟ ਨੂੰ 60 ਤੋਂ 80 ਸੈਕਿੰਡ ਤੱਕ ਦਾ ਸਮਾਂ ਲੱਗਦਾ ਹੈ। ਤੇਜ਼ ਤੋਂ ਤੇਜ਼ ਸਫਰ ਉਪਰੰਤ ਸਿਰਫ 53 ਸੈਕਿੰਡ ਦਾ ਸਮਾਂ ਵੀ ਰਿਕਾਰਡ ਵਜੋਂ ਦਰਜ ਹੈ। ਔਰਕਨੀ ਦੇ ਇਨ੍ਹਾਂ ਦੋ ਟਾਪੂਆਂ ਵਿਚਕਾਰ ਫਲਾਈਟ ਦੀ ਦੂਰੀ 1.7 ਮੀਲ ਹੈ ਤੇ ਦਸੰਬਰ 2016 ਵਿਚ ਇਹਨੂੰ ਵਿਸ਼ਵ ਦੀ ਸ਼ਬਦ ਤੋਂ ਛੋਟੀ ਉਡਾਨ ਹੋਣ ਦਾ ਮਾਣ ਮਿਲਿਆ ਸੀ। ਇਹ ਹਵਾਈ ਉਡਾਨ 1967 'ਚ ਸ਼ੁਰੂ ਹੋਈ ਸੀ। ਹੈਰਾਨ ਕਰਨ ਵਾਲੀ ਗੱਲ ਇਹ ਵੀ ਹੈ ਕਿ ਫਲਾਈਟ ਦੀ ਇਹ ਦੂਰੀ ਐਡਿਨਬਰਾ ਏਅਰਪੋਰਟ ਦੇ ਇੱਕ ਰਨਵੇਅ ਜਿੰਨੀ ਹੀ ਹੈ। ਪਾਇਲਟ ਸਟੂਅਰਟ ਲਿੰਕਲੇਟਰ ਨੇ ਇਸ ਛੋਟੀ ਉਡਾਨ ਨੂੰ 20 ਹਜ਼ਾਰ ਤੋਂ ਵਧੇਰੇ ਵਾਰ ਨੇਪਰੇ ਚਾੜ੍ਹਿਆ ਸੀ ਤੇ 2013 ਵਿਚ ਰਿਟਾਇਰ ਹੋ ਗਿਆ। ਇਨ੍ਹਾਂ ਦੋਹਾਂ ਟਾਪੂਆਂ ਵਿਚਕਾਰ ਸਿਰਫ 53 ਸੈਕਿੰਡ ਦੀ ਸਭ ਤੋਂ ਤੇਜ਼ ਫਲਾਈਟ ਲਿਜਾਣ ਦਾ ਵਿਸ਼ਵ ਰਿਕਾਰਡ ਵੀ ਲਿੰਕਲੇਟਰ ਦੀ ਝੋਲੀ ਪਿਆ ਸੀ। ਇਸ ਵਿਸ਼ਵ ਦੀ ਸਭ ਤੋਂ ਛੋਟੀ ਉਡਾਨ ਦਾ ਆਨੰਦ ਜਾਂ ਤਾਂ ਪਾਪਾ ਵੈਸਟ ਸਥਿਤ 60 ਖੁਦਾਈ ਸਥਾਨਾਂ ਦਾ ਨਿਰੀਖਣ ਕਰਨ ਆਉਂਦੇ ਵਿਦਿਆਰਥੀ ਤੇ ਅਧਿਆਪਕ ਮਾਣਦੇ ਹਨ ਜਾਂ ਸਿਹਤ ਵਿਭਾਗ ਦੇ ਕਰਮਚਾਰੀ ਇਸ ਟਾਪੂ 'ਤੇ ਵਸਦੇ 90 ਵਸਨੀਕਾਂ ਦੀ ਸੇਵਾ 'ਚ ਪਹੁੰਚਦੇ ਹਨ। ਲੋੜ ਪੈਣ 'ਤੇ ਬਿਮਾਰ ਲੋਕਾਂ ਨੂੰ ਸਿਹਤ ਸਹੂਲਤਾਂ ਲੈਣ ਲਈ ਵੀ ਇਸ ਫਲਾਈਟ ਦੀ ਲੋੜ ਪੈਂਦੀ ਹੈ। ਸਕਾਟਲੈਂਡ ਦੇ ਲਗਭਗ 790 ਟਾਪੂਆਂ 'ਚੋਂ ਸਿਰਫ ਇਹੀ ਦੋ ਟਾਪੂ ਹਨ, ਜਿਨ੍ਹਾਂ ਦੀ ਆਵਾਜਾਈ ਵਿਸ਼ਵ ਕੀਰਤੀਮਾਨ ਕਰਕੇ ਪ੍ਰਸਿੱਧ ਹੋਈ ਹੈ। ਇੱਥੇ ਇਹ ਵੀ ਵਰਨਣਯੋਗ ਹੈ ਕਿ ਇੱਕ ਟਾਪੂ ਤੋਂ ਦੂਜੇ ਤੱਕ ਪਹੁੰਚਣ ਲਈ ਅਕਸਰ ਹੀ ਬੇੜੀਆਂ, ਕਿਸ਼ਤੀਆਂ ਦੀ ਵਰਤੋਂ ਕੀਤੀ ਜਾਂਦੀ ਹੈ। ਵੈਸਟਰੇ ਤੇ ਪਾਪਾ ਵੈਸਟਰੇ ਦਰਮਿਆਨ ਕਿਸ਼ਤੀ ਲਗਭਗ 20-25 ਮਿੰਟ ਲਗਾਉਂਦੀ ਹੋਣ ਕਰਕੇ ਵੀ ਸ਼ਾਇਦ ਲੋਕ ਇਸ ਛੋਟੇ ਹਵਾਈ ਸਫਰ ਨੂੰ ਤਰਜੀਹ ਦਿੰਦੇ ਹਨ। ਇਸ ਦੇ ਨਾਲ-ਨਾਲ ਪਾਣੀ ਵਿਚਲੀਆਂ ਚੱਟਾਨਾਂ ਦਾ ਡਰ ਵੀ ਉਨ੍ਹਾਂ ਨੂੰ ਹਵਾਈ ਸਫਰ ਵੱਲ ਤੋਰਦਾ ਹੈ। ਖਰਚੇ ਦੀ ਗੱਲ ਕਰੀਏ ਤਾਂ ਜਿਹੜੇ ਲੋਕ ਕੋਲੋਨਸੇ, ਔਰਕਨੀ, ਸ਼ੈਟਲੈਂਡ, ਵੈਸਟਰਨ ਆਈਲਜ਼, ਜਿਊਰਾ, ਕੇਥਨੈੱਸ ਤੇ ਸਦਰਲੈਂਡ ਵਿਚ ਪੱਕੀ ਰਿਹਾਇਸ਼ ਹੈ, ਉਨ੍ਹਾਂ ਨੂੰ 50 ਫੀਸਦੀ ਛੋਟ ਮਿਲਦੀ ਹੈ। ਸੀਨੀਅਰ ਸਿਟੀਜਨ, ਸੈਰ ਸਪਾਟੇ ਵਾਲੇ ਲੋਕਾਂ ਲਈ ਲੋਗਨ ਏਅਰ ਵੱਲੋਂ 15 ਤੋਂ 45 ਪੌਂਡ ਤੱਕ ਓਪਨ ਰਿਟਰਨ ਟਿਕਟ ਦੀ ਵਿਵਸਥਾ ਕੀਤੀ ਗਈ ਹੈ। ਇਸ ਵਿਲੱਖਣ ਤੇ ਵਿਸ਼ਵ ਕੀਰਤੀਮਾਨ ਬਣ ਚੁੱਕੇ ਸਫਰ ਲਈ ਲੋਕਾਂ ਦਾ ਤਾਂਤਾ ਲੱਗਿਆ ਰਹਿੰਦਾ ਹੈ।












# ਠੰਢ ਦੌਰਾਨ ਖੰਘ ਨੇ ਕੀਤਾ ਪ੍ਰੇਸ਼ਾਨ

**"ਮਾਈਨਸ ਤਾਪਮਾਨ, ਤੇਜ਼ ਠੰਢੀਆਂ ਹਵਾਵਾਂ ਦੌਰਾਨ ਸ਼ੁਰੂ ਵਿਚ ਗਲੇ ਅੰਦਰ ਖਰਾਸ਼ ਤੇ ਸੁੱਕੀ-ਗਿੱਲੀ ਖਾਂਸੀ, ਜ਼ੁਕਾਮ, ਛਿੱਕਾਂ, ਬੁਖਾਰ ਦੇ ਲੱਛਣ ਦੇਖੇ ਜਾਂਦੇ ਹਨ। ਸੁੱਕੀ ਖੰਘ ਕਾਰਨ ਬਲਗਮ ਬਾਹਰ ਨਾ ਆਉਣ 'ਤੇ ਛਾਤੀ ਵਿਚ ਜਕੜਨ, ਦਰਦ ਮਹਿਸੂਸ ਹੁੰਦੀ ਹੈ। ਬਲਗਮ ਵਾਲੀ ਖੰਘ ਦੀ ਹਾਲਤ ਵਿਚ ਕਮਜ਼ੋਰ ਤੇ ਬਜ਼ੁਰਗਾਂ ਲਈ ਵਾਰ-ਵਾਰ ਥੁੱਕਣਾ ਮੁਸ਼ਕਲ ਹੋ ਜਾਂਦਾ ਹੈ। - ਅਨਿਲ ਧੀਰ (ਡਾ.)**

ਅਨਿਲ ਧੀਰ
ਬਰੈਂਪਟਨ, ਕੈਨੇਡਾ
647-853-5800
ਪੰਜਾਬ ਮੇਲ USA






ਫੇਫੜਿਆਂ ਦੀ ਆਮ ਬਿਮਾਰੀ ਖੰਘ ਦਾ ਹਰ ਮੌਸਮ ਸਰਦੀ, ਗਰਮੀ ਤੇ ਬਰਸਾਤ ਵਿਚ ਅਸਰ ਦੇਖਿਆ ਜਾਂਦਾ ਹੈ। ਠੰਢ ਦੌਰਾਨ ਬੱਚੇ, ਨੌਜਵਾਨ ਤੇ ਬਜ਼ੁਰਗਾਂ ਲਈ ਸੁੱਕੀ-ਗਿੱਲੀ ਖੰਘ ਵਿਚ ਕੋਈ ਵੀ ਕੰਮ ਕਰਨਾ ਔਖਾ ਹੀ ਨਹੀਂ, ਕਦੇ-ਕਦੇ ਨਾਮੁਮਕਿਨ ਵੀ ਹੋ ਜਾਂਦਾ ਹੈ। ਸ਼ੁਰੂ ਵਿਚ ਗਲੇ ਅੰਦਰ ਖਰਾਸ਼ ਤੇ ਸੁੱਕੀ ਖਾਂਸੀ, ਜ਼ੁਕਾਮ, ਛਿੱਕਾਂ, ਬੁਖਾਰ ਦੇ ਲੱਛਣ ਦੇਖੇ ਜਾਂਦੇ ਹਨ। ਸੁੱਕੀ ਖੰਘ ਕਾਰਨ ਬਲਗਮ ਬਾਹਰ ਨਾ ਆਉਣ 'ਤੇ ਛਾਤੀ ਵਿਚ ਜਕੜਨ, ਦਰਦ ਮਹਿਸੂਸ ਹੁੰਦੀ ਹੈ। ਬਲਗਮ ਵਾਲੀ ਖੰਘ ਦੀ ਹਾਲਤ ਵਿਚ ਕਮਜ਼ੋਰ ਤੇ ਬਜ਼ੁਰਗਾਂ ਲਈ ਵਾਰ-ਵਾਰ ਥੁੱਕਣਾ ਮੁਸ਼ਕਲ ਹੋ ਜਾਂਦਾ ਹੈ।

ਖੰਘ ਸਰੀਰ ਅੰਦਰ ਪ੍ਰਤੀਕਰਮ ਦਾ ਤਰੀਕਾ ਹੈ, ਜਦੋਂ ਕੋਈ ਚੀਜ਼ ਗਲੇ ਅੰਦਰ ਹਵਾ ਦੇ ਰਸਤੇ ਨੂੰ ਪ੍ਰੇਸ਼ਾਨ ਕਰਦੀ ਹੈ। ਚਿੜਚਿੜੇਪਨ ਤੰਤੂਆਂ ਨੂੰ ਉਤੇਜਿਤ ਕਰਕੇ ਦਿਮਾਗ ਨੂੰ ਸੰਦੇਸ਼ ਭੇਜਦੇ ਹਨ। ਦਿਮਾਗ ਛਾਤੀ ਅਤੇ ਪੇਟ ਦੀਆਂ ਮਾਸਪੇਸ਼ੀਆਂ ਦੇ ਐਕਸ਼ਨ ਨਾਲ ਫੇਫੜਿਆਂ ਅੰਦਰੋਂ ਹਵਾ ਦੇ ਧੱਕੇ ਨਾਲ ਬਾਹਰ ਆਉਣ ਦੀ ਕ੍ਰਿਆ ਨੂੰ ਖੰਘ ਕਿਹਾ ਜਾਂਦਾ ਹੈ।

ਮਿੱਟੀ-ਘੱਟੇ ਵਾਲਾ, ਜ਼ਿਆਦਾ ਹੀਟ ਤੇ ਠੰਢ ਦੇ ਮਾਹੌਲ ਤੇ ਮੌਸਮ ਵਿਚ ਬਦਲਾਅ, ਐਲਰਜ਼ੀ, ਕਮਜ਼ੋਰ ਫੇਫੜੇ, ਨਮੂਨਿਆ, ਦਮਾ, ਰਹਿਣ ਕਰਕੇ ਖਾਂਸੀ ਸ਼ੁਰੂ ਹੋ ਜਾਂਦੀ ਹੈ। ਖੰਘ ਦੀ ਹਾਲਤ ਵਿਚ ਨੀਂਦ ਨਾ ਆਉਣ ਕਰਕੇ ਸਿਰ ਦਰਦ, ਚੱਕਰ ਆਉਣ ਦੇ ਨਾਲ ਲਗਾਤਾਰ ਥਕਾਵਟ ਮਹਿਸੂਸ ਹੁੰਦੀ ਹੈ। ਆਮ ਹਾਲਤ ਵਿਚ ਖਿਆਲ ਨਾ ਰੱਖਣ ਨਾਲ ਬਿਮਾਰੀ ਵੱਧ ਜਾਂਦੀ ਹੈ। ਠੰਡ ਵਿਚ ਛੋਟੇ ਬੱਚਿਆਂ ਦਾ ਖਾਸ ਖਿਆਲ ਰੱਖੋ। ਖੰਘ ਤੋਂ ਤੰਗ ਲੋਕ ਖੰਘ ਦੀ ਆਮ ਹਾਲਤ ਵਿਚ ਘਰੇਲੂ ਰੇਮੇਡੀਜ਼ ਦਾ ਫਾਇਦਾ ਲੈ ਸਕਦੇ ਹਨ।

## ਆਪਣਾ ਖਿਆਲ ਰੱਖੋ:

- ਗਲੇ ਤੇ ਨੱਕ ਦੀ ਸਫਾਈ ਅਤੇ ਖੰਘ-ਜ਼ੁਕਾਮ ਦੀ ਹਾਲਤ ਵਿਚ 2-3 ਬਾਰ ਸਟੀਮ (ਭਾਫ) ਲਵੋ। ਘਰ ਅੰਦਰ ਪਤੀਲੇ ਵਿਚ ਪਾਣੀ, ਚੁਟਕੀ ਨਮਕ ਪਾ ਕੇ ਉਬਾਲੋ। ਮੂੰਹ-ਸਿਰ ਟਾਵਲ ਨਾਲ ਢੱਕ ਗਰਮ ਪਤੀਲੇ ਤੋਂ ਮੂੰਹ ਥੋੜਾ ਦੂਰ ਰੱਖ ਕੇ ਲੰਬਾ ਸਾਹ ਲੈਂਦੇ ਹੋਏ ਭਾਫ ਲੈਣ ਨਾਲ ਆਰਾਮ ਮਿਲਦਾ ਹੈ।
- ਕੁੱਝ ਲੋਕ ਲਾਂਡਰੀ ਡਿਟਰਜੈਂਟਾਂ ਅਤੇ ਏਅਰ ਫਰੈਸ਼ਨਰਾਂ 'ਚ ਅੱਤਰ ਅਤੇ ਖੁਸ਼ਬੂਆਂ ਪ੍ਰਤੀ ਸੰਵੇਦਨਸ਼ੀਲ ਹੁੰਦੇ ਹਨ। ਇਹ ਸਾਈਨਸ ਨੂੰ ਪਰੇਸ਼ਾਨ ਕਰਕੇ ਬਲਗਮ ਨੂੰ ਹੋਰ ਵਧਾ ਦਿੰਦਾ ਹੈ। ਜੇਕਰ ਤੁਹਾਨੂੰ ਕਿਸੇ ਚੀਜ਼ ਤੋਂ ਐਲਰਜੀ ਹੈ, ਤਾਂ ਇਹ ਐਲਰਜੀਨ ਇੱਕ ਪ੍ਰਤੀਕ੍ਰਿਆ ਦਾ ਕਾਰਨ ਬਣ ਜਾਂਦੇ ਹਨ।
- ਆਪਣੇ ਰੂਮ ਦੀ ਬੈਡ-ਸ਼ੀਟ, ਪਿਲੋ-ਕਵਰ ਅਤੇ ਕੰਫਟਰ ਨੂੰ ਐਂਟੀ-ਬੈਕਟੀਰੀਅਲ ਲਿਕੂਇਡ ਤੇਜ਼ ਗਰਮ ਪਾਣੀ ਨਾਲ ਕਲੀਨ ਕਰਨੇ ਚਾਹੀਦੇ ਹਨ।
- ਆਈਸਕ੍ਰੀਮ, ਕੋਲਡ ਡ੍ਰਿੰਕਸ, ਜੰਕ-ਫੂਡ ਯਾਨਿ ਤਲੀਆਂ, ਮਸਾਲੇਦਾਰ ਤੇ ਖੱਟੇ ਪਦਾਰਥਾਂ ਦਾ ਸੇਵਨ ਨਾ ਕਰੋ।
- ਗਰਮ ਪਾਣੀ ਵਿਚ ਸ਼ਹਿਦ ਮਿਕਸ ਕਰਕੇ ਲਗਾਤਾਰ ਪੀਓ। ਘਰੇਲੂ ਗਰਮ ਮਿਕਸ ਵੈਜ਼ੀਟੇਬਲ ਤੇ ਚਿਕਨ ਸੂਪ ਕਾਲੀ ਮਿਰਚ ਪਾਊਡਰ ਮਿਲਾ ਕੇ ਵਾਰ-ਵਾਰ ਇਸਤੇਮਾਲ ਕਰੋ। ਅਦਰਕ-ਕਾਲੀ ਮਿਰਚ, ਸ਼ਹਿਦ ਵਾਲੀ ਜਾਂ ਦੇਸੀ ਚਾਹ ਸੇਵਨ ਕਰੋ।
- ਛੋਟੇ ਬੱਚਿਆਂ ਨੂੰ ਸ਼ਹਿਦ ਚਟਾਓ। ਛਾਤੀ 'ਤੇ ਥੋੜੀ ਵਿਕਸ ਲਗਾ ਸਕਦੇ ਹੋ। ਛਾਤੀ 'ਤੇ ਘੱਟ ਗਰਮ ਸਰ੍ਹੋਂ ਦੇ ਤੇਲ ਦੀ ਮਾਲਿਸ਼ ਕਰਨੀ ਚਾਹੀਦੀ ਹੈ।
- ਜ਼ਿਆਦਾ ਖਾਂਸੀ ਦੀ ਹਾਲਤ ਵਿਚ ਆਯੂਰਵੈਦਿਕ ਚੂਰਨ ਸਿਤੋਪਲਾਦੀ ਸ਼ਹਿਦ ਮਿਲਾ ਕੇ ਇਸਤੇਮਾਲ ਕਰੋ।
- ਸੁੱਕੀ ਖੰਘ ਵਿਚ ਛੋਟੀ ਇਲਾਚੀ, ਲੌਂਗ, ਮਿਸਰੀ ਚੂਸਦੇ ਰਹੋ। ਤਵੇ 'ਤੇ ਮੁਨੱਕਾ ਭੁੰਨ ਕੇ ਚੂਸਣ ਨਾਲ ਰਾਹਤ ਮਿਲਦੀ ਹੈ।




- ਬਲਗਮ ਵਾਲੀ ਖੰਘ ਵਿਚ ਗਰਮ ਦੁੱਧ ਹਲਦੀ ਪਾਊਡਰ, ਸ਼ਹਿਦ ਮਿਕਸ ਕਰਕੇ ਸੇਵਨ ਕਰੋ।
- ਸ਼ਕੀਨੀ ਛੱਡੋ, ਘਰੋਂ ਬਾਹਰ ਜਾਣ ਵੇਲੇ ਬੱਚਿਆਂ ਦੇ ਤੇ ਆਪਣੇ ਮੌਸਮ ਮੁਤਾਬਕ ਕੱਪੜੇ ਪਾਓ।
- ਸਿਗਰੇਟ, ਈ-ਸਿਗਰੇਟ, ਵੇਪਿੰਗ ਦੀ ਆਦਤ ਛੱਡ ਕੇ ਅਤੇ ਸੈਕਿੰਡ ਹੈਂਡ ਧੂੰਏ ਵਾਲੇ ਮਾਹੌਲ ਤੋਂ ਆਪਣੇ-ਆਪ ਨੂੰ ਦੂਰ ਰੱਖੋ।
- ਅਲਕੋਹਲ ਅਤੇ ਹਰ ਕਿਸਮ ਦੇ ਨਸ਼ੇ ਫੇਫੜਿਆਂ ਲਈ ਜ਼ਹਿਰ ਸਾਬਿਤ ਹੋ ਰਹੇ ਹਨ।
- ਜੇ ਐਲਰਜੀ ਤੇ ਜ਼ੁਕਾਮ ਖੰਘ ਦਾ ਕਾਰਨ ਹੈ, ਤਾਂ ਸਲੀਪ ਦੌਰਾਣ ਆਪਣਾ ਸਿਰ ਥੋੜਾ ਉੱਚਾ ਰੱਖੋ। ਜਦੋਂ ਤੁਸੀਂ ਲੇਟਦੇ ਹੋ, ਤਾਂ ਬਲਗਮ ਤੁਹਾਡੇ ਗਲੇ ਨੂੰ ਇਕੱਠਾ ਕਰਨ ਨਾਲ ਗਲੇ ਅੰਦਰ ਜਲਨ ਕਰ ਸਕਦੀ ਹੈ।

ਨੋਟ: ਅੱਜ ਵੀ ਕਈ ਵੈਰੀਏਂਟਸ ਦੇ ਚੱਲਦੇ ਹੋਏ ਲਗਾਤਾਰ ਸੁੱਕੀ ਤੇ ਬਲਗਮ ਵਾਲੀ ਖੰਘ ਦੀ ਹਾਲਤ ਵਿਚ ਲਾਪ੍ਰਵਾਹੀ ਨਾ ਵਰਤੋ। ਗਰਭਵਤੀ ਔਰਤਾਂ ਖਾਸ ਖਿਆਲ ਰੱਖਣ। ਵਰਕ-ਪਲੇਸ 'ਤੇ ਕੰਮ ਦੌਰਾਨ ਮੂੰਹ ਢੱਕ ਕੇ ਅਤੇ ਸਹੀ ਦੂਰੀ ਬਣਾ ਕੇ ਰੱਖੋ। ਘਰ ਦੇ ਆਮ ਰੇਮੀਡੀਜ਼ ਨਾਲ ਠੀਕ ਨਾ ਹੋਣ ਦੀ ਹਾਲਤ ਵਿਚ ਤੁਰੰਤ ਫੈਮਿਲੀ ਡਾਕਟਰ ਨਾਲ ਸੰਪਰਕ ਕਰੋ।

ਸਫਾ 1 ਦਾ ਬਾਕੀ

## ਅਮਰੀਕਾ 'ਚ ਕਤਲ ਦੇ ਦੋਸ਼ 'ਚ 5 ਭਾਰਤੀ ਨੌਜਵਾਨ ਗ੍ਰਿਫਤਾਰ

ਦੱਸਿਆ ਕਿ ਕਤਲ 22 ਅਕਤੂਬਰ ਦੇ ਆਸ-ਪਾਸ ਹੋਇਆ ਸੀ ਅਤੇ ਲਾਸ਼ ਪੂਰੀ ਤਰ੍ਹਾਂ ਸੜ ਚੁੱਕੀ ਸੀ। ਫੈਡਰਲ ਬਿਊਰੋ ਆਫ਼ ਇਨਵੈਸਟੀਗੇਸ਼ਨ (ਐੱਫ.ਬੀ.ਆਈ.) ਨੇ ਉਨ੍ਹਾਂ ਦੀ ਪਛਾਣ ਕਰਨ ਵਿਚ ਮਦਦ ਕੀਤੀ।

ਪ੍ਰੌਸੀਕਿਊਟਰ ਦੇ ਦਫਤਰ ਅਨੁਸਾਰ ਕਈ ਕਾਨੂੰਨ ਲਾਗੂ ਕਰਨ ਵਾਲੀਆਂ ਏਜੰਸੀਆਂ ਵੱਲੋਂ ਕੀਤੀ ਗਈ ਜਾਂਚ ਵਿਚ 5 ਦੋਸ਼ੀਆਂ ਨੂੰ ਇਸ ਕਤਲ ਨਾਲ ਜੋੜਿਆ ਗਿਆ। ਇਨ੍ਹਾਂ ਵਿਚੋਂ 4 ਮੁਲਜ਼ਮ ਇੰਡੀਆਨਾ ਸੂਬੇ ਦੇ ਗ੍ਰੀਨਵੁੱਡ ਦੇ ਰਹਿਣ ਵਾਲੇ ਹਨ। ਸੌਰਵ ਕੁਮਾਰ (23), ਗੌਰਵ ਸਿੰਘ (27), ਨਿਰਮਲ ਸਿੰਘ (30), ਗੁਰਦੀਪ ਸਿੰਘ (22) ਅਤੇ ਇੱਕ ਮੁਲਜ਼ਮ ਸੰਦੀਪ ਕੁਮਾਰ (34) ਨਿਊਯਾਰਕ ਦੇ ਓਜ਼ੋਨ ਪਾਰਕ ਦਾ ਰਹਿਣ ਵਾਲਾ ਹੈ। ਅਮਰੀਕੀ ਕਾਨੂੰਨ ਅਨੁਸਾਰ ਜਦੋਂ ਕਿਸੇ ਮੁਲਜ਼ਮ ਨੂੰ ਦੂਜੇ ਸੂਬੇ ਵਿਚ ਗ੍ਰਿਫ਼ਤਾਰ ਕੀਤਾ ਜਾਂਦਾ ਹੈ, ਤਾਂ ਸਰਕਾਰੀ ਵਕੀਲਾਂ ਨੂੰ ਅਦਾਲਤ ਵਿਚ ਹਵਾਲਗੀ ਪ੍ਰਕਿਰਿਆ ਵਿਚੋਂ ਲੰਘਣਾ ਪੈਂਦਾ ਹੈ, ਜਿਸ ਵਿਚ ਗ੍ਰਿਫ਼ਤਾਰ ਵਿਅਕਤੀ ਹਵਾਲਗੀ ਦਾ ਵਿਰੋਧ ਕਰ ਸਕਦਾ ਹੈ।

ਸਫਾ 1 ਦਾ ਬਾਕੀ

## ਕੈਨੇਡਾ ਵੱਲੋਂ ਪਰਿਵਾਰ ਮਿਲਨ ਪ੍ਰੋਗਰਾਮ 'ਤੇ ਰੋਕ

ਕਈ ਸਾਲਾਂ ਤੱਕ ਬੇਹਿਸਾਬੇ ਚਲਦੇ ਰਹੇ ਪ੍ਰੋਗਰਾਮ 'ਚ ਥੋੜ੍ਹਾ ਬਦਲਾਓ ਕਰਕੇ 2016 'ਚ ਸਾਲਾਨਾ ਕੋਟਾ 5000 ਅਰਜ਼ੀਆਂ ਤੈਅ ਕੀਤਾ ਗਿਆ ਹੈ। ਸਾਲ ਦੇ ਸ਼ੁਰੂ ਵਿਚ ਆਈਆਂ ਕੁੱਲ ਅਰਜ਼ੀਆਂ 'ਚੋਂ 5000 ਦੀ ਚੋਣ ਕਰਕੇ ਉਨ੍ਹਾਂ ਨੂੰ ਅਰਜ਼ੀ ਭਰਨ ਦਾ ਸੱਦਾ ਦਿੱਤਾ ਜਾਂਦਾ ਰਿਹਾ ਹੈ। ਤਿੰਨ ਕੁ ਸਾਲਾਂ ਤੋਂ ਅਰਜ਼ੀਆਂ ਤਾਂ ਲਈਆਂ ਜਾਂਦੀਆਂ ਰਹੀਆਂ, ਪਰ ਉਨ੍ਹਾਂ ਉੱਤੇ ਅੱਗੋਂ ਕਾਰਵਾਈ ਨਹੀਂ ਕੀਤੀ ਜਾ ਰਹੀ ਸੀ। ਇਸ ਕਾਰਨ 2020 'ਚ ਅਰਜ਼ੀ ਭਰਨ ਵਾਲੇ ਲੋਕ ਅਜੇ ਉਡੀਕ ਵਿਚ ਬੈਠੇ ਹਨ। ਵਿਭਾਗ ਨੇ ਕਿਹਾ ਕਿ ਇਸ ਸਾਲ ਸਿਰਫ ਪਹਿਲੇ ਅਰਜ਼ੀਕਾਰਾਂ 'ਚੋਂ ਘੱਟੋ-ਘੱਟ 15 ਹਜ਼ਾਰ ਅਰਜ਼ੀਆਂ ਦਾ ਨਿਬੇੜਾ ਕੀਤਾ ਜਾਏਗਾ, ਪਰ ਨਵੀਆਂ ਅਰਜ਼ੀਆਂ ਨਹੀਂ ਭਰਵਾਈਆਂ ਜਾਣਗੀਆਂ। ਬੇਸ਼ੱਕ ਵਿਭਾਗ ਨੇ ਹਾਲ ਦੀ ਘੜੀ ਸਿਰਫ ਇਸ ਸਾਲ ਬਾਰੇ ਗੱਲ ਕੀਤੀ ਹੈ, ਪਰ ਵਿਭਾਗ ਦੇ ਅੰਦਰੂਨੀ ਸੂਤਰਾਂ ਅਨੁਸਾਰ ਇਹ ਰੋਕ, ਇਸ ਪ੍ਰੋਗਰਾਮ ਨੂੰ ਪੱਕੇ ਤੌਰ 'ਤੇ ਬੰਦ ਕਰਨ ਵੱਲ ਵਧਾਇਆ ਗਿਆ ਦੂਜਾ ਕਦਮ ਹੈ। ਇਸ ਦੇ ਬਦਲ ਵਜੋਂ ਸਰਕਾਰ ਨੇ ਪਹਿਲਾਂ ਦੋ ਸਾਲ ਦੀ ਮਿਆਦ ਵਾਲਾ ਸੁਪਰ ਵੀਜ਼ਾ ਪ੍ਰੋਗਰਾਮ ਸ਼ੁਰੂ ਕੀਤਾ ਤੇ ਪਿਛਲੇ ਸਾਲ ਉਸਦੀ ਮਿਆਦ ਵਧਾ ਕੇ ਪੰਜ ਸਾਲ ਕਰ ਦਿੱਤੀ ਸੀ।

ਸਫਾ 1 ਦਾ ਬਾਕੀ

## ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਪਿਤਾ ਘਰ 'ਚ ਨਜ਼ਰਬੰਦ

ਇਸ ਤੋਂ ਪਹਿਲਾਂ ਪੁਲਿਸ ਵੱਲੋਂ ਸਵੇਰ ਤੋਂ ਹੀ ਪਿੰਡ 'ਚ ਨਾਕੇਬੰਦੀ ਕੀਤੀ ਗਈ ਸੀ। ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੇ ਘਰ ਦੇ ਨੇੜੇ ਵੀ ਸਵੇਰ ਤੋਂ ਹੀ ਪੁਲਿਸ ਫ਼ੋਰਸ ਤਾਇਨਾਤ ਸੀ। ਹਾਲਾਂਕਿ ਤਰਸੇਮ ਸਿੰਘ ਨੂੰ ਘਰ 'ਚ ਨਜ਼ਰਬੰਦ ਕੀਤੇ ਜਾਣ ਬਾਰੇ ਪੁਲਿਸ ਵੱਲੋਂ ਕੋਈ ਅਧਿਕਾਰਤ ਬਿਆਨ ਨਹੀਂ ਦਿੱਤਾ ਗਿਆ। ਕੁਝ ਹੀ ਦੇਰ ਵਿਚ ਇਸ ਬਾਰੇ ਸਥਿਤੀ ਸਾਫ਼ ਹੋ ਜਾਵੇਗੀ।

## 'ਯਾਦ ਰੱਖਣ ਯੋਗ ਗੱਲਾਂ'



ਹਰਦੀਪ ਸਿੰਘ ਸੋਢੀ ਨਡਾਲਾ
ਫੀਨਿਕਸ 480-794-0325

- ਇਨਸਾਨ ਦੇ ਸ਼ੌਕ ਅਤੇ ਸੁਭਾਅ ਬਦਲਦੇ ਨਹੀਂ, ਉਮਰ ਅਤੇ ਜ਼ਿੰਮੇਵਾਰੀਆਂ ਵਧਣ ਨਾਲ ਰੰਗ ਵਟਾ ਲੈਂਦੇ ਹਨ ।
- ਅਸਲ ਗੂੰਗਾ ਤਾਂ ਰੱਬ ਵੱਲੋਂ ਹੀ ਹੀਣਾ ਹੁੰਦਾ ਹੈ, ਫਿਰ ਵੀ ਇਸ਼ਾਰਿਆਂ ਨਾਲ ਬਹੁਤ ਕੁਝ ਕਹਿ ਜਾਂਦਾ ਹੈ। ਹੈਰਾਨੀ ਤਾਂ ਉਨ੍ਹਾਂ ਗੂੰਗਿਆਂ 'ਤੇ ਹੁੰਦੀ ਹੈ, ਜੋ ਜ਼ੁਬਾਨ ਹੁੰਦੇ ਹੋਏ ਵੀ ਨਹੀਂ ਬੋਲਦੇ, ਗੂੰਗੇ ਬਣੇ ਰਹਿੰਦੇ ਹਨ।
- ਪਾਣੀ ਦੇ ਹੱਥ ਅਤੇ ਬਾਹਵਾਂ ਨਹੀਂ ਹੁੰਦੀਆਂ, ਫਿਰ ਵੀ ਬੰਦੇ ਨੂੰ ਡੋਬਣ ਦੀ ਅਥਾਹ ਸ਼ਕਤੀ ਹੁੰਦੀ ਹੈ।
- ਜਿਨ੍ਹਾਂ ਦੀ ਉਮਰ ਅਤੇ ਕਮਰ ਚਾਲੀ ਪਾਰ ਕਰ ਗਈ ਹੈ, ਉਨ੍ਹਾਂ ਨੂੰ ਭੋਜਨ ਘੱਟ ਭਜਨ ਵੱਧ ਕਰਨ ਦੀ ਸਲਾਹ ਹੈ।
- ਪਾਈਥਾਗੋਰਸ ਨੇ ਕਿਹਾ ਸੀ ਕਿ ਮੂਰਖ ਆਪਣੀ ਬੋਲ ਬਾਣੀ ਤੋਂ ਪਹਿਚਾਣਿਆ ਜਾਂਦਾ ਹੈ, ਜਦਕਿ ਸੂਝਵਾਨ ਆਪਣੀ ਚੁੱਪ ਤੋਂ।
- ਜਿਸ ਨੂੰ ਝੁਕਣ ਦੀ ਆਦਤ ਨਹੀਂ, ਉਹ ਦਰਿਆ ਦੇ ਕੰਢੇ 'ਤੇ ਖੜ੍ਹਾ ਵੀ ਪਿਆਸਾ ਹੀ ਰਹੇਗਾ।

# ਪਛਤਾਵਾ





-ਡਾਕਟਰ ਅਜੀਤ ਸਿੰਘ ਕੋਟਕਪੂਰਾ

ਪੰਜਾਬ ਮੇਲ USA

ਮਨਜੀਤ ਸਿੰਘ ਅਤੇ ਕੁਲਬੀਰ ਕੌਰ ਵਿਆਹ ਦੇ ਬੰਧਨ ਵਿਚ ਬੱਝ ਚੁਕੇ ਸਨ। ਇਹ ਜੋੜੀ ਹਾਣ ਪ੍ਰਵਾਣ ਦੀ ਸੀ, ਬਹੁਤ ਫੱਬਦੀ ਸੀ। ਜੇਕਰ ਕੁਲਬੀਰ ਸੁਰਾਹੀਦਾਰ ਗਰਦਨ ਵਾਲੀ ਗੋਰੀ ਚਿੱਟੀ ਸੀ ਅਤੇ ਨਸ਼ੀਲੇ ਨੈਣਾ ਵਾਲੀ ਸੀ, ਤਾਂ ਮਨਜੀਤ ਵੀ ਸਿਹਤ ਪੱਖੋਂ ਨਰੋਇਆ ਸੀ। ਉਸ ਦਾ ਸਰੀਰ ਵੀ ਸੋਹਣੀ ਦਿੱਖ ਵਾਲਾ ਸੀ। ਜਦੋਂ ਇਕੱਠੇ ਕਦੇ ਤੁਰੇ ਜਾਂਦੇ ਹੁੰਦੇ, ਲੋਕ ਖੜ-ਖੜ ਦੇਖਦੇ ਕਿ ਵਾਹਿਗੁਰੂ ਨੇ ਦੋਵਾਂ ਨੂੰ ਇਕ ਦੂਜੇ ਲਈ ਹੀ ਬਣਾਇਆ ਹੋਵੇਗਾ। ਉਨ੍ਹਾਂ ਦਾ ਖੇਤੀਬਾੜੀ ਦਾ ਕੰਮ ਸੀ। ਦੋਵੇਂ ਪੜ੍ਹੇ-ਲਿਖੇ ਹੋਣ ਕਾਰਨ ਖੇਤੀ ਵਿਗਿਆਨਿਕ ਢੰਗਾਂ ਨਾਲ ਕਰਦੇ ਸਨ ਅਤੇ ਆਰਗੈਨਿਕ ਫਸਲਾਂ ਵੱਲ ਧਿਆਨ ਸੀ ਅਤੇ ਸਬਜ਼ੀਆਂ ਨੂੰ ਵੀ ਵਿਗਿਆਨਿਕ ਢੰਗ ਨਾਲ ਆਰਗੈਨਿਕ ਤੌਰ 'ਤੇ ਹੀ ਪੈਦਾ ਕਰਦੇ ਸਨ। ਲੋਕ ਵੀ ਆਰਗੈਨਿਕ ਸਬਜ਼ੀਆਂ ਉਨ੍ਹਾਂ ਤੋਂ ਹੀ ਖਰੀਦਣਾ ਪਸੰਦ ਕਰਦੇ ਸਨ। ਚੰਗੀ ਖੁਸ਼ੀਆਂ ਭਰੀ ਜ਼ਿੰਦਗੀ ਚੱਲ ਰਹੀ ਸੀ। ਉਨ੍ਹਾਂ ਦੀ ਅਤੇ ਉਨ੍ਹਾਂ ਉਪਰ ਵਾਹਿਗੁਰੂ ਦੀ ਵੀ ਪੂਰੀ ਮੇਹਰ ਸੀ। ਉਨ੍ਹਾਂ ਦੇ ਘਰ ਇਕ ਪੁੱਤਰ ਦੀ ਬਖ਼ਸ਼ਿਸ਼ ਹੋਈ ਤੇ ਉਸ ਦਾ ਨਾਂ ਸੁਖਪਾਲ ਰੱਖਿਆ ਗਿਆ ਅਤੇ ਪਿਆਰ ਨਾਲ ਉਹ ਸੁੱਖਾ ਹੀ ਕਹਿਣ ਲੱਗ ਪਏ। ਸਮੇਂ ਦੀ ਚਾਲ ਨਾਲ ਚੱਲਦੇ ਹੋਏ ਉਸ ਨੂੰ ਸਕੂਲ ਦਾਖਲ ਕਰਵਾਇਆ ਗਿਆ। ਪੜ੍ਹਾਈ ਵਿਚ ਚੰਗੀ ਦਿਲਚਸਪੀ ਲੈ ਰਿਹਾ ਸੀ। ਮਾਪੇ ਖੁਸ਼ ਸਨ। ਜਦੋਂ ਉਹ ਵੇਹਲੇ ਹੋ ਇਕੱਠੇ ਬੈਠਦੇ, ਤਾਂ ਉਹ ਸੋਚਦੇ ਸੁੱਖਾ ਪੜ੍ਹਾਈ ਵਿਚ ਹੁਸ਼ਿਆਰ ਹੈ, ਕਿਉਂ ਨਾ ਅਸੀਂ ਇਸ ਨੂੰ ਡਾਕਟਰ ਬਣਾਉਣ ਦਾ ਯਤਨ ਕਰੀਏ। ਉਹ ਤਾਂ ਹਾਲੇ ਚੌਥੀ ਜਮਾਤ ਵਿਚ ਹੀ ਸੀ ਅਤੇ ਮੰਜ਼ਿਲ ਬਹੁਤ ਦੂਰ ਸੀ। ਹੁਣ ਉਨ੍ਹਾਂ ਕੋਲ ਆਪਣਾ ਘਰ ਸੀ, ਕੁਝ ਥੋੜ੍ਹਾ ਬਹੁਤ ਪੈਸਾ ਵੀ ਸੀ, ਜੋ ਬੈਂਕ ਵਿਚ ਜਮਾਂ ਕਰਵਾਇਆ ਹੋਇਆ ਸੀ। ਮਨਜੀਤ ਦਾ ਦੱਸ ਲੱਖ ਦਾ ਬੀਮਾ ਵੀ ਕਰਵਾਇਆ ਹੋਇਆ ਸੀ। ਪ੍ਰੰਤੂ ਜ਼ਿੰਦਗੀ ਫੁੱਲਾਂ ਦੀ ਸੇਜ ਨਹੀਂ ਹੁੰਦੀ ਹੈ। ਇਸ ਦੇ ਰਾਹ ਵਿਚ ਬਹੁਤ ਸਾਰੀਆਂ ਔਕੜਾਂ ਹਨ ਜਾਂ ਇਹ ਆਖਿਆ ਜਾ ਸਕਦਾ ਹੈ, ਜਿਵੇਂ ਭੂਮੀ ਨੂੰ ਸਿੰਜਣ ਲਈ ਖਾਲ ਨੂੰ ਵਾਰ-ਵਾਰ ਸਿੱਧਾ ਕਰਨਾ ਪੈਂਦਾ ਹੈ, ਤਾਂ ਹੀ ਪਾਣੀ ਠੀਕ ਤਰ੍ਹਾਂ ਸਿੰਜਾਈ ਕਰ ਸਕਦਾ ਹੈ ਤੇ ਖੇਤੀ ਹਰੀ ਭਰੀ ਰਹਿ ਸਕਦੀ ਹੈ। ਇਸ ਤਰ੍ਹਾਂ ਜ਼ਿੰਦਗੀ ਦੇ ਰਸਤੇ ਵਿਚ ਬਹੁਤ ਸਾਰੇ ਮੋੜ ਆਉਂਦੇ ਹਨ। ਉਨ੍ਹਾਂ ਮੋੜਾਂ ਉਪਰ ਸਹੀ ਫੈਸਲੇ ਲੈ ਜ਼ਿੰਦਗੀ ਨੂੰ ਸੁਖਾਵੇਂ ਢੰਗ ਨਾਲ ਜੀਵਿਆ ਜਾ ਸਕਦਾ ਹੈ।

ਮਨੁੱਖ ਦਾ ਸੁਭਾਅ ਹੈ ਕਿ ਜਿਤਨੀ ਦੇਰ ਘਰ ਦੇ ਅੰਦਰ ਕੋਈ ਰੁੱਖ ਹੁੰਦਾ ਹੈ, ਅਸੀਂ ਉਸ ਦੀ ਛਾਂ ਨੂੰ ਮਾਣਦੇ ਰਹਿੰਦੇ ਹਾਂ ਅਤੇ ਜੇ ਕਰ ਉਹ ਰੁੱਖ ਕਿਸੇ ਕਾਰਨ ਵੀ ਘਰ ਵਿਚੋਂ ਹਟਾਉਣਾ ਪੈਂਦਾ ਹੈ ਜਾਂ ਅਚਾਨਕ ਮੀਂਹ ਤੂਫ਼ਾਨ ਆਦਿ ਕਾਰਨ ਰੁੱਖ ਪੁਟਿਆ ਜਾਂਦਾ ਹੈ, ਤਾਂ ਉਸ ਸਮੇਂ ਸਾਨੂੰ ਉਸ ਰੁੱਖ ਦੀ ਕੀਮਤ ਸਮਝ ਆਉਂਦੀ ਹੈ ਕਿ ਜਦੋਂ ਇਹ ਰੁੱਖ ਸੀ, ਉਸ ਦਾ ਸਾਨੂੰ ਕਿਤਨਾ ਸੁਖ ਸੀ ਅਤੇ ਹੁਣ ਉਸ ਦੇ ਪੁਟੇ ਜਾਣ ਕਾਰਨ ਅਸੀਂ ਉਸ ਰੁੱਖ ਦੇ ਸੁਖ ਤੋਂ ਵਿਰਵੇ ਹੋ ਗਏ ਹਾਂ।

ਮਨਜੀਤ ਅਤੇ ਕੁਲਬੀਰ ਆਪਣੇ ਬੱਚੇ ਨਾਲ ਸੈਰ ਲਈ ਸ਼ਿਮਲੇ ਆਪਣੀ ਕਾਰ 'ਤੇ ਜਾ ਰਹੇ ਸਨ। ਰਸਤੇ ਵਿਚ ਇਕ ਕਾਰ ਦੂਜੇ ਪਾਸੇ ਤੋਂ ਤੇਜ਼ ਸਪੀਡ ਨਾਲ ਆ ਰਹੀ ਸੀ, ਇਨ੍ਹਾਂ ਦੀ ਕਾਰ ਨਾਲ ਟਕਰਾ ਗਈ। ਦੁਰਘਟਨਾ ਇੰਨੀ ਭਿਆਨਕ ਸੀ ਕਿ ਸਾਹਮਣੇ ਤੋਂ ਆ ਰਹੀ ਕਾਰ ਦੇ ਡਰਾਈਵਰ ਦੀ ਦੁਰਘਟਨਾ ਵਾਲੀ ਥਾਂ 'ਤੇ ਹੀ ਮੌਤ ਹੋ ਗਈ। ਮਨਜੀਤ ਸੜਕ ਦੇ ਵਿਚਾਲੇ ਡਿੱਗ ਪਿਆ, ਉਸ ਦਾ ਸਿਰ ਸੜਕ 'ਤੇ ਵਜਿਆ ਤੇ ਉਹ ਬੇਹੋਸ਼ ਹੋ ਗਿਆ। ਕੁਲਬੀਰ ਤੇ ਸੁੱਖਾ ਸੜਕ ਦੇ ਕਿਨਾਰੇ ਵਲ ਡਿੱਗ ਪਏ। ਕੁਲਬੀਰ ਦੇ ਸਿਰ ਵਿਚ ਕੋਈ ਤਿੱਖੀ ਚੀਜ਼ ਵੱਜ ਗਈ ਤੇ ਸੜਕ 'ਤੇ ਖ਼ੂਨ ਦਾ ਛੱਪੜ ਲੱਗ ਗਿਆ। ਸੁੱਖਾ ਕੱਚੇ ਥਾਂ ਉਪਰ ਡਿਗਿਆ। ਉਸ ਦੇ ਕੁਝ ਝਰੀਟਾਂ ਹੀ ਆਈਆਂ ਪ੍ਰੰਤੂ ਉਹ ਹੋਸ਼ ਵਿਚ ਹੀ ਸੀ। ਜਦੋਂ ਉਸ ਨੇ ਬਹੁਤ ਸਾਰਾ ਖ਼ੂਨ ਡਿੱਠਾ ਅਤੇ ਆਪਣੇ ਬਾਪ ਨੂੰ ਬੇਹੋਸ਼ ਦੇਖਿਆ, ਉਹ ਘਬਰਾ ਗਿਆ। ਛੇਤੀ ਹੀ ਕੋਈ ਹੋਰ ਕਾਰ ਵਾਲਾ ਆਇਆ ਤੇ ਉਸ ਨੇ ਤਰਸ ਕਰ ਤੇ ਸੁੱਖੇ ਦੀ ਬੇਨਤੀ 'ਤੇ ਜ਼ਖਮੀਆਂ ਨੂੰ ਨੇੜੇ ਦੇ ਹਸਪਤਾਲ ਵਿਚ ਪੁਚਾਇਆ ਗਿਆ। ਛੇਤੀ ਹੀ ਨਰਸਾਂ ਨੇ ਤੇ ਡਾਕਟਰਾਂ ਨੇ ਸੰਭਾਲ ਸ਼ੁਰੂ ਕਰ ਦਿੱਤੀ। ਮਨਜੀਤ ਤਾਂ ਰਾਹ ਵਿਚ ਹੀ ਦਮ ਤੋੜ ਗਿਆ। ਕੁਲਬੀਰ ਦੇ ਜ਼ਖਮਾਂ 'ਤੇ ਟਾਂਕੇ ਲਾਏ ਗਏ, ਖ਼ੂਨ ਬੰਦ ਕਰਨ ਦਾ ਯਤਨ ਕੀਤਾ ਗਿਆ ਪ੍ਰੰਤੂ ਖ਼ੂਨ ਇਤਨਾ ਵਹਿ ਗਿਆ ਕਿ ਡਾਕਟਰਾਂ ਦੀ ਕੋਸ਼ਿਸ਼ ਦੇ ਬਾਵਜੂਦ ਉਸ ਨੂੰ ਬਚਾਇਆ ਨਾ ਜਾ ਸਕਿਆ। ਸੁੱਖੇ ਤੋਂ ਪੁੱਛਗਿੱਛ ਕਰ ਪਿੰਡ ਸੁਨੇਹਾ ਭੇਜ ਦਿੱਤਾ ਗਿਆ। ਸੁੱਖੇ ਉਪਰ ਦੁੱਖਾਂ ਦਾ ਪਹਾੜ ਡਿੱਗ ਪਿਆ ਸੀ। ਉਸ ਦੀ ਦੁਨੀਆਂ ਹੀ ਸੁੰਨੀ ਹੋ ਗਈ ਸੀ। ਉਸ ਦੇ ਸਿਰ ਤੋਂ ਛਾਂ ਉਡ ਪੁੱਡ ਗਈ ਸੀ। ਉਸ ਨੂੰ ਮਾਪਿਆਂ ਦੇ ਹੁੰਦਿਆਂ ਦੁਨੀਆਂਦਾਰੀ ਵੱਲ ਕੋਈ ਧਿਆਨ ਹੀ ਨਹੀਂ ਸੀ, ਹੁਣ ਉਸ ਨੂੰ ਸਮਝ ਆ ਰਹੀ ਸੀ ਕਿ ਮਾਪਿਆਂ ਦੀ ਜੀਵਨ ਅੰਦਰ ਕਿਤਨੀ ਲੋੜ ਹੁੰਦੀ ਹੈ। ਉਸ ਨੂੰ ਇਹ ਤਾਂ ਪਤਾ ਸੀ ਕਿ ਉਸ ਦੇ ਬਾਪ ਦਾ ਆਪਣੇ ਛੋਟੇ ਭਰਾ ਨਾਲ ਬੋਲਚਾਲ ਨਹੀਂ ਸੀ, ਇਸ ਲਈ ਸੁੱਖਾ ਕਦੇ ਵੀ ਆਪਣੇ ਚਾਚੇ ਦੇ ਘਰ ਖੇਡਣ ਲਈ ਨਹੀਂ ਜਾਂਦਾ ਸੀ, ਸਗੋਂ ਇਕ ਘਰ ਛੱਡ ਕੇ ਰਹਿੰਦੇ ਸਰਪੰਚ, ਜਿਸ ਨੂੰ ਉਹ ਤਾਇਆ ਆਖਦਾ ਸੀ, ਦੇ ਘਰ ਖੇਡਣ ਲਈ ਜਾਂਦਾ ਸੀ ਤੇ ਉਸ ਦੇ ਮੁੰਡੇ ਰਾਜੂ ਨਾਲ ਹੀ ਖੇਡਦਾ ਸੀ। ਰਾਜੂ ਭਾਵੇਂ ਉਸ ਤੋਂ ਵੱਡਾ ਸੀ ਪਰ ਫੇਰ ਵੀ ਰਲ ਕੇ ਖੇਡਦੇ ਸਨ। ਸੁੱਖੇ ਨੇ ਡਾਕਟਰ ਨੂੰ ਦੱਸ ਦਿੱਤਾ ਸੀ ਕਿ ਪਿੰਡ ਸਰਪੰਚ ਦੇ ਘਰ ਸੁਨੇਹਾ ਭੇਜ ਦਿੱਤਾ ਜਾਵੇ।

ਸਰਪੰਚ ਨੂੰ ਜਦੋਂ ਹੀ ਖਬਰ ਮਿਲੀ, ਉਹ ਛੇਤੀ ਨਾਲ ਸੁੱਖੇ ਦੇ ਚਾਚੇ ਨੂੰ ਨਾਲ ਲੈ ਕੇ ਹਸਪਤਾਲ ਪੁੱਜ ਗਿਆ। ਸਵਾਰੀ ਦਾ ਪ੍ਰਬੰਧ ਉਹ ਕਰਕੇ ਹੀ ਆਇਆ ਸੀ, ਉਨ੍ਹਾਂ ਨੇ ਹਸਪਤਾਲ ਵਿਚੋਂ ਮਨਜੀਤ ਤੇ ਕੁਲਬੀਰ ਦੀਆਂ ਲਾਸ਼ਾਂ ਲੈ ਕੇ ਪਿੰਡ ਜਾ ਕੇ ਅੰਤਿਮ ਰਸਮਾਂ ਨਿਭਾਈਆਂ। ਉਸ ਨੂੰ ਪਤਾ ਸੀ ਮਨਜੀਤ ਦਾ ਆਪਣੇ ਭਰਾ ਨਾਲ ਪਿਆਰ ਬਿਲਕੁਲ ਹੀ ਨਹੀਂ ਸੀ, ਸਗੋਂ ਉਨ੍ਹਾਂ ਦਾ ਆਪਸ ਵਿਚ ਝਗੜਾ ਹੀ ਰਹਿੰਦਾ ਸੀ, ਜੋ ਉਸ ਨੇ ਕਈ ਵਾਰ ਨਿਪਟਾਇਆ ਸੀ। ਸਾਂਝੀ ਜ਼ਮੀਨ ਦੀ ਵੰਡ ਵੇਲੇ ਤਾਂ ਕਾਫੀ ਝਗੜਾ ਹੋਇਆ ਸੀ, ਜਿਸ ਦਾ ਨਿਪਟਾਰਾ ਕਚਹਿਰੀ ਵਿਚ ਜਾ ਕੇ ਹੋਇਆ ਸੀ। ਹੁਣ ਜਦੋਂ ਮਨਜੀਤ ਇਸ ਜਹਾਨ ਤੋਂ ਉਡਾਰੀ ਮਾਰ ਗਿਆ ਸੀ ਅਤੇ ਕੁਲਬੀਰ ਵੀ ਇਸ ਸੰਸਾਰ ਨੂੰ ਅਲਵਿਦਾ ਕਹਿ ਗਈ ਸੀ। ਚਾਚੇ ਦੇ ਅੰਦਰ ਸੁੱਖੇ ਦੇ ਲਈ ਪਿਆਰ ਜਾਗ ਪਿਆ ਸੀ। ਸਰਪੰਚ ਨੂੰ ਅਸਲੀਅਤ ਪਤਾ ਸੀ ਕਿ ਇਹ ਪਿਆਰ ਜ਼ਮੀਨ ਹੜੱਪਣ ਲਈ ਹੈ ਅਤੇ ਸਰਪੰਚ ਸੁੱਖੇ ਨੂੰ ਇਸ ਤੋਂ ਬਚਾਉਣਾ ਚਾਹੁੰਦਾ ਸੀ।

ਬੀਮੇ ਦੀ ਰਕਮ ਵੀ ਮਿਲਣੀ ਸੀ, ਉਸ ਰਕਮ 'ਤੇ ਰਿਸ਼ਤੇਦਾਰਾਂ ਦੀ ਅੱਖ ਸੀ। ਉਸ ਦੇ ਚਾਚੇ ਨੂੰ ਇਸ ਰਕਮ ਦੇ ਮਿਲਣ ਦਾ ਪਤਾ ਸੀ। ਇਸ ਲਈ ਉਹ ਚਾਹੁੰਦਾ ਸੀ ਕਿ ਸੁੱਖੇ ਨੂੰ ਆਪਣੇ ਪਿਆਰ ਨਾਲ ਸਮਝਾ ਲਵੇ ਅਤੇ ਜ਼ਮੀਨ ਜੋ ਦੋ ਭਰਾਵਾਂ ਵਿਚ ਵੰਡੀ ਗਈ ਸੀ। ਚਾਰ ਕਿਲੇ ਸੁੱਖੇ ਦੇ ਨਾ ਹੋ ਜਾਣੀ ਸੀ। ਕਿਉਂ ਜੋ ਹਾਲੇ ਉਹ ਛੋਟਾ ਸੀ, ਇਸ ਲਈ ਉਸ ਦਾ ਚਾਚਾ ਚਾਹੁੰਦਾ ਸੀ ਕਿ ਉਹ ਜ਼ਮੀਨ ਕਿਸੇ ਢੰਗ ਨਾਲ ਆਪਣੇ ਕੋਲ ਹੀ ਰੱਖ ਲਵੇ। ਇਸ ਲਈ ਵੀ ਉਹ ਸੁੱਖੇ ਨੂੰ ਆਪਣੇ ਨਾਲ ਹੀ ਰੱਖਣਾ ਚਾਹੁੰਦਾ ਸੀ। ਸੁੱਖੇ ਦੇ ਨਾਨਕੇ ਪਰਿਵਾਰ ਵਿਚ ਕੇਵਲ ਇਕ ਮਾਮਾ ਸੀ, ਜਿਸ ਨੂੰ ਨਸ਼ਿਆਂ ਤੋਂ ਵੇਹਲ ਨਹੀਂ ਸੀ। ਉਹ ਆਪਣੇ ਘਰ ਦੇ ਸਾਰੇ ਭਾਂਡੇ ਤੱਕ ਵੇਚ ਚੁੱਕਾ ਸੀ। ਸੁੱਖੇ ਨੂੰ ਇਸ ਦੀ ਜਾਣਕਾਰੀ ਨਹੀਂ ਸੀ ਅਤੇ ਮਾਮਾ ਕਦੇ ਵੀ ਉਸ ਦੀ ਮਾਂ ਦੇ ਕੋਲ ਕਦੇ ਉਹ ਆਇਆ ਹੀ ਨਹੀਂ ਸੀ ਤੇ ਮਾਂ ਵੀ ਉਸ ਨਾਲ ਕੋਈ ਵਰਤ ਵਰਤਾਰਾ ਨਹੀਂ ਰੱਖਦੀ ਸੀ। ਹੁਣ ਜਦੋਂ ਮਾਪਿਆਂ ਨੇ ਇਸ ਜਹਾਨ ਨੂੰ ਛੱਡ ਦਿੱਤਾ ਸੀ, ਮਾਮਾ ਵੀ ਭਾਣਜੇ 'ਤੇ ਹੱਕ ਜਤਾਉਂਦਾ ਸੀ। ਉਸ ਨੂੰ ਪਤਾ ਸੀ ਕਿ ਇਥੋਂ ਉਸ ਦੀ ਨਸ਼ੇ ਦੀ ਪੂਰਤੀ ਸੌਖੀ ਹੋ ਸਕਦੀ ਸੀ। ਸੁੱਖੇ ਦੇ ਚਾਚੇ ਨੂੰ ਮਾਮੇ ਦੀ ਨਸ਼ੇ ਦੀ ਆਦਤ ਦਾ ਪਤਾ ਸੀ। ਉਸ ਨੇ ਸੁੱਖੇ ਦੇ ਕੰਨ ਭਰਨੇ ਸ਼ੁਰੂ ਕਰ ਦਿੱਤੇ ਕਿ ਤੇਰੇ ਹਿੱਸੇ ਦਾ ਸਾਰਾ ਕੁਝ ਇਹ ਨਸ਼ਿਆਂ ਵਿਚ ਖਤਮ ਕਰ ਦੇਵੇਗਾ। ਪ੍ਰੰਤੂ ਸੁੱਖੇ ਨੂੰ ਪਿੰਡ ਵਿਚੋਂ ਇਹ ਦੱਸ ਦਿਤਾ ਗਿਆ ਸੀ ਕਿ ਤੇਰੇ ਬਾਪ ਦਾ ਤੇਰਾ ਚਾਚੇ ਨਾਲ ਜ਼ਮੀਨ ਦੀ ਵੰਡ ਤੇ ਝਗੜਾ ਹੋ ਗਿਆ ਸੀ। ਇਕ ਦੂਜੇ ਦੇ ਸੱਟਾਂ ਵੀ ਲੱਗੀਆਂ ਸਨ ਤੇ ਪੰਚਾਇਤ ਨੇ ਸਮਝੌਤਾ ਕਰਵਾਇਆ ਸੀ। ਉਸ ਤੋਂ ਬਾਅਦ ਦੋਵਾਂ ਦਾ ਆਪਸ ਵਿਚ ਬੋਲ ਬੁਲਾਰਾ ਵੀ ਬੰਦ ਸੀ। ਇਹ ਸਾਰਾ ਕੁਝ ਜਾਣ ਲੈਣ ਤੋਂ ਬਾਅਦ ਸੁੱਖੇ ਨੇ ਸਰਪੰਚ ਨੂੰ ਆਪਣਾ ਵਾਰਿਸ ਚੁਣ ਲਿਆ ਸੀ। ਸਰਪੰਚ ਦੇ ਸੁੱਖੇ ਦੇ ਬਾਪ ਨਾਲ ਯਰਾਨੇ ਦਾ ਸੁੱਖੇ ਨੂੰ ਭਲੀਭਾਂਤ ਪਤਾ ਸੀ। ਅਕਸਰ ਸਰਪੰਚ ਸੁੱਖੇ ਦੇ ਬਾਪ ਨਾਲ ਹੀ ਰਿਹਾ ਕਰਦਾ ਸੀ ਅਤੇ ਲੋੜ ਸਮੇਂ ਆੜ੍ਹਤੀਏ ਕੋਲ ਵੀ ਇਕੱਠੇ ਜਾਂਦੇ ਸੀ। ਉਨ੍ਹਾਂ ਦਾ ਲੈਣ-ਦੇਣ ਵੀ ਚੱਲਦਾ ਹੀ ਰਹਿੰਦਾ ਸੀ।

ਰਸਤਿਆਂ ਦਾ ਕੰਮ ਮਨੁੱਖ ਨੂੰ ਆਪਣੀ ਮੰਜ਼ਿਲ ਤਕ ਪੁੱਜਦਾ ਕਰਨਾ ਹੁੰਦਾ ਹੈ। ਇਸੇ ਕਾਰਨ ਮਨੁੱਖ ਅਸਾਨ ਰਸਤਿਆਂ ਵੱਲ ਆਕਰਸ਼ਿਤ ਹੋ ਜਾਇਆ ਕਰਦਾ ਹੈ। ਇਹ ਸੰਭਵ ਨਹੀਂ ਹੈ, ਮਨੁੱਖ ਅਤੇ ਰਸਤੇ ਨੂੰ ਅੱਡ-ਅੱਡ ਕੀਤਾ ਜਾ ਸਕੇ। ਭਾਵੇਂ ਕੋਈ ਵੀ ਖੇਤਰ ਹੋਵੇ ਰਸਤੇ ਦੀ ਅਤੇ ਉਸਦੇ ਦਸੇਰੇ ਦੀ ਲੋੜ ਹੋਇਆ ਕਰਦੀ ਹੈ, ਇਸੇ ਕਾਰਨ ਹੀ ਰਸਤਿਆਂ ਦੀ ਮਹੱਤਤਾ ਬਣੀ ਹੋਈ ਹੈ। ਸਿਆਣੇ ਆਖਦੇ ਹਨ ਕਿ ਨਵੀਆਂ ਰਾਹਾਂ 'ਤੇ ਚੱਲਣ ਵਾਲੇ ਆਪਣੀ ਜ਼ਿੰਦਗੀ ਵਿਚ ਹਾਰ ਨਹੀਂ ਮੰਨਦੇ। ਅਜਿਹੇ ਲੋਕ ਸਾਰੀ ਉਮਰ ਹੀ ਨਵਾਂ ਕੁਝ ਕਰਦੇ ਰਹਿੰਦੇ ਹਨ। ਇਹੋ ਜਿਹੇ ਲੋਕ ਹੀ ਆਮ ਜਨਤਾ ਲਈ ਰਾਹ ਦਸੇਰਾ ਬਣਦੇ ਰਹਿੰਦੇ ਹਨ। ਸੁੱਖੇ ਦਾ ਸਰਪੰਚ ਤਾਇਆ ਹੀ ਉਸ ਦਾ ਰਾਹ ਦਸੇਰਾ ਬਣਿਆ। ਸਰਪੰਚ ਲਈ ਸੁੱਖੇ ਦੀ ਸੁਰੱਖਿਆ ਅਤੇ ਉਸ ਦੀ ਪੜ੍ਹਾਈ ਦਾ ਪ੍ਰਬੰਧ ਕਰਨਾ ਇਕ ਚੁਣੌਤੀ ਬਣਿਆ ਹੋਇਆ ਸੀ। ਉਸ ਨੇ ਹੁਣ ਇਕ ਅਜਿਹੇ ਰਾਹ ਦੀ ਖੋਜ ਕਰ ਸੁੱਖੇ ਨੂੰ ਉਸ ਰਾਹ 'ਤੇ ਪਾਉਣਾ ਸੀ। ਉਸ ਨੇ ਆਪਣੇ ਯਾਰ ਦੀ ਘਾਟ ਨੂੰ ਸੁੱਖੇ ਲਈ ਪੂਰਾ ਕਰਨਾ ਸੀ ਅਤੇ ਆਪਣੇ ਭਰਾ ਜਿਹੇ ਦੋਸਤ ਦੇ ਸੁਪਨੇ ਪੂਰੇ ਕਰਨ ਲਈ ਯਤਨਸ਼ੀਲ ਹੋਣਾ ਸੀ।

ਸਰਪੰਚ ਨੂੰ ਪਤਾ ਸੀ ਕਿ ਸੁੱਖੇ ਦਾ ਬਾਪ ਉਸ ਨੂੰ ਵਧੇਰੇ ਪੜ੍ਹਾਉਣਾ ਚਾਹੁੰਦਾ ਸੀ, ਤਾਂ ਜੋ ਉਹ ਵੱਡਾ ਹੋ ਕੇ ਡਾਕਟਰ ਬਣ ਸਕੇ। ਸਰਪੰਚ ਨੂੰ ਮਨ ਅੰਦਰ ਇਹ ਵੀ ਡਰ ਸੀ ਕਿ ਸੁੱਖੇ ਦਾ ਚਾਚਾ ਲਾਲਚ ਵਸ ਸੁੱਖੇ ਦਾ ਨੁਕਸਾਨ ਵੀ ਕਰ ਸਕਦਾ ਹੈ। ਇਸ ਲਈ ਸਰਪੰਚ ਨੇ ਬਿਨਾ ਕਿਸੇ ਨੂੰ ਖਬਰ ਕੀਤੇ ਸੁੱਖੇ ਨੂੰ ਸ਼ਹਿਰ ਦੇ ਹੋਸਟਲ ਵਿਚ ਰੱਖ ਕੇ ਪੜ੍ਹਾਉਣ ਦਾ ਫੈਸਲਾ ਕਰ ਲਿਆ। ਸਰਪੰਚ ਨੇ ਵਕੀਲ ਨਾਲ ਮਿਲ ਕੇ ਉਸ ਦੀ ਜ਼ਮੀਨ ਆਪਣੇ ਕੋਲ ਹੀ ਰੱਖ ਲਈ ਤੇ ਉਸ ਤੋਂ ਪ੍ਰਾਪਤ ਆਮਦਨ ਸੁੱਖੇ ਦੀ ਪੜ੍ਹਾਈ ਉਪਰ ਲਾਉਣ ਦਾ ਵਿਚਾਰ ਬਣਾ ਲਿਆ। ਬੀਮੇ ਦੀ ਪ੍ਰਾਪਤ ਰਾਸ਼ੀ ਵੀ ਵਕੀਲ ਦੀ ਸਹਾਇਤਾ ਨਾਲ ਇਕ ਬੈਂਕ ਵਿਚ ਰੱਖ ਦਿੱਤੀ, ਤਾਂ ਜੋ ਸੁੱਖੇ ਨੂੰ ਵੱਡੇ ਹੋਣ 'ਤੇ ਪ੍ਰਾਪਤ ਹੋ ਸਕੇ। ਹਰ ਕਿਸਮ ਦੇ ਬੰਦੋਬਸਤ ਕਰਨ ਉਪਰੰਤ ਸੁੱਖੇ ਨੂੰ ਵੱਡੇ ਸ਼ਹਿਰ ਦੇ ਸਕੂਲ ਵਿਚ ਦਾਖਲ ਕਰਵਾ ਦਿੱਤਾ ਤੇ ਖਰਚ ਲਈ ਰਕਮ ਬੈਂਕ ਰਾਹੀਂ ਭੇਜਣ ਦਾ ਪ੍ਰਬੰਧ ਕਰ ਦਿੱਤਾ। ਸਰਪੰਚ ਖੇਤੀ ਤੋਂ ਪ੍ਰਾਪਤ ਆਮਦਨ ਬੈਂਕ ਵਿਚ ਜਮਾਂ ਕਰਵਾ ਦਿੰਦਾ ਸੀ ਅਤੇ ਬੈਂਕ, ਸਕੂਲ ਨੂੰ ਤੇ ਹੋਸਟਲ ਨੂੰ ਸਮੇਂ ਸਿਰ ਭੇਜ ਦਿੰਦਾ ਸੀ। ਸੁੱਖੇ ਦੀ ਪੜ੍ਹਾਈ ਦਾ ਪ੍ਰਬੰਧ ਕਰ ਕੇ ਸੁਰਖ਼ਰੂ ਹੋ ਗਿਆ ਸੀ। ਕਦੇ ਕਦੇ ਸਰਪੰਚ ਸੁੱਖੇ ਕੋਲ ਗੇੜਾ ਮਾਰ ਕੇ ਉਸ ਦੀ ਪੜ੍ਹਾਈ ਤੇ ਹੋਰ ਲੋੜਾਂ ਦਾ ਪਤਾ ਲੈ ਆਇਆ ਕਰਦਾ ਸੀ। ਸਰਪੰਚ ਨੇ ਸੁੱਖੇ ਬਾਰੇ ਆਪਣੇ ਪਰਿਵਾਰ ਵਿਚ ਵੀ ਕਿਸੇ ਨੂੰ ਨਹੀਂ ਦੱਸਿਆ ਸੀ। ਕਿਉਂ ਜੋ ਉਸ ਨੂੰ ਸੁੱਖੇ ਦੇ ਚਾਚੇ ਤੋਂ ਸੁੱਖੇ ਨੂੰ ਕਿਸੇ ਕਿਸਮ ਦਾ ਨੁਕਸਾਨ ਕੀਤੇ ਜਾਣ ਦਾ ਭੈਅ ਸੀ।

ਸੁੱਖਾ ਪੜ੍ਹਾਈ ਵਿਚ ਹੁਸ਼ਿਆਰ ਨਿਕਲਿਆ ਕਦੇ ਵੀ ਸਰਪੰਚ ਕਿਸੇ ਕਿਸਮ ਦਾ ਉਲਾਮ੍ਹਾ ਨਹੀਂ ਮਿਲਿਆ ਸੀ। ਸੁੱਖਾ ਦਸਵੀਂ ਵਿਚੋਂ ਪਹਿਲੀ ਪੁਜੀਸ਼ਨ ਲੈ ਕੇ ਪਾਸ ਹੋ ਗਿਆ ਸੀ। ਅਧਿਆਪਕਾਂ ਨੂੰ ਉਸ ਦੇ ਉਦੇਸ਼ ਦਾ ਇਲਮ ਸੀ, ਇਸ ਲਈ ਉਨ੍ਹਾਂ ਨੇ ਉਸ ਨੂੰ ਆਪਣੇ ਹੀ ਸਕੂਲ ਵਿਚ +1ਮੈਡੀਕਲ ਦੀ ਪੜ੍ਹਾਈ ਵਿਚ ਦਾਖਲਾ ਦੇ ਦਿੱਤਾ। ਸੁੱਖਾ ਪਹਿਲਾਂ ਨਾਲੋਂ ਵੀ ਵਧੇਰੇ ਮਿਹਨਤ ਕਰ ਰਿਹਾ ਸੀ। ਉਸ ਨੇ ਆਪਣੀ ਮਿਹਨਤ ਸਦਕਾ ਅਤੇ ਅਧਿਆਪਕਾਂ ਦੀ ਯੋਗ ਅਗਵਾਈ ਨਾਲ +2ਮੈਡੀਕਲ ਦਾ ਇਮਿਤਹਾਨ ਸਾਰੇ ਸਕੂਲ ਵਿਚ ਅੱਵਲ ਨੰਬਰ 'ਤੇ ਆ ਕੇ ਪਾਸ ਕਰ ਲਿਆ। ਸਰਪੰਚ ਨੂੰ ਜਦੋਂ ਪਤਾ ਲੱਗਾ, ਉਸ ਨੇ ਅਕਾਲ ਪੁਰਖ ਦਾ ਸ਼ੁਕਰਾਨਾ ਕੀਤਾ। ਹੁਣ ਸੁੱਖੇ ਨੂੰ ਦੁਨੀਆਂਦਾਰੀ ਦੀ ਕੁਝ ਸਮਝ ਆ ਰਹੀ ਸੀ। ਜਦੋਂ ਸਰਪੰਚ ਮਿਲਦਾ ਸੀ, ਉਹ ਉਸ ਨੂੰ ਕਦੇ-ਕਦੇ ਘਰ ਦੇ ਹਾਲਤ ਬਾਰੇ ਦੱਸਦਾ ਰਹਿੰਦਾ ਸੀ। ਸਰਪੰਚ ਨੇ ਸੁੱਖੇ ਨੂੰ ਸਮਝ ਦਿੱਤਾ ਸੀ ਕਿ ਤੇਰਾ ਬਾਪ ਮਨਜੀਤ ਚਾਹੁੰਦਾ ਸੀ ਕਿ ਤੈਨੂੰ ਡਾਕਟਰ ਬਣਾਉਣਾ ਹੈ। ਇਹ ਗੱਲਾਂ ਸੁਣ ਲੈਣ ਤੋਂ ਬਾਅਦ ਉਹ ਹੋਰ ਵਧੇਰੇ ਮਿਹਨਤ ਕਰਨ ਲੱਗ ਪਿਆ ਸੀ। ਸੁੱਖੇ ਨੇ ਮੁਕਾਬਲੇ ਦਾ ਇਮਿਤਹਾਨ ਚੰਗੇ ਰੁਤਬੇ ਨਾਲ ਕਲੀਅਰ ਕਰ ਲਿਆ ਸੀ। ਸਰਪੰਚ ਨੇ ਉਸ ਨੂੰ ਡਾਕਟਰੀ ਦੇ ਕਾਲਜ ਵਿਚ ਦਾਖਲ ਕਰਵਾ ਦਿੱਤਾ ਸੀ। ਸਮੇਂ-ਸਮੇਂ 'ਤੇ ਵਕੀਲ ਦੀ ਮਦਦ ਵੀ ਲੈ ਲਈ ਜਾਂਦੀ ਸੀ, ਉਸ ਦੀ ਅਗਵਾਈ ਅਨੁਸਾਰ ਮੈਡੀਕਲ ਕਾਲਜ ਦੀ ਚੋਣ ਕੀਤੀ ਗਈ ਸੀ। ਖਰਚ ਦੀ ਕੋਈ ਚਿੰਤਾ ਨਹੀਂ ਸੀ। ਸਮੇਂ ਦੀ ਚਾਲ ਨਾਲ ਸੁੱਖਾ ਪੜ੍ਹਾਈ ਕਰਦਾ ਰਿਹਾ ਅਤੇ ਅਖੀਰ ਸੁੱਖੇ ਤੋਂ ਡਾਕਟਰ ਸੁਖਪਾਲ ਸਿੰਘ ਬਣ ਗਿਆ। ਹਾਲੇ ਉਸ ਨੇ ਐੱਮ.ਬੀ.ਬੀ.ਐੱਸ. ਹੀ ਪੂਰੀ ਕੀਤੀ ਸੀ। ਪੜ੍ਹਾਈ ਵਿਚ ਦਿਲਚਸਪੀ ਹੋਣ ਕਾਰਨ ਹਾਲੇ ਉਹ ਐੱਮ.ਡੀ. ਕਰਨ ਦੀ ਤਮੰਨਾ ਰੱਖਦਾ ਸੀ। ਉਸ ਨੇ ਸਰਪੰਚ ਨਾਲ ਜਾ ਕੇ ਵਕੀਲ ਨਾਲ ਸਲਾਹ ਕਰ ਐੱਮ.ਡੀ. ਲਈ ਦਾਖਲਾ ਲੈ ਲਿਆ। ਉਸ ਨੂੰ ਬੀਮੇ ਦੀ ਰਕਮ ਵੀ ਮਿਲਣ ਬਾਰੇ ਵਕੀਲ ਨੇ ਦੱਸ ਦਿੱਤਾ। ਉਸ ਨੇ ਸਰਪੰਚ ਨਾਲ ਸਲਾਹ ਕਰ ਆਪਣੀ ਜ਼ਮੀਨ ਉਪਰ ਇਕ ਹਸਪਤਾਲ ਬਣਾਉਣ ਦੀ ਵਿਚਾਰ ਕੀਤੀ। ਸਰਪੰਚ ਨੇ ਚਾਚੇ ਦੀ ਦੁਸ਼ਮਣੀ ਬਾਰੇ ਯਾਦ ਕਰਵਾਇਆ। ਸੁੱਖੇ ਨੇ ਕਿਹਾ ਕਿ ਹੁਣ ਬਹੁਤ ਸਮਾਂ ਗੁਜ਼ਰ ਗਿਆ ਹੈ ਤੇ ਚਾਚੇ ਨੇ ਵੀ ਵਿਚਾਰ ਬਦਲ ਲਿਆ ਹੋਵੇਗਾ। ਸਰਪੰਚ ਨੇ ਸੁੱਖੇ ਨੂੰ ਸਾਵਧਾਨ ਰਹਿਣ ਲਈ ਆਖ ਹਸਪਤਾਲ ਦੇ ਪ੍ਰਾਜੈਕਟ ਲਈ ਹਾਂ ਕਰ ਦਿੱਤੀ। ਸੁੱਖੇ ਨੇ ਸਰਪੰਚ ਦੀ ਨਿਗਰਾਨੀ ਵਿਚ ਹਸਪਤਾਲ ਦੀ ਇਮਾਰਤ ਬਨਵਾਉਣੀ ਸ਼ੁਰੂ ਕਰ ਦਿਤੀ। ਸੁੱਖੇ ਦਾ ਵਿਚਾਰ ਸੀ, ਜਦੋਂ ਤੱਕ ਉਹ ਐੱਮ.ਡੀ. ਕਰੇਗਾ ਹਸਪਤਾਲ ਬਣ ਕੇ ਤਿਆਰ ਹੋ ਜਾਵੇਗ। ਮੈਂ ਆ ਕੇ ਉਸ ਹਸਪਤਾਲ ਵਿਚ ਕੰਮ ਸ਼ੁਰੂ ਕਰ ਦੇਵਾਂਗਾ।

ਸੁੱਖੇ ਨੇ ਹਸਪਤਾਲ ਦਾ ਨਾਂ ਮਨਜੀਤ-ਕੁਲਬੀਰ ਹਸਪਤਾਲ ਰੱਖਿਆ। ਉਸ ਦਾ ਉਦਘਾਟਨ ਉਸ ਨੇ ਪਿੰਡ ਦੇ ਸਰਪੰਚ ਤੋਂ ਕਰਵਾਇਆ ਗਿਆ। ਵਾਹਿਗੁਰੂ ਦੀ ਕਿਰਪਾ ਸਦਕਾ ਹਸਪਤਾਲ ਚੰਗਾ ਚੱਲ ਨਿਕਲਿਆ। ਮਰੀਜ਼ਾਂ ਦੀ ਭੀੜ ਬਣੀ ਰਹਿੰਦੀ ਸੀ। ਹੁਣ ਪਿੰਡ ਵਾਲੇ ਉਸ ਨੂੰ ਡਾਕਟਰ ਸੁਖਪਾਲ ਸਿੰਘ ਆਖਦੇ ਸਨ। ਸੁਖਪਾਲ ਦੀ ਮਸ਼ਹੂਰੀ ਦੂਰ-ਦੂਰ ਤੱਕ ਫੈਲ ਗਈ। ਚਾਚੇ ਹਾਲੇ ਵੀ ਮੂੰਹ ਵੱਟੀ ਫਿਰਦਾ ਸੀ। ਇਕ ਵਾਰ ਸੁਖਪਾਲ ਦੀ ਚਾਚੀ ਨੂੰ ਉਲਟੀਆਂ ਲੱਗ ਗਈਆਂ। ਸ਼ਾਮ ਦਾ ਵੇਲਾ ਸੀ। ਉਲਟੀਆਂ ਰੁਕਣ ਵਿਚ ਨਹੀਂ ਆ ਰਹੀਆਂ ਸਨ। ਸਰਪੰਚ ਨੂੰ ਪਤਾ ਲੱਗਾ, ਉਹ ਪਤਾ ਲੈਣ ਲਈ ਆਇਆ। ਉਸ ਨੇ ਸਲਾਹ ਦਿੱਤੀ ਕਿ ਚੰਗਾ ਹੈ, ਆਪਾਂ ਸੁਖਪਾਲ ਨੂੰ ਵਿਖਾ ਲਈਏ। ਚਾਚਾ ਇਸ ਲਈ ਤਿਆਰ ਨਹੀਂ ਸੀ। ਪਰ ਸਰਪੰਚ ਦੇ ਜ਼ੋਰ ਪਾਉਣ 'ਤੇ ਉਹ ਸੁਖਪਾਲ ਦੇ ਹਸਪਤਾਲ ਵਿਚ ਚਲੇ ਗਏ। ਚਾਚੇ ਨੂੰ ਦੇਖ ਤੇ ਚਾਚੀ ਦੀ ਹਾਲਤ ਦੇਖ, ਸੁਖਪਾਲ ਨੇ ਤੁਰੰਤ ਇਲਾਜ ਸ਼ੁਰੂ ਕਰ ਦਿੱਤਾ। ਉਲਟੀਆਂ ਨੂੰ ਆਰਾਮ ਮਿਲਿਆ। ਜਦੋਂ ਉਲਟੀਆਂ ਰੁਕ ਗਈਆਂ, ਤਾਂ ਚਾਚੀ ਨੂੰ ਨੀਂਦ ਆ ਗਈ। ਚਾਚੇ ਨੇ ਜਦੋਂ ਦੇਖਿਆ ਕਿ ਲਗਭਗ ਤਿੰਨ ਘੰਟੇ ਘਰੇ ਉਲਟੀਆਂ ਨਹੀਂ ਰੁਕ ਰਹੀਆਂ ਸਨ ਤੇ ਹੁਣ ਹਸਪਤਾਲ ਵਿਚ ਅੱਧੇ ਘੰਟੇ ਵਿਚ ਟਿਕ ਗਈ ਸੀ। ਉਸ ਨੇ ਸੁਖਪਾਲ ਨੂੰ ਵੇਹਲਾ ਦੇਖ ਉਸ ਕੋਲ ਚਲਾ ਗਿਆ। ਗੱਲਾਂਬਾਤਾਂ ਵਿਚ ਉਸ ਨੇ ਸੁਖਪਾਲ ਨੂੰ ਕਿਹਾ, ਮੈਂ ਬਹੁਤ ਦੇਰ ਤੇਰੀ ਭਾਲ ਕੀਤੀ, ਜਦੋਂ ਕੁਝ ਪਤਾ ਨਾ ਲੱਗਾ, ਉਦਾਸ ਹੋ ਕੇ ਬੈਠ ਗਿਆ ਕਿ ਮੇਰੇ ਭਰਾ ਦੀ ਨਿਸ਼ਾਨੀ ਮੈਨੂੰ ਦਿੱਸਦੀ ਰਹਿ ਸਕਦੀ। ਉਸ ਨਾਲ ਮੇਲ ਮਿਲਾਪ ਰੱਖ ਸਕਦਾ। ਮੈਂ ਆਪਣੇ ਭਰਾ ਨਾਲ ਨਿੱਕੀ ਜਿਹੀ ਗੱਲ ਉਤੇ ਨਾਰਾਜ਼ ਹੋ ਚੰਗਾ ਨਹੀਂ ਕੀਤਾ, ਇਸ ਗੱਲ ਦਾ ਮੈਨੂੰ ਪਛਤਾਵਾ ਹੋ ਰਿਹਾ ਹੈ, ਭਾਵੇਂ ਮੇਰਾ ਪੁੱਤਰ ਵਕੀਲ ਬਣ ਸ਼ਹਿਰ ਵਿਚ ਵਕਾਲਤ ਕਰ ਰਿਹਾ ਹੈ ਪ੍ਰੰਤੂ ਜੇ ਅਸੀਂ ਦੋਵੇਂ ਭਰਾ ਝਗੜਾ ਨਾ ਕਰਦੇ, ਤਾਂ ਤੁਸੀਂ ਦੋਵੇਂ ਭਰਾ ਇਕੱਠੇ ਹੀ ਪੜ੍ਹਦੇ ਰਹਿੰਦੇ ਤੇ ਉਹ ਵੀ ਇਕ ਡਾਕਟਰ ਬਣ ਜਾਂਦਾ, ਜੋ ਮੇਰੀ ਇੱਛਾ ਸੀ ਪ੍ਰੰਤੂ ਸਾਡੇ ਦੋਵਾਂ ਭਰਾਵਾਂ ਦੇ ਮੂੰਹ ਅੱਡੋ-ਅਡ ਹੋ ਜਾਨ ਕਾਰਣ ਆਪਾਂ ਇਕ ਦੂਸਰੇ ਤੋਂ ਦੂਰ ਰਹੇ, ਜਿਸ ਦਾ ਮੈਨੂੰ ਪਛਤਾਵਾ ਹੈ। ਹੁਣ ਤੂੰ ਡਾਕਟਰ ਬਣ, ਮੇਰੇ ਭਰਾ ਦੀ ਯਾਦਗਾਰ ਉਨ੍ਹਾਂ ਦੇ ਨਾਂ 'ਤੇ ਹਸਪਤਾਲ ਖੋਲ੍ਹ ਇਕ ਵਧੀਆ ਕੰਮ ਕੀਤਾ ਹੈ। ਜਿਵੇਂ ਮੈਂ ਪਹਿਲਾਂ ਤੈਨੂੰ ਦੱਸਿਆ ਹੈ ਕਿ ਮੇਰਾ ਲੜਕਾ ਵਕੀਲ ਬਣ ਗਿਆ ਹੈ ਅਤੇ ਸ਼ਹਿਰ ਵਿਚ ਰਹਿ ਰਿਹਾ ਹੈ। ਮੇਰੇ ਤੋਂ ਵੀ ਹੁਣ ਜ਼ਮੀਨ 'ਤੇ ਕੰਮ ਨਹੀਂ ਹੁੰਦਾ। ਜੇ ਤੂੰ ਹਸਪਤਾਲ ਨੂੰ ਹੋਰ ਵੱਡਾ ਕਰਨਾ ਹੋਵੇ, ਤਾਂ ਮੁੰਡੇ ਨਾਲ ਸਲਾਹ ਕਰ ਆਪਣੇ ਹਿੱਸੇ ਦੀ ਜ਼ਮੀਨ ਤੈਨੂੰ ਆਪਣੀ ਯਾਦਗਾਰ ਬਣਾਉਣ ਲਈ ਦੇ ਸਕਦਾ ਹਾਂ। ਸੁਖਪਾਲ ਸਿੰਘ ਨੇ ਕਿਹਾ ਕਿ ਤੁਸੀਂ ਸਲਾਹ ਕਰ ਮੈਨੂੰ ਦੱਸ ਦੇਣਾ, ਮੈਂ ਵੀ ਸੋਚ ਲਵਾਂਗਾ। ਚਾਚੀ ਚਾਰ ਦਿਨ ਹਸਪਤਾਲ ਵਿਚ ਰਹਿ ਠੀਕ ਹੋ ਗਈ। ਉਹ ਵੀ ਰਾਜ਼ੀ ਹੋ ਪੂਰੀ ਖੁਸ਼ ਸੀ। ਸੁਖਪਾਲ ਨੂੰ ਉਸ ਨੇ ਢੇਰ ਸਾਰੀਆਂ ਅਸੀਸਾਂ ਦਿੱਤੀਆਂ। ਸਰਪੰਚ ਦਾ ਵੀ ਚਾਚੇ ਨੇ ਧੰਨਵਾਦ ਕੀਤਾ ਕਿ ਤੁਸੀਂ ਸਾਨੂੰ ਵਿਛੜਿਆਂ ਨੂੰ ਮਿਲਾ ਦਿੱਤਾ ਹੈ। ਜਦੋਂ ਸਰਪੰਚ ਸੁਖਪਾਲ ਨੂੰ ਮਿਲਣ ਆਇਆ, ਤਾਂ ਡਾਕਟਰ ਨੇ ਸਰਪੰਚ ਨੂੰ ਦੱਸਿਆ ਕਿ ਚਾਚਾ ਆਪਣੇ ਹਿੱਸੇ ਦੀ ਜ਼ਮੀਨ ਹਸਪਤਾਲ ਨੂੰ ਦੇਣ ਲਈ ਤਿਆਰ ਹੈ, ਤੁਹਾਡੀ ਕਿ ਰਾਏ ਹੈ। ਸਰਪੰਚ ਨੇ ਹਾਮੀ ਭਰ ਦਿੱਤੀ।

ਉਧਰ ਜਦੋਂ ਡਾਕਟਰ ਦੇ ਚਾਚੇ ਦੀ ਆਪਣੇ ਲੜਕੇ ਨਾਲ ਗੱਲ ਹੋਈ ਉਸ ਨੇ ਆਪਣੀ ਯਾਦਗਾਰ ਬਣਾਉਣ ਬਾਰੇ ਆਪਣੀ ਜ਼ਮੀਨ ਹਸਪਤਾਲ ਲਈ ਦੇਣ ਬਾਰੇ ਵਿਚਾਰ ਕੀਤੀ, ਤਾਂ ਉਸ ਨੇ ਵੀ ਹਾਮੀ ਭਰ ਦਿੱਤੀ। ਕੁਝ ਸਮੇਂ ਬਾਅਦ ਜ਼ਮੀਨ ਦੀ ਲਿਖ ਲਿਖਾਈ ਕਰ ਲਈ ਗਈ। ਡਾਕਟਰ ਨੇ ਉਸ ਥਾਂ ਉਪਰ ਨਵੀਂ ਉਸਾਰੀ ਸ਼ੁਰੂ ਕਰਵਾ ਦਿੱਤੀ। ਸਮੇਂ ਦੀ ਚਾਲ ਨਾਲ ਨਵੀਂ ਇਮਾਰਤ ਬਣ ਕੇ ਤਿਆਰ ਹੋ ਗਈ। ਉਸ ਦਾ ਉਦਘਾਟਨ ਵੀ ਸਰਪੰਚ ਤੋਂ ਕਰਵਾਇਆ ਗਿਆ। ਨਵੇਂ ਬਲਾਕ ਦਾ ਨਾਂ ਚਾਚੇ ਦੇ ਨਾਂ 'ਤੇ ਹਰਪਾਲ ਬਲਾਕ ਰੱਖਿਆ ਗਿਆ।


# ਟੀ.ਵੀ.ਕੱਟਾਮਨੀ ਦੀ ਵਿਦਿਅਕ ਸਵੈ-ਜੀਵਨੀ 'ਜੰਗਲੀ ਉਪ-ਕੁਲਪਤੀ ਦੀ ਕਥਾ' ਪ੍ਰੇਰਨਾਦਾਇਕ


-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਟੀ.ਵੀ. ਕੱਟੀਮਨੀ ਸਾਬਕਾ ਉਪ-ਕੁਲਪਤੀ 'ਇੰਦਰਾ ਗਾਂਧੀ ਰਾਸ਼ਟਰੀ ਜਨਜਾਤੀ ਵਿਸ਼ਵਵਿਦਿਆਲਾ, ਅਮਰਕੰਟਕ' ਦੀ ਸਵੈ-ਜੀਵਨੀ 'ਜੰਗਲੀ ਉਪ-ਕੁਲਪਤੀ ਦੀ ਕਥਾ' ਵਿਦਿਆਰਥੀਆਂ/ਅਧਿਆਪਕਾਂ/ਵਿਦਿਆ ਸ਼ਾਸਤਰੀਆਂ ਅਤੇ ਖਾਸ ਤੌਰ 'ਤੇ ਖੋਜੀਆਂ ਲਈ ਆਪਣਾ ਵਿਦਿਅਕ ਕੈਰੀਅਰ ਬਣਾਉਣ ਵਾਸਤੇ ਪ੍ਰੇਰਨਦਾਇਕ ਸਾਬਤ ਹੋਵੇਗੀ। ਟੀ.ਵੀ. ਕੱਟੀਮਨੀ ਹਿੰਦੀ ਦੇ ਪ੍ਰੋਫ਼ੈਸਰ ਵਿਦਵਾਨ ਸਾਹਿਤਕਾਰ ਹਨ, ਜਿਨ੍ਹਾਂ ਨੇ ਹੁਣ ਤੱਕ 18 ਪੁਸਤਕਾਂ ਲਿਖਿਆਂ ਹਨ, ਜਿਹੜੀਆਂ ਉਸਦੀ ਵਿਦਵਤਾ ਦਾ ਪ੍ਰਮਾਣ ਹਨ। ਭਾਰਤ ਇੱਕ ਵਿਸ਼ਾਲ, ਬਹੁ ਭਾਸ਼ਾਈ, ਨਸਲੀ, ਜਾਤ-ਪਾਤ, ਰੰਗ/ਰੂਪ ਅਤੇ ਕੌਮੀ ਅਨੇਕਤਾ ਵਿਚ ਏਕਤਾ ਕਹਾਉਣ ਵਾਲਾ ਦੇਸ਼ ਹੈ। ਭਾਰਤ ਦੇ ਲੋਕ ਆਦਿਵਾਸੀਆਂ/ਕਬੀਲਿਆਂ ਦੇ ਲੋਕਾਂ ਪ੍ਰਤੀ ਉਸਾਰੂ ਸੋਚ ਨਹੀਂ ਰੱਖਦੇ, ਉਨ੍ਹਾਂ ਨੂੰ ਜੰਗਲੀ ਤੱਕ ਕਿਹਾ ਜਾਂਦਾ ਹੈ। ਦੇਸ਼ ਨੂੰ ਆਜ਼ਾਦ ਹੋਇਆਂ, ਭਾਵੇਂ 78 ਸਾਲ ਹੋ ਗਏ ਹਨ ਪ੍ਰੰਤੂ ਅਜੇ ਤੱਕ ਵੀ ਹਰ ਤਰ੍ਹਾਂ ਦਾ ਨਸਲੀ/ਰੰਗ ਭੇਦ ਬਰਕਰਾਰ ਹੈ। ਚਰਚਾ ਅਧੀਨ ਸਵੈ-ਜੀਵਨੀ 'ਜੰਗਲੀ ਉਪ-ਕੁਲਪਤੀ ਦੀ ਕਥਾ' ਵੀ ਇੱਕ ਆਦਿਵਾਸੀ ਸਿੱਖਿਆ ਸ਼ਾਸ਼ਤਰੀ ਸਾਬਕਾ ਉਪ-ਕੁਲਪਤੀ ਦੀ ਯੂਨੀਵਰਸਿਟੀ ਵਿਚ ਵਿਦਿਅਕ ਵਾਤਵਰਨ ਬਣਾਉਣ ਲਈ ਜ਼ਿੰਦਗੀ ਦੇ ਸੰਘਰਸ਼ ਦੀ ਕਹਾਣੀ ਹੈ। ਇਹ ਸਵੈ-ਜੀਵਨੀ 'ਜੰਗੀਕਥੇ' ਸਿਰਲੇਖ ਅਧੀਨ ਕੰਨੜ ਭਾਸ਼ਾ ਵਿਚ ਪ੍ਰਕਾਸ਼ਤ ਹੋਈ ਸੀ। ਇਸਦਾ ਤੇਲਗੂ, ਤਾਮਿਲ ਅਤੇ ਹਿੰਦੀ ਵਿਚ ਅਨੁਵਾਦ ਹੋ ਚੁੱਕਾ ਹੈ, ਮਰਾਠੀ ਵਿਚ ਪ੍ਰਕਾਸ਼ਨਾ ਅਧੀਨ ਹੈ। ਇਹ ਵਿਦਿਅਕ ਸਵੈ-ਜੀਵਨੀ ਨੂੰ ਪੰਜਾਬੀ ਰੂਪ ਜ਼ਮੀਰਪਾਲ ਕੌਰ ਸੰਧੂ ਬਾਜਵਾ ਨੇ ਦਿੱਤਾ ਹੈ। ਜ਼ਮੀਰਪਾਲ ਕੌਰ ਸੰਧੂ ਬਾਜਵਾ ਦਾ ਪੰਜਾਬੀ ਰੂਪ ਪੜ੍ਹਕੇ ਇਉਂ ਮਹਿਸੂਸ ਹੋ ਰਿਹਾ ਹੈ, ਜਿਵੇਂ ਇਹ ਪੰਜਾਬੀ ਦੀ ਮੌਲਿਕ ਸਵੈ-ਜੀਵਨੀ ਹੋਵੇ। ਅਨੁਵਾਦਕ ਨੇ 'ਜੰਗਲੀ ਉਪ ਕੁਲਪਤੀ ਦੀ ਕਥਾ' ਦੀ ਰੂਹ ਪੰਜਾਬੀ ਰੂਪ ਵਿਚ ਪ੍ਰਵੇਸ਼ ਕਰ ਦਿੱਤੀ ਹੈ। ਇਹੋ ਅਨੁਵਾਦਕਾ ਦੀ ਕਮਾਲ ਹੈ। ਪਹਿਲੀ ਗੱਲ ਤਾਂ ਇਹ ਹੈ ਕਿ ਇਸ ਸਵੈ-ਜੀਵਨੀ ਦਾ ਨਾਮ ਹੀ ਪੁਸਤਕ ਪੜ੍ਹਨ ਲਈ ਦਿਲਚਸਪੀ ਪੈਦਾ ਕਰਦਾ ਹੈ। ਜਦੋਂ ਪਾਠਕ ਪੜ੍ਹਨ ਲੱਗਦਾ ਹੈ, ਤਾਂ ਅੱਧ ਵਿਚਕਾਰ ਪੂਰੀ ਪੜ੍ਹੀ ਬਿਨਾ ਛੱਡ ਨਹੀਂ ਸਕਦਾ। ਇਸ ਸਵੈ-ਜੀਵਨੀ ਦਾ ਆਮ ਜੀਵਨੀਆਂ ਨਾਲੋਂ ਫ਼ਰਕ ਹੈ ਕਿ ਇਸ ਵਿਚ ਟੀ.ਵੀ. ਕੱਟੀਮਨੀ ਨੇ ਮੱਧ ਪ੍ਰਦੇਸ਼ ਦੀ 'ਇੰਦਰਾ ਗਾਂਧੀ ਰਾਸ਼ਟਰੀ ਜਨਜਾਤੀ ਵਿਸ਼ਵਵਿਦਿਆਲਾ, ਅਮਰਕੰਟਕ' ਦਾ ਉਪ-ਕੁਲਪਤੀ ਨਿਯੁਕਤ ਹੋਣ ਤੋਂ ਬਾਅਦ, ਵਿਦਿਆਲਾ ਦੀ ਉਸਾਰੀ ਅਤੇ ਉਸਨੂੰ ਸਥਾਪਤ ਕਰਨ ਸਮੇਂ ਆਦਿਵਾਸੀ ਹੋਣ ਕਰਕੇ ਜਿਹੜੀਆਂ ਮੁਸ਼ਕਲਾਂ ਪੇਸ਼ ਆਈਆਂ ਸਨ, ਉਨ੍ਹਾਂ ਬਾਰੇ ਵਿਆਖਿਆ ਨਾਲ ਕੀਤੀ ਜੱਦੋ-ਜਹਿਦ ਦਾ ਵਰਣਨ ਕੀਤਾ ਹੈ। ਇਨ੍ਹਾਂ ਮੁਸ਼ਕਲਾਂ 'ਤੇ ਕਾਬੂ ਪਾ ਕੇ ਸਫ਼ਲਤਾ ਦੇ ਝੰਡੇ ਗੱਡਣ ਦੀ ਕਹਾਣੀ ਨੂੰ ਦਿਲਚਸਪ ਢੰਗ ਨਾਲ ਲਿਖਿਆ ਹੈ। ਜੀਵਨੀਕਾਰ ਨੇ ਇਸ ਪੁਸਤਕ ਨੂੰ 25 ਛੋਟੇ-ਵੱਡੇ ਭਾਗਾਂ ਵਿਚ ਵੰਡਿਆ ਹੈ, ਜਿਨ੍ਹਾਂ ਵਿਚ ਪੂਰੀ ਕਹਾਣੀ ਵਰਣਨ ਕੀਤੀ ਹੈ। ਇਹ ਸਵੈ-ਜੀਵਨੀ ਪੜ੍ਹਨ ਤੋਂ ਇਹ ਪਤਾ ਲੱਗਦਾ ਹੈ ਕਿ ਜੇਕਰ ਕਿਸੇ ਇਨਸਾਨ ਦਾ ਇਰਾਦਾ ਮਜ਼ਬੂਤ, ਨਿਸ਼ਾਨਾ ਨਿਸ਼ਚਿਤ, ਦਿਲ ਸਾਫ਼ ਹੋਵੇ ਤਾਂ ਬੁਲੰਦੀਆਂ 'ਤੇ ਪਹੁੰਚਣ ਨੂੰ ਕੋਈ ਰੋਕ ਨਹੀਂ ਸਕਦਾ। ਭਾਵੇਂ ਅਨੇਕਾਂ ਅੜਿਚਣਾ ਆਉਂਦੀਆਂ ਹੋਣ, ਇੱਥੋਂ ਤੱਕ ਕਿ ਪਹਾੜ ਵੀ ਸਰ ਕੀਤੇ ਜਾ ਸਕਦੇ ਹਨ। ਇਹ ਜੰਗਲਾਂ ਵਿਚ ਘਿਰਿਆ ਅਤੇ ਆਦਿਵਾਸੀ ਇਲਾਕੇ ਵਿਚ ਯੂਨੀਵਰਸਿਟੀ ਕੰਪਲੈਕਸ ਟੀ.ਵੀ. ਕੱਟੀਮਨੀ ਦੀ ਉਸਾਰੂ ਸੋਚ ਦਾ ਪ੍ਰਤੀਕ ਬਣਕੇ ਆਦਿਵਾਸੀਆਂ ਦੀ ਪ੍ਰਤਿਭਾ ਵਿਚ ਵਾਧਾ ਕਰਦਾ ਹੈ। ਟੀ.ਵੀ. ਕੱਟੀਮਨੀ ਦੀ ਜੀਵਨੀ ਪੜ੍ਹਨ ਤੋਂ ਇਹ ਪਤਾ ਲੱਗਦਾ ਹੈ ਕਿ ਉਹ ਮੁੱਖ ਤੌਰ 'ਤੇ ਆਪਣੇ ਆਦਿਵਾਸੀਆਂ ਦੀ ਜੱਦੋਜਹਿਦ ਵਾਲੀ ਰੱਬ ਦੇ ਆਸਰੇ ਛੱਡੀ ਅਵੇਸਲੀ ਜ਼ਿੰਦਗੀ ਨੂੰ ਬਿਹਤਰੀਨ ਬਣਾਉਣੀ ਚਾਹੁੰਦਾ ਹੈ। ਉਹ ਚਾਹੁੰਦਾ ਹੈ ਕਿ ਸਮਾਜ ਦੀ ਅਣਗਹਿਲੀ, ਉਨ੍ਹਾਂ ਦੀ ਆਪਣੀ ਲਾਪ੍ਰਵਾਹੀ, ਅਵੇਸਲਾਪਨ ਦਾ ਸ਼ਿਕਾਰ ਅਤੇ ਮੌਜੀ ਸੁਭਾਅ ਦੇ ਇਹ ਲੋਕ ਜਿਹੜੇ ਸਰਕਾਰੀ ਸਹੂਲਤਾਂ ਤੋਂ ਕੋਹਾਂ ਦੂਰ ਜੰਗਲਾਂ ਵਿਚ ਰਹਿੰਦੇ ਹੋਏ, ਜੰਗਲੀ ਬੂਟੀਆਂ ਦੀ ਖ਼ੁਰਾਕ ਨਾਲ ਜੀਵਨ ਬਸਰ ਕਰਦੇ ਹਨ, ਉਨ੍ਹਾਂ ਨੂੰ ਵੀ ਬਾਕੀ ਸਮਾਜ ਦੀ ਤਰ੍ਹਾਂ ਆਜ਼ਾਦੀ ਦੀਆਂ ਬਰਕਤਾਂ ਦਾ ਲਾਭ ਮੁਹੱਈਆ ਕਰਵਾਇਆ ਜਾਵੇ। ਇਸ ਕਰਕੇ ਹੀ ਉਸਨੇ ਯੂਨੀਵਰਸਿਟੀ ਦਾ ਪਹਿਲਾਂ ਵੱਖ-ਵੱਖ ਵਿਭਾਗ ਖੋਲ੍ਹਕੇ, ਉਨ੍ਹਾਂ ਦੀ ਉਸਾਰੀ ਵਿਚ ਨਿੱਜੀ ਦਿਲਚਸਪੀ ਲੈਂਦਿਆਂ ਵਿਕਾਸ ਕੀਤਾ ਤੇ ਫਿਰ ਉਸ ਯੂਨੀਵਰਸਿਟੀ ਦੇ ਸੀਮਤ ਸਾਧਨਾ ਰਾਹੀਂ, ਜੰਗਲੀ ਲੋਕਾਂ ਦੀ ਭਲਾਈ ਕਰਨ ਨੂੰ ਪਹਿਲ ਦਿੱਤੀ, ਭਾਵੇਂ ਉਸਨੂੰ ਜੰਗਲੀ/ ਕਾਲਾ/ ਆਦਿਵਾਸੀ ਕਹਿਕੇ ਨਿੰਦਿਆ ਵੀ ਗਿਆ। ਉਸਨੇ ਆਪਣੇ ਸਮਾਜਿਕ ਸਟੇਟਸ ਨੂੰ ਦਾਅ 'ਤੇ ਲਾ ਕੇ ਆਦਿਵਾਸੀਆਂ ਦੀ ਸਮਾਜਿਕ, ਆਰਥਿਕ, ਸੱਭਿਆਚਾਰਕ ਅਤੇ ਵਿਦਿਅਕ ਹਾਲਤ ਸੁਧਾਰਨ ਲਈ ਸਖ਼ਤ ਤੋਂ ਸਖ਼ਤ ਕਦਮ ਚੁੱਕੇ ਸਨ। ਮੁੱਖ ਮੰਤਵ ਤਾਂ ਕੱਟਾਮਨੀ ਦਾ ਇਹੋ ਸੀ ਕਿ ਆਦਿਵਾਸੀ ਲੋਕਾਂ ਦੀ ਬਿਹਤਰੀ ਲਈ ਹਰ ਕਦਮ ਚੁੱਕਿਆ ਜਾਵੇ ਕਿਉਂਕਿ ਸਰਕਾਰ ਨੇ ਉਨ੍ਹਾਂ ਦੇ ਸਮਤੁਲ ਵਿਕਾਸ ਲਈ ਇਹ ਯੂਨੀਵਰਸਿਟੀ ਸਥਾਪਤ ਕੀਤੀ ਸੀ। ਯੂਨੀਵਰਸਿਟੀ ਦੀ ਉਸ ਸਮੇਂ ਦੀ ਸਥਿਤੀ ਅਤੇ ਜੀਵਨੀਕਾਰ ਨੇ ਜੋ ਸੁਪਨੇ ਸਿਰਜੇ ਉਨ੍ਹਾਂ ਬਾਰੇ ਬਾਕਮਾਲ ਢੰਗ ਨਾਲ ਜਾਣਕਾਰੀ ਦਿੱਤੀ ਹੈ, ਕਿਉਂਕਿ ਆਦਿਵਾਸੀ ਇਲਾਕੇ ਦੇ ਵਿੱਚ ਇਹ ਯੂਨੀਵਰਸਿਟੀ ਬਿਲਕੁਲ ਨਵੀਂ ਬਣੀ ਸੀ, ਇਸ ਦਾ ਢਾਂਚਾ ਉਸਾਰਨ ਲਈ ਯੋਗ ਢੰਗ ਨਾਲ ਤਰਤੀਬ ਦੇਣੀ ਜ਼ਰੂਰੀ ਸੀ। ਟੀ.ਵੀ. ਕੱਟੀਮਨੀ ਨੇ ਬਹੁਤ ਹੀ ਸੁਚੱਜੇ ਢੰਗ ਨਾਲ ਸਹਿਣਸ਼ੀਲਤਾ ਰੱਖਦੇ ਹੋਏ ਤਰਤੀਬ ਅਨੁਸਾਰ ਯੂਨੀਵਰਸਿਟੀ ਦੇ ਹਿੱਤ ਲਈ ਸਾਰੇ ਕਦਮ ਚੁੱਕੇ, ਜਿਨ੍ਹਾਂ ਵਿਚ ਸਫ਼ਾਈ ਦੇ ਨਾਕਸ ਪ੍ਰਬੰਧਾਂ ਅਤੇ ਉਨ੍ਹਾਂ ਨੂੰ ਠੀਕ ਕਰਨ ਲਈ ਰਸਤੇ ਵਿਚ ਆ ਰਹੀਆਂ ਮੁਸ਼ਕਲਾਂ ਅਤੇ ਸੀਨੀਅਰ ਫੈਕਲਟੀ ਮੈਂਬਰਾਂ ਵੱਲੋਂ ਸਹਿਯੋਗ ਨਾ ਦੇਣਾ, ਇੱਥੋਂ ਤੱਕ ਕਿ ਵਿਅੰਗ ਨਾਲ ਸਫ਼ਾਈ ਲਈ ਉਪ-ਕੁਲਪਤੀ ਨੂੰ ਭਾਰਤ ਰਤਨ ਵਰਗਾ ਸਰਵੋਤਮ ਸਨਮਾਨ ਲੈਣਾਂ ਵੀ ਕਿਹਾ ਗਿਆ ਪ੍ਰੰਤੂ ਉਹ ਪਿੱਛੇ ਨਹੀਂ ਹਟੇ, ਸਗੋਂ ਵਿਦਿਆਰਥੀਆਂ ਅਤੇ ਅਧਿਆਪਕਾਂ ਦੇ ਸਹਿਯੋਗ ਨਾਲ ਸਫ਼ਾਈ ਪ੍ਰਬੰਧ ਕਾਬਲੇ-ਤਾਰੀਫ਼ ਕੀਤੇ। ਯੂਨੀਵਰਸਿਟੀ ਕੰਪਲੈਕਸ ਵਿਚ ਪੀਣ ਵਾਲੇ ਪਾਣੀ ਦੀ ਘਾਟ ਪੂਰੀ ਕਰਨ ਲਈ ਕੁਦਰਤੀ ਸੋਮਿਆਂ/ਨਾਲਿਆਂ 'ਤੇ ਬੰਨ੍ਹ ਮਾਰਕੇ ਝੀਲ ਬਣਾਈ ਤੇ ਪਾਣੀ ਦੀ ਸਮੱਸਿਆ ਖ਼ਤਮ ਹੋਣ ਦੇ ਨਾਲ ਸੈਰਗਾਹ ਬਣ ਗਈ। 374 ਏਕੜ ਦੇ ਕੰਪਲੈਕਸ ਵਿਚ ਸਜਾਵਟੀ/ ਫਲਦਾਰ ਰੁੱਖ/ਪੌਦੇ ਲਗਵਾ ਕੇ ਪੰਜ ਸਾਲਾਂ ਵਿਚ ਮਨਮੋਹਕ ਹਰਿਆਵਲ ਵਾਲਾ ਵਾਤਾਵਰਨ ਬਣਾਇਆ। ਜੰਗਲੀ ਇਲਾਕਾ ਹੋਣ ਕਰਕੇ ਜੜ੍ਹੀਆਂ ਬੂਟੀਆਂ ਬਹੁਤ ਹੁੰਦੀਆਂ ਹਨ, ਜਿਹੜੀਆਂ ਬਹੁਤੀਆਂ ਮਾਨਵਤਾ ਦੀਆਂ ਬਿਮਾਰੀਆਂ ਤੋਂ ਰੋਕਥਾਮ ਲਈ ਕੰਮ ਆਉਂਦੀਆਂ ਹਨ। ਇਸ ਮੰਤਵ ਲਈ ਜੜ੍ਹੀ ਬੂਟੀ ਬਾਗ ਦੀ ਸਥਾਪਨਾ ਕੀਤੀ ਗਈ, ਲੁਪਤ ਹੋ ਰਹੀਆਂ ਜੜ੍ਹੀਆਂ ਬੂਟੀਆਂ ਨੂੰ ਸਾਂਭਣ ਦਾ ਕਾਰਜ਼ ਕੀਤਾ ਗਿਆ ਅਤੇ ਯੂਨੀਵਰਸਿਟੀ ਦੇ ਅਧਿਆਪਕਾਂ ਨੂੰ ਨਵੇਂ ਸਥਾਨਕ ਲੋੜਾਂ ਅਨੁਸਾਰ ਵਿਭਾਗ ਖੋਲ੍ਹਕੇ ਲੋਕਾਂ ਦੇ ਹਿਤਾਂ ਦਾ ਧਿਆਨ ਰੱਖਣ ਦੀ ਜ਼ਿੰਮੇਵਾਰੀ ਨਿਭਾਈ। ਕਿਸਾਨਾਂ ਨੂੰ ਖੇਤੀਬਾੜੀ ਕਰਨ ਲਈ ਉਤਸ਼ਾਹਤ ਕਰਨ ਲਈ ਸਰਕਾਰਾਂ ਨਾਲ ਤਾਲਮੇਲ ਕਰਕੇ ਯੂਨੀਵਰਸਿਟੀ ਵਿਚ ਖੇਤੀ ਵਿਗਿਆਨ ਕੇਂਦਰ ਖੋਲ੍ਹਿਆ ਗਿਆ, ਜਿਸਦਾ ਆਲੇ-ਦੁਆਲੇ ਦੇ ਲੋਕਾਂ ਨੇ ਫਾਇਦਾ ਉਠਾਇਆ। ਟੀ.ਵੀ. ਕੱਟੀਮਨੀ ਦੀ ਸਥਾਨਕ ਲੋਕਾਂ ਨਾਲ ਹੋ ਰਹੇ ਸ਼ੋਸ਼ਣ ਲਈ ਹਮਦਰਦੀ, ਉਨ੍ਹਾਂ ਦੀ ਆਰਥਿਕ ਹਾਲਤ ਮਜ਼ਬੂਤ ਕਰਨ ਦੇ ਉਪਰਾਲੇ ਸਲਾਹੁਣਯੋਗ ਹਨ। ਇੱਕ ਉਪ-ਕੁਲਪਤੀ ਕਿਤਨੀ ਦਿਲਚਸਪੀ ਲੈ ਕੇ ਯੂਨੀਵਰਸਿਟੀ ਅਤੇ ਸਥਾਨਕ ਲੋਕਾਂ ਦੀ ਸਥਾਪਤੀ ਲਈ ਸੰਵੇਦਨਸ਼ੀਲ ਹੈ, ਭਾਵੇਂ ਉਸਦੀ ਕਿਰਦਾਰਕੁਸ਼ੀ ਵੀ ਕੀਤੀ ਜਾ ਰਹੀ ਹੈ। ਵਿਸ਼ਵਵਿਦਿਆਲੇ ਨੂੰ ਰਾਸ਼ਟਰੀ ਰੂਪ ਦੇਣ ਲਈ ਕੀਤੇ ਗਏ ਕਾਰਜਾਂ ਦਾ ਵਿਵਰਣ ਅਤੇ ਉਪ-ਕੁਲਪਤੀ ਵਿਰੋਧੀ ਕੁਝ ਲੋਕਾਂ ਦੀਆਂ ਘਟੀਆਂ ਹਰਕਤਾਂ ਬਾਰੇ ਜਾਣਕਾਰੀ ਤੱਥਾਂ ਦੇ ਨਾਲ ਦਿੱਤੀ ਗਈ ਹੈ। ਇਸ ਤੋਂ ਇਹ ਵੀ ਸਾਬਤ ਹੁੰਦਾ ਹੈ ਕਿ ਇਮਾਨਦਾਰੀ ਨਾਲ ਕੀਤਾ ਕੰਮ ਹਮੇਸ਼ਾ ਸਹੀ ਹੁੰਦਾ ਹੈ। ਉਪ-ਕੁਲਪਤੀ ਸਥਾਨਕ ਆਦਿਵਾਸੀਆਂ ਦੀਆਂ ਲੋੜਾਂ, ਰੋਜ਼ਗਾਰ ਅਤੇ ਕਲਾ ਦੀ ਪਹਿਚਾਣ ਕਰਕੇ ਉਨ੍ਹਾਂ ਨੂੰ ਰੋਜ਼ਗਾਰ ਅਤੇ ਮਨੋਰੰਜਨ ਲਈ ਪਲਾਸ਼ ਟਰਾਈਬਲ ਗਰੁਪ ਦੀ ਸਥਾਪਨਾ ਅਤੇ ਗੋਂਡੀ ਕਲਾ ਦੀ ਪ੍ਰਫੁਲਤਾ ਲਈ ਚਿਤਰਕਲਾ ਨੂੰ ਉਤਸ਼ਾਹਤ ਕੀਤਾ ਗਿਆ। ਯੂਨੀਵਰਸਿਟੀ ਵਿਚ ਰੋਜ਼ਗਾਰ ਦੇਣ ਵਾਲੇ ਵਿਭਾਗਾਂ ਦੀ ਸਥਾਪਨਾ ਕੀਤੀ ਗਈ। ਯੂਨੀਵਰਸਿਟੀ ਵਿਚ ਕੰਮ ਕਰਨ ਵਾਲਿਆਂ ਵਿਚ ਸਾਂਝ, ਮਿਲਵਰਤਨ ਤੇ ਸਹਿਯੋਗ ਬਣਾਉਣ ਲਈ ਦੀਵਾਲੀ, ਹੋਲੀ ਅਤੇ ਨਵਾਂ ਸਾਲ ਇਕੱਠਿਆਂ ਮਨਾਉਣੇ ਸ਼ੁਰੂ ਕੀਤੇ। ਆਦਿਵਾਸੀਆਂ ਦੇ ਬੱਚਿਆਂ ਨੂੰ ਪ੍ਰਾਇਮਰੀ ਤੋਂ ਪੜ੍ਹਾਉਣ ਲਈ ਏਕਲਵਿਆ ਕਿੰਡਰਗਾਰਟਨ, ਆਦਿਵਾਸੀ ਸਕੂਲ ਅਤੇ ਕੇਂਦਰੀ ਵਿਦਿਆਲਾ ਸਰਕਾਰ ਤੋਂ ਪ੍ਰਵਾਨਗੀ ਲੈ ਕੇ ਚਾਲੂ ਕੀਤੇ, ਤਾਂ ਜੋ ਉਨ੍ਹਾਂ ਦੇ ਸਮਾਜਿਕ ਸਟੇਟਸ ਨੂੰ ਵਧਾਇਆ ਜਾ ਸਕੇ। 'ਜੈਪਾਲ ਸਿੰਘ ਮੁੰਡਾ ਖੇਡ ਕੰਪਲੈਕਸ' ਦੀ ਬਿਹਤਰੀਨ ਉਸਾਰੀ ਅਤੇ ਰਸਤੇ ਦੀਆਂ ਰੁਕਾਵਟਾਂ ਦਾ ਵਰਣਨ, 'ਰਾਮਦਿਆਲ ਮੁੰਡਾ ਕੇਂਦਰੀ ਪੁਸਤਕਾਲਾ' ਦੀ ਉਸਾਰੀ ਤੇ ਉਸ ਵਿੱਚ ਗੋਂਡੀ ਚਿੱਤਰਕਾਰੀ ਕਰਵਾਕੇ ਆਦਿਵਾਸੀਆਂ ਦੀ ਕਲਾ ਨੂੰ ਪ੍ਰਦਰਸ਼ਤ ਕੀਤਾ ਗਿਆ। ਵਿਸ਼ਵਵਿਦਿਆਲਾ ਵਿਚ ਠੇਕੇਦਾਰੀ ਪ੍ਰਣਾਲੀ ਨਾਲ ਮੈਸ ਬਣਾਉਣ ਤੇ ਚਲਾਉਣ ਦੀਆਂ ਉਲਝਣਾਂ ਦਾ ਪ੍ਰਗਟਾਵਾ ਕੀਤਾ ਗਿਆ ਹੈ। ਆਦਿਵਾਸੀਆਂ ਵਿਚ ਵਿਗਿਆਨ ਬਾਰੇ ਚੇਤਨਤਾ ਅਤੇ ਨਵੀਨਤਾ ਸੰਬੰਧੀ ਚੁੱਕੇ ਗਏ ਕਦਮਾਂ ਦੀ ਜਾਣਕਾਰੀ ਦਿੱਤੀ ਹੈ ਕਿਉਂਕਿ ਵਿਗਿਆਨ ਤੋਂ ਬਿਨਾ ਤਰੱਕੀ ਸੰਭਵ ਨਹੀਂ। ਆਦਿਵਾਸੀਆਂ ਦੀਆਂ ਬੀਮਾਰੀਆਂ ਅਤੇ ਉਨ੍ਹਾਂ ਦੇ ਇਲਾਜ ਲਈ ਖੋਜਾਂ ਅਤੇ ਸਿਹਤ ਸਹੂਲਤਾਂ ਦੇ ਪ੍ਰਬੰਧ ਸਰਕਾਰ ਨਾਲ ਤਾਲਮੇਲ ਕਰਕੇ ਕੀਤੇ ਗਏ। ਬਾਰੇ ਜਾਣਕਾਰੀ ਦਿੱਤੀ ਗਈ ਹੈ। ਆਦਿਵਾਸੀਆਂ ਨੂੰ ਦਿੱਤੀ ਜਾ ਰਹੀ ਵਿਦਿਅਕ ਅੱਖਰੀ ਪੜ੍ਹਾਈ ਦੇ ਨਤੀਜਿਆਂ ਅਤੇ ਇਨ੍ਹਾਂ ਦੇ ਮੁਲਾਂਕਣ ਦੇ ਪ੍ਰਬੰਧਾਂ ਵਿਚ ਸੁਧਾਰ ਦੀਆਂ ਤਰਕੀਬਾਂ ਦੱਸੀਆਂ ਗਈਆਂ। ਅਮਰਕੰਟਕ ਇਲਾਕੇ ਵਿਚ ਕੰਨੜ ਭਾਸ਼ਾ ਦੇ ਪ੍ਰਸਾਰ ਤੇ ਸੰਚਾਰ ਦੇ ਢੰਗ ਤਰੀਕੇ ਦਰਸਾਏ ਗਏ ਹਨ। ਟੀ.ਵੀ. ਕੱਟਾਮਨੀ ਨੇ ਰਾਸ਼ਟਰਪਤੀ ਨਾਲ ਨਾਰਵੇ ਅਤੇ ਸਵੀਡਨ ਦੀ ਯਾਤਰਾ ਸੰਬੰਧੀ ਜਾਣਕਾਰੀ ਦਿੱਤੀ ਹੈ, ਜਿਸ ਸਮੇਂ ਦੋਵੇਂ ਦੇਸ਼ਾਂ ਵਿਚ ਅਮਰਕੰਟਕ ਯੂਨੀਵਰਸਿਟੀ ਦੇ ਐੱਮ.ਓ.ਯੂ. 'ਤੇ ਇੱਕ ਆਦਿਵਾਸੀ ਨੂੰ ਦਸਤਖਤ ਕਰਨ ਦਾ ਮਾਣ ਮਿਲਿਆ। ਇਸ ਤੋਂ ਇਲਾਵਾ ਰਾਸ਼ਟਰਪਤੀ ਭਵਨ ਵਿਚ ਸਾਲਾਨਾ ਮੀਟਿੰਗ ਵਿਚ ਸ਼ਾਮਲ ਹੋਣ ਦੇ ਮੌਕੇ ਬਾਰੇ ਵੀ ਵਿਸਤ੍ਰਿਤ ਜਾਣਕਾਰੀ ਦਿੱਤੀ ਹੈ। ਮਣੀਪੁਰ ਵਿਚਲੇ ਯੂਨੀਵਰਸਿਟੀ ਦੇ ਰੀਜਨਲ ਕੇਂਦਰ ਦੀ ਰਾਜਨੀਤੀ ਅਤੇ ਇੱਥੋਂ ਦੀਆਂ ਮੈਤੀ, ਨਾਗਾ ਤੇ ਕੁਕੀ ਜਨਜਾਤੀ ਦੇ ਸੱਭਿਅਚਾਰ, ਰਹਿਣ-ਸਹਿਣ, ਖਾਣ-ਪੀਣ, ਪਹਿਨਣ ਦੀ ਸਿਆਸਤ ਅਤੇ ਵਿਦਿਆਰਥੀਆਂ ਦੀ ਰਾਜਨੀਤੀ ਬਾਰੇ ਦੱਸਿਆ ਗਿਆ ਹੈ, ਕਿਵੇਂ ਉਹ ਉਪ-ਕੁਲਪਤੀ ਨੂੰ ਬੰਧਕ ਬਣਾਕੇ ਦਬਾਓ ਨਾਲ ਆਪਣੀਆਂ ਮੰਗਾਂ ਮਨਵਾਉਣ ਦਾ ਯਤਨ ਕਰਦੇ ਹਨ। ਇਸ ਇਲਾਕੇ ਵਿਚ ਸੰਘ ਦੀਆਂ ਸਿੱਖਿਆ ਬਾਰੇ ਸਰਗਰਮੀਆਂ ਅਤੇ ਉਨ੍ਹਾਂ ਦਾ ਦ੍ਰਿਸ਼ਟੀਕੋਣ ਦਰਸਾਇਆ ਗਿਆ ਹੈ। ਟੀ.ਵੀ. ਕੱਟੀਮਨੀ ਨੇ ਦੱਸਿਆ ਉਨ੍ਹਾਂ ਨੂੰ ਕ੍ਰਿਸ਼ਚੀਅਨ ਕਹਿ ਕੇ ਭੰਡਿਆ ਗਿਆ ਤੇ ਇਹ ਪ੍ਰਚਾਰ ਕੀਤਾ ਗਿਆ ਕਿ ਉਹ ਹਿੰਦੂਆਂ ਨੂੰ ਕ੍ਰਿਸਚੀਅਨ ਬਣਾ ਰਿਹਾ ਹੈ। ਇਸ ਯੂਨੀਵਰਸਿਟੀ ਦੀ ਘਟੀਆ ਸਿਆਸਤ ਬਾਰੇ ਵੀ ਵਿਸਤਾਰ ਨਾਲ ਦੱਸਿਆ ਗਿਆ ਕਿ ਉਸਨੂੰ ਫੇਲ੍ਹ ਕਰਨ ਲਈ ਸਾਜ਼ਿਸ਼ਾਂ ਹੋਈਆਂ ਪ੍ਰੰਤੂ ਉਹ ਸਫ਼ਲਤਾ ਨਾਲ ਬਚਕੇ ਨਿਕਲਦਾ ਰਿਹਾ। ਜੀਵਨੀਕਾਰ ਨੇ ਜਨਜਾਤੀਆਂ ਦੇ ਲੋਕਾਂ ਦੀ ਜਨਸੰਖਿਆ, ਸੁਭਾਅ, ਵਿਵਹਾਰ, ਰਹਿਣ-ਸਹਿਣ, ਖਾਣ-ਪੀਣ ਬਾਰੇ ਸੰਪੂਰਨ ਜਾਣਕਾਰੀ ਦਿੱਤੀ ਹੈ। ਜ਼ਮੀਰਪਾਲ ਕੌਰ ਸੰਧੂ ਬਾਜਵਾ ਨੇ ਇਸ ਸਵੈ-ਜੀਵਨੀ ਦਾ ਪੰਜਾਬੀ ਰੂਪ ਕਰਦਿਆਂ ਕਮਾਲ ਦੀ ਸ਼ਬਦਾਵਲੀ ਵਰਤੀ ਹੈ, ਜਿਹੜੀ ਆਦਿਵਾਸੀਆਂ ਦੀ ਮਾਨਸਿਕਤਾ ਦਾ ਹੂਬਹੂ ਪ੍ਰਗਟਾਵਾ ਕਰਦੀ ਹੈ।

200 ਪੰਨਿਆਂ, 360 ਰੁਪਏ ਕੀਮਤ ਵਾਲੀ ਇਹ ਸਵੈ-ਜੀਵਨੀ ਕੈਲੀਬਰ ਪਬਲੀਕੇਸ਼ਨ ਪਟਿਆਲਾ ਨੇ ਪ੍ਰਕਾਸ਼ਤ ਕੀਤੀ ਹੈ।



# ਪੰਜਾਬ ਵਿਚ ਵਰਤੀਆਂ ਜਾਣ ਵਾਲੀਆਂ ਖਾਦਾਂ ਦਾ ਜ਼ਮੀਨ ਅਤੇ ਫਸਲਾਂ ’ਤੇ ਪ੍ਰਭਾਵ





ਡਾ. ਐੱਸ.ਪੀ.ਐੱਸ. ਬਰਾੜ
ਡਾਇਰੈਕਟਰ ਪੰਜਾਬ ਐਗਰੀਕਲਚਰ ਮੈਨਜਮੈਂਟ
ਅਤੇ ਟ੍ਰੇਨਿੰਗ ਇੰਸਟੀਚਿਊਟ (ਰਿਟਾਇਰਡ)
ਪੀ.ਏ ਯੂ, ਲੁਧਿਆਣਾ
ਮੋ: 99151-94104
ਪੰਜਾਬ ਮੇਲ USA

ਪੰਜਾਬ ਦੀ ਖੇਤੀ ਸਬੰਧੀ ਇਕ ਬਿਰਤਾਂਤ ਸਿਰਜਿਆ ਜਾ ਰਿਹਾ ਹੈ ਕਿ ਪੰਜਾਬ ਦੇ ਕਿਸਾਨ ਰਸਾਇਣਕ ਖਾਦਾਂ ਲੋੜ ਤੋਂ ਜ਼ਿਆਦਾ ਵਰਤਦੇ ਹਨ। ਇਸ ਨਾਲ ਜ਼ਮੀਨ ਜ਼ਹਿਰੀਲੀ ਹੋ ਗਈ ਅਤੇ ਫਸਲਾਂ ਵਿਚ ਵੀ ਕੈਮੀਕਲ ਆ ਗਏ, ਜਿਸ ਨਾਲ ਕੈਂਸਰ ਵਰਗੀਆਂ ਭਿਆਨਕ ਬੀਮਾਰੀਆਂ ਵੱਧ ਗਈਆਂ। ਅਸਲ ਵਿਚ ਜਦੋਂ ਲੋਕੀ ਇਹ ਗੱਲਾਂ ਕਰਦੇ ਹਨ, ਤਾਂ ਮੁਕਾਬਲਾ ਭਾਰਤ ਦੀ ਖਾਦਾਂ ਦੀ ਔਸਤ ਖਪਤ ਨਾਲ ਕਰਦੇ ਹਨ। ਮੁਕਾਬਲੇ ਵੇਲੇ ਭਾਰਤ ਅਤੇ ਪੰਜਾਬ ਦੀ ਅਸਲ ਸਥਿਤੀ ਲਕੋਈ ਜਾਂਦੀ ਹੈ, ਇਹ ਸਾਰਾ ਬਿਰਤਾਂਤ ਕਾਰਪੋਰੇਟ ਅਤੇ ਉਨ੍ਹਾਂ ਪੱਖੀ ਬੁੱਧੀਜੀਵੀਆਂ ਵਲੋਂ ਜਾਣਬੁੱਝ ਕੇ ਸਿਰਜਿਆ ਜਾ ਰਿਹਾ ਹੈ ਕਿ ਪੰਜਾਬ ਦੇ ਕਿਸਾਨਾਂ ਦੀ ਉੱਪਜ ਨਾ ਵਿੱਕੇ, ਕਿਸਾਨ ਕਰਜ਼ਾਈ ਤਾਂ ਪਹਿਲਾਂ ਹੀ ਹਨ। ਕਰਜ਼ੇ ਦੇ ਦੱਬੇ ਕਿਸਾਨ ਜ਼ਮੀਨਾਂ ਵੇਚ ਜਾਣ ਤੇ ਉਹ ਸਸਤੇ ਭਾਅ ਖਰੀਦ ਲੈਣ। ਗੱਲ ਇਹ ਹੈ ਕਿ ਖੁਰਾਕ ਦੀ ਪ੍ਰੋਸੈਸਿੰਗ ਅਤੇ ਬਰਾਮਦ ਤਾਂ ਪਹਿਲਾਂ ਹੀ ਕਾਰਪੋਰੇਟ ਦੇ ਹੱਥ ਹੈ, ਜੇ ਖੁਰਾਕ ਦੀ ਪੈਦਾਵਾਰ ਵੀ ਉਨ੍ਹਾਂ ਦੇ ਹੱਥ ਆ ਜਾਏ, ਤਾਂ ਖੁਰਾਕ ’ਤੇ ਪੂਰੇ ਦਾ ਪੂਰਾ ਕਬਜ਼ਾ ਕਾਰਪੋਰੇਟ ਦਾ ਹੋ ਜਾਵੇਗਾ। ਇਸ ਸਾਲ ਬਿਨਾਂ ਤਫਤੀਸ਼ ਕੀਤੇ ਪੰਜਾਬ ਦੇ ਚੋਲਾਂ ਨੂੰ ਭੰਡਣਾ ਇਸੇ ਦਾ ਨਤੀਜਾ ਹੈ। ਹਾਲਾਂਕਿ ਕੇਂਦਰ ਦੇ ਪਿਛਲੇ ਖੇਤੀ ਮੰਤਰੀ ਸ਼੍ਰੀ ਨਰਿੰਦਰ ਤੋਮਰ ਜੀ ਨੇ ਲੋਕ ਸਭਾ ਵਿਚ ਬਿਆਨ ਦਿੱਤਾ ਸੀ ਕਿ ਪੰਜਾਹ ਸਾਲ ਤੋਂ ਚੱਲਦੇ ਤਜ਼ਰਬੇ ਦੱਸਦੇ ਹਨ ਕਿ ਸਹੀ ਢੰਗ ਨਾਲ ਖਾਦਾਂ ਵਰਤਣ ਨਾਲ ਜ਼ਮੀਨ ਦੀ ਸਿਹਤ ਵੀ ਠੀਕ ਰਹਿੰਦੀ ਹੈ ਅਤੇ ਉਤਪਾਦਕਤਾ ਵੀ ਬਰਕਰਾਰ ਰਹਿੰਦੀ ਹੈ। ਪੰਜਾਬ ਵਿਚ ਵੀ ਅੱਜ ਤੱਕ ਕਿਤੋਂ ਇਹ ਰਿਪੋਰਟ ਨਹੀਂ ਆਈ ਕਿ ਰਸਾਇਣਕ ਖਾਦਾਂ ਵਰਤਣ ਨਾਲ ਜ਼ਮੀਨ ਖਰਾਬ ਹੋ ਗਈ ਅਤੇ ਫਸਲ ਦਾ ਝਾੜ ਘੱਟ ਗਿਆ। ਜਿਥੋ ਤੱਕ ਭਾਰਤ ਦੀ ਔਸਤ ਨਾਲੋਂ ਵੱਧ ਖਾਦਾਂ ਵਰਤਣ ਦਾ ਸਬੰਧ ਹੈ, ਉਸ ਦੇ ਕਾਰਨ ਹਨ।

ਮੁੱਖ ਕਾਰਨ ਹੈ ਭਾਰਤ ਦਾ ਸਿਰਫ 37 ਪ੍ਰਤੀਸ਼ਤ ਰਕਬਾ ਹੀ ਸਿੰਚਾਈ ਹੇਠ ਹੈ, ਜਦਕਿ ਪੰਜਾਬ ਦਾ 98 ਪ੍ਰਤੀਸ਼ਤ ਹੈ। ਫਸਲ ਪਾਣੀ ਦੇ ਨਾਲ ਵੱਧਣੀ ਹੈ, ਜੇ ਤੁਹਾਡੇ ਕੋਲ ਪਾਣੀ ਹੀ ਨਹੀਂ, ਬਾਰਿਸ਼ ’ਤੇ ਨਿਰਭਰ ਹੋ ਤਾਂ ਫਸਲ ਦਾ ਝਾੜ ਘੱਟ ਹੋਵੇਗਾ, ਜੇ ਝਾੜ, ਘੱਟ ਹੋਵੇਗਾ ਤਾਂ ਖਾਦ ਦੀ ਲੋੜ ਵੀ ਘੱਟ ਪਵੇਗੀ। ਦੂਜੀ ਗੱਲ ਫਾਸਫੋਰਸ ਅਤੇ ਪੋਟਾਸ਼ ਖਾਦਾਂ ਦੀ ਵਰਤੋਂ ਹੀ ਬੀਜਾਈ ਵੇਲੇ ਕੀਤੀ ਜਾਂਦੀ ਹੈ, ਜੇ ਬੀਜਾਈ ਵੇਲੇ ਤਰ ਬੱਤਰ ਨਹੀਂ, ਤਾਂ ਫਿਰ ਇਸ ਦੀ ਵਰਤੋਂ ਨਹੀਂ ਕੀਤੀ ਜਾਂਦੀ। ਏਸੇ ਕਰਕੇ ਸਮੁੱਚੇ ਭਾਰਤ ਵਿਚ ਖਾਦਾਂ ਦੀ ਔਸਤ ਵਰਤੋਂ 141 ਕਿਲੋ/ਹੈਕਟੇਅਰ ਹੈ ਅਤੇ ਪੰਜਾਬ ਦੀ 254 ਕਿਲੋ/ਹੈਕਟੇਅਰ ਹੈ। ਜੇ ਫਸਲ ਵਿਰਲੀ ਹੈ, ਤਾਂ ਕੀੜੇ ਤੇ ਬੀਮਾਰੀਆਂ ਵੀ ਘੱਟ ਲਗਦੇ ਹਨ। ਇਸੇ ਕਰਕੇ ਭਾਰਤ ਦਾ ਝੋਨੇ ਦਾ ਝਾੜ 42 ਕੁਇੰਟਲ ਪ੍ਰਤੀ ਹੈਕਟੇਅਰ ਹੈ, ਜਦਕਿ ਪੰਜਾਬ ਦਾ 75 ਕੁਇੰਟਲ ਪ੍ਰਤੀ ਹੈਕਟੇਅਰ ਹੈ। ਕਣਕ ਦੀ ਔਸਤ ਪੈਦਾਵਾਰ ਪੰਜਾਬ ਵਿਚ 50 ਕੁਇੰਟਲ ਪ੍ਰਤੀ ਹੈਕਟੇਅਰ ਹੈ, ਭਾਰਤ ਦੀ 35 ਕੁਇੰਟਲ ਦੇ ਮੁਕਾਬਲੇ ਦੋਨੋਂ ਫਸਲਾਂ ਦਾ ਔਸਤ ਝਾੜ ਪੰਜਾਬ ਦਾ 74 ਫੀਸਦੀ ਵੱਧ ਹੈ। ਜਦੋਂ ਝਾੜ ਵੱਧ ਲੈਣਾ ਹੈ, ਤਾਂ ਖੁਰਾਕ ਵੀ ਵੱਧ ਦੇਣੀ ਪਊ।

ਹੁਣ ਗੱਲ ਕਰਦੇ ਹਾਂ, ਇਨ੍ਹਾਂ ਖਾਦਾਂ ਵਿਚ ਕੀ ਰਸਾਇਣ ਹਨ ਅਤੇ ਕੀ ਉਹ ਜ਼ਹਿਰੀਲੇ ਵੀ ਹੋ ਸਕਦੇ ਹਨ। ਸਭ ਤੋਂ ਵੱਧ ਵਰਤੀ ਜਾਣ ਵਾਲੀ ਖਾਦ ਹੈ ਯੂਰੀਆ ਜੋ ਬੂਟੇ ਦੀ ਨਾਈਟਰੋਜਨ ਦੀ ਲੋੜ ਦੀ ਪੂਰਤੀ ਲਈ ਵਰਤੀ ਜਾਂਦੀ ਹੈ। ਬੂਟੇ ਦੀ ਹਰਿਆਵਲ ਜਿਸ ਨੂੰ ਕਲੋਰੋਫਿਲ ਕਹਿੰਦੇ ਹਨ ਲਈ ਨਾਈਟਰੋਜਨ ਜ਼ਰੂਰੀ ਹੈ ਅਤੇ ਕਲੋਰੋਫਿਲ ਨਾਲ ਹੀ ਫਸਲ ਦੇ ਵੱਧਣ ਫੁੱਲਣ ਲਈ ਪੱਤਿਆਂ ਵਿਚ ਖੁਰਾਕ ਬਣਦੀ ਹੈ। ਇੰਨਾ ਹੀ ਨਹੀਂ, ਜਿਹੜੀ ਦਾਣਿਆਂ ਵਿਚ ਪ੍ਰੋਟੀਨ ਬਣਦੀ ਹੈ, ਨਾਈਟਰੋਜਨ ਉਸ ਦਾ ਜ਼ਰੂਰੀ ਹਿੱਸਾ ਹੈ। ਕਣਕ ਵਿਚ 12% ਅਤੇ ਚੋਲਾਂ ਵਿਚ 6.5% ਪ੍ਰੋਟੀਨ ਹੁੰਦੀ ਹੈ।

ਇਥੇ ਮੈਂ ਇਹ ਵੀ ਦੱਸ ਦੇਵਾਂ ਕਿ ਇਨਸਾਨ ਦੇ ਖੂਨ ਵਿਚ ਵੀ 170 ਤੋਂ 300 ਮਿਲੀਗਰਾਮ ਯੂਰੀਆ ਪ੍ਰਤੀ ਲਿਟਰ ਹੁੰਦਾ ਹੈ। ਸਾਧਾਰਨ ਆਦਮੀ ਵਿਚ ਤਕਰੀਬਨ 5 ਲਿਟਰ ਖੂਨ ਹੁੰਦਾ ਹੈ ਅਤੇ ਇਕ ਤੰਦਰੁਸਤ ਆਦਮੀ 24 ਘੰਟੇ ਵਿਚ 25 ਤੋਂ 30 ਗ੍ਰਾਮ ਯੂਰੀਆ ਪਿਸ਼ਾਬ ਰਾਹੀਂ ਬਾਹਰ ਕੱਡਦਾ ਹੈ।

## ਯੂਰੀਆ ਕਿਵੇਂ ਬਣਦਾ ਹੈ:

ਹਵਾ ਵਿਚਲੀ ਨਾਈਟਰੋਜਨ ਨੂੰ ਮੀਥੇਨ ਨਾਲ ਰਲਾ ਕੇ ਅਮੋਨੀਆ ਗੈਸ ਤਿਆਰ ਕੀਤੀ ਜਾਂਦੀ ਹੈ, ਜਿਹੜੀ ਦਬਾ ਹੇਠਾਂ ਤਰਲ ਵੀ ਬਣ ਜਾਂਦੀ ਹੈ। ਫਿਰ ਤੇਲ ਰਿਫਾਈਨਰੀਆ ਦੀ ਰਹਿੰਦ ਖੂੰਦ ਵਿਚੋਂ ਕਾਰਬਨ ਅਤੇ ਹਾਈਡਰੋਜਨ ਨਾਲ ਮਿਲਾ ਕੇ ਯੂਰੀਆ ਤਿਆਰ ਕੀਤਾ ਜਾਂਦਾ ਹੈ।

ਜਿਹੜਾ ਯੂਰੀਆ ਅਸੀਂ ਫਸਲ ਨੂੰ ਪਾਉਂਦੇ ਹਾਂ, ਉਹ ਜਮੀਨ ਵਿਚਲੇ ਪਾਣੀ ਅਤੇ ਯੂਰੀਏਜ਼ ਇਨਜਾਈਮ ਦੀ ਸਹਾਇਤਾ ਨਾਲ ਅਮੋਨੀਅਮ ਬਣ ਜਾਂਦਾ ਹੈ। ਯੂਰੀਏ ਵਿਚਲੀ ਕਾਰਬਨ-ਕਾਰਬਨ ਡਾਇਅਕਸਾਈਡ ਗੈਸ ਦੇ ਰੂਪ ਵਿਚ ਨਿਕਲ ਜਾਂਦੀ ਹੈ। ਜੋ ਫਿਰ ਬੂਟੇ ਫੋਟੋਸਿਨਥਿਸਸ ਲਈ ਵਰਤ ਦੇ ਹਨ, ਕੁੱਝ ਅਮੋਨੀਅਮ ਜੜ੍ਹਾ ਰਾਹੀਂ ਬੂਟੇ ਵਿਚ ਚਲਾ ਜਾਂਦਾ ਹੈ ਪਰ ਬਹੁਤਾ ਬੈਕਟਰੀਆ ਰਾਹੀਂ ਪਹਿਲਾਂ ਨਾਈਟਰਾਈਟ ਅਤੇ ਫਿਰ ਨਾਈਟਰੇਟ ਵਿਚ ਤਬਦੀਲ ਹੋ ਜਾਂਦਾ ਹੈ। ਝੋਨਾ ਬਹੁਤੀ ਨਾਈਟਰੋਜਨ ਅਮੋਨੀਅਮ ਦੇ ਰੂਪ ਵਿਚ ਲੈਂਦਾ ਹੈ। ਬਾਕੀ ਫਸਲਾਂ ਨਾਈਟਰੋਜਨ ਨਾਈਟਰੇਟ ਦੇ ਰੂਪ ਵਿਚ ਹੀ ਲੈਂਦੀਆਂ ਹਨ। ਜੋ ਯੂਰੀਆ ਅਸੀਂ ਫਸਲ ਨੂੰ ਪਾਉਂਦੇ ਹਾਂ (ਕਣਕ-ਝੋਨਾ) ਤਕਰੀਬਨ 80 ਫੀਸਦੀ ਨਾਈਟਰੋਜਨ ਫਸਲ ਲੈ ਜਾਂਦੀ ਹੈ। ਬਾਕੀ ਕੁੱਝ ਜ਼ਮੀਨ ਵਿਚ ਜੀਵਕ ਮਾਦੇ ਦੇ ਰੂਪ ਵਿਚ ਰਹਿ ਜਾਂਦੀ ਹੈ, ਕੁਝ ਨਾਈਟਰੋਜਨ ਗੈਸ ਬਣਕੇ ਫਿਰ ਹਵਾ ਵਿਚ ਮਿਲ ਜਾਂਦੀ ਹੈ। ਜ਼ਮੀਨ ਵਿਚ ਨਾਈਟਰੇਟ ਪਾਣੀ ਨਾਲ ਉਪਰ-ਥੱਲੇ ਹੁੰਦੇ ਰਹਿੰਦੇ ਹਨ ਪਰ ਫਸਲਾਂ ਦੀਆਂ ਜੜ੍ਹਾ ਜਿਸ ਨੂੰ ਰੂਟ ਜੋਨ ਕਿਹਾ ਜਾਂਦਾ ਹੈ, ਉਸ ਤੋਂ ਹੇਠਾ ਨਹੀਂ ਜਾਂਦੇ। ਜਿਹੜੇ ਨਾਈਟਰੇਟ ਧਰਤੀ ਹੇਠਲੇ ਪਾਣੀ ਵਿਚ ਆਉਂਦੇ ਹਨ, ਉਹ ਸ਼ਹਿਰਾਂ ਦੇ ਸੀਵਰ ਸਿਸਟਮ ਅਤੇ ਪਿੰਡਾ ਦੀਆਂ ਬੋਰ ਹੋਲ ਲੈਟਰੀਨਾਂ ਅਤੇ ਛੱਪੜ ਜਿਹੜੇ ਸੀਵਰ ਟੈਂਕ ਬਣੇ ਹਨ, ਉਨ੍ਹਾਂ ਦੀ ਦੇਣ ਹੈ।



ਦੂਜਾ ਤੱਤ ਹੈ ਫਾਸਫੋਰਸ ਜਿਹੜਾ ਡੀ.ਏ.ਪੀ. ਖਾਦ ਤੋਂ ਮਿਲਦਾ ਹੈ, ਇਹ ਵੀ ਬੂਟੇ ਵਿਚ ਖੁਰਾਕ ਬਣਨ ਲਈ ਜ਼ਰੂਰੀ ਹੈ ਅਤੇ ਇਨਸਾਨਾਂ ਲਈ ਵੀ ਜ਼ਰੂਰੀ ਹੈ। ਜ਼ਮੀਨ ਵਿਚ ਇਹ ਬਹੁਤਾ ਕੈਲਸ਼ੀਅਮ ਫਾਸਫੇਟ ਦੇ ਰੂਪ ਵਿਚ ਹੁੰਦਾ ਹੈ ਪਰ ਇਹ ਫਸਲਾਂ ਦੀ ਲੋੜ ਤੋਂ ਘੱਟ ਹੈ। ਇਹ ਉਹੋ ਹੀ ਕਲਕੇਰੀਆ ਫਾਸ ਹੈ, ਜਿਹੜਾ ਹੋਮੋਪੈਥੀ ਵਾਲੇ ਡਾਕਟਰ ਬੱਚਿਆਂ ਨੂੰ ਦੰਦ ਕੱਢਣ ਵੇਲੇ ਦਿੰਦੇ ਹਨ ਅਤੇ ਐਲੋਪੈਥੀ ਵਾਲੇ ਗਰਭਵਤੀ ਔਰਤਾਂ ਅਤੇ ਬਜ਼ੁਰਗਾਂ ਨੂੰ ਹੱਡੀਆਂ ਮਜ਼ਬੂਤ ਕਰਨ ਲਈ। ਇਸ ਦੀ ਪੂਰਤੀ ਜ਼ਿਆਦਾਤਰ ਡੀ.ਏ.ਪੀ. ਨਾਲ ਕੀਤੀ ਜਾਂਦੀ ਹੈ। ਡੀ.ਏ.ਪੀ. ਰਾਕ ਫਾਸਫੇਟ ਜੋ ਕਿ ਜਿਪਸਮ ਵਰਗੀ ਮਿੱਟੀ ਹੀ ਹੁੰਦੀ ਹੈ, ਉਸ ਤੋਂ ਬਣਦੀ ਹੈ ਰਾਕ ਫਾਸਫੇਟ ਨੂੰ ਪਹਿਲਾ ਸਲਫਿਊਰਿਕ ਐਸਿਡ ਜਿਸ ਨੂੰ ਗੰਧਕ ਦਾ ਤੇਜ਼ਾਬ ਕਿਹਾ ਜਾਂਦਾ ਹੈ, ਉਸ ਨਾਲ ਮਿਲਾ ਕੇ ਫਾਸਫੋਰਿਕ ਐਸਿਡ ਬਣਾਇਆ ਜਾਂਦਾ ਹੈ, ਫਿਰ ਇਸ ਨੂੰ ਅਮੋਨੀਆ ਨਾਲ ਮਿਲਾ ਕੇ ਡੀ.ਏ.ਪੀ. ਬਣ ਜਾਂਦੀ ਹੈ।

ਜਿੰਨੀ ਅਸੀਂ ਫਾਸਫੋਰਸ ਡੀ.ਏ.ਪੀ. ਰਾਹੀਂ ਦੋਨੋ ਫਸਲਾਂ ਨੂੰ ਪਾਉਂਦੇ ਹਾਂ, ਤਕਰੀਬਨ ਓਨੀ ਹੀ ਫਸਲ ਲੈ ਜਾਂਦੀ ਹੈ। ਜੇ ਥੋੜੀ ਬਹੁਤੀ ਫਸਲ ਤੋਂ ਬਚ ਵੀ ਗਈ ਉਹ ਜ਼ਮੀਨ ਵਿਚਲੇ ਕੈਲਸ਼ੀਅਮ/ਮੈਗਨੀਸ਼ੀਅਮ ਨਾਲ ਰਲ ਕੇ ਕੈਲਸ਼ੀਅਮ ਫਾਸਫੇਟ ਵਿਚ ਤਬਦੀਲ ਹੋ ਜਾਂਦੀ ਹੈ ਅਤੇ ਘੁਲਣਸ਼ੀਲ ਨਹੀਂ ਰਹਿੰਦੀ।

ਤੀਜੀ ਖਾਦ ਹੈ ਪੋਟਾਸ਼ ਜੋ ਬਹੁਤ ਥੋੜੇ ਕਿਸਾਨ ਹੀ ਵਰਤਦੇ ਹਨ, ਜ਼ਿਆਦਾਤਰ ਆਲੂਆਂ ਦੀ ਖੇਤੀ ਵਾਲੇ ਹੀ ਇਸ ਦੀ ਵਰਤੋਂ ਕਰਦੇ ਹਨ। ਇਸ ਦਾ ਕਾਰਨ ਹੈ ਕਿ ਪੰਜਾਬ ਦੀਆ ਜ਼ਮੀਨਾਂ ਵਿਚ ਇਹ ਤੱਤ ਦਰਮਿਆਨੇ ਤੋਂ ਜ਼ਿਆਦਾ ਹੈ ਅਤੇ ਆਮ ਫਸਲਾਂ ਦੀ ਲੋੜ ਪੂਰੀ ਕਰਦੀ ਹੈ। ਟਿਊਬਵੈਲਾਂ ਦੇ ਪਾਣੀਆਂ ਵਿਚ ਵੀ ਇਹ ਪੋਟਾਸ਼ 7 ਤੋਂ 10 ਪੀ.ਪੀ.ਐੱਮ. ਹੈ। ਖਾਦ ਦੇ ਰੂਪ ਵਿਚ ਇਹ ਮਿਊਰੇਟ ਆਫ ਪੋਟਾਸ਼ (ਪੋਟਾਸ਼ੀਆ ਕਲੋਰਾਈਡ) ਵਰਤਿਆ ਜਾਂਦਾ ਹੈ, ਦੋਨੋਂ ਹੀ ਤੱਤ ਇਨਸਾਨਾਂ ਲਈ ਵੀ ਜ਼ਰੂਰੀ ਹਨ ਅਤੇ ਖੂਨ ’ਚ ਪਾਏ ਜਾਂਦੇ ਹਨ।

ਚੌਥਾ ਤੱਤ ਹੈ ਜਿੰਕ ਸਲਫੇਟ ਜਿਹੜਾ 5-10 ਕਿਲੋ ਪ੍ਰਤੀ ਏਕੜ ਸਿਰਫ ਘਾਟ ਵਾਲੀਆਂ ਜ਼ਮੀਨਾਂ ਵਿਚ ਵਰਤਿਆ ਜਾਂਦਾ ਹੈ। ਜ਼ਮੀਨ ਵਿਚ ਇਸ ਦੀ ਘੁਲਣਸ਼ੀਲਤਾ ਘੱਟ ਜਾਂਦੀ ਹੈ ਅਤੇ ਜਿਹੜਾ ਫਸਲ ਤੋਂ ਵੱਧ ਗਿਆ, ਉਹ ਮਿਨਰਲ ਦੇ ਰੂਪ ਵਿਚ ਪਿਆ ਰਹਿੰਦਾ ਹੈ। ਬੀਕਾਸੂਲ ਜੈਡ ਦੇ ਕੈਪਸੂਲਾਂ ਵਿਚ ਜੈਡ ਜਿੰਕ ਹੀ ਹੈ, ਜੋ ਡਾਕਟਰ ਤਾਕਤ ਲਈ ਦਿੰਦੇ ਹਨ।

## ਸੰਤੁਲਤ ਖਾਦਾਂ ਦੀ ਵਰਤੋ

ਸਰਕਾਰ ਵਲੋਂ ਸੰਤੁਲਤ ਖਾਦਾਂ ਦੀ ਵਰਤੋਂ ’ਤੇ ਜ਼ੋਰ ਦਿੱਤਾ ਜਾ ਰਿਹਾ ਹੈ। ਸੰਤੁਲਤ ਵਰਤੋਂ ਐੱਨ.ਪੀ.ਕੇ. ਨੂੰ ਕ੍ਰਮਵਾਰ 4 : 2 :1 ਦੇ ਹਿਸਾਬ ਨਾਲ ਵਰਤਣ ਨੂੰ ਕਹਾ ਜਾ ਰਿਹਾ ਹੈ। ਜਦਕਿ ਪੰਜਾਬ ਵਿਚ ਕਿਾਨ ਮਿੱਟੀ ਪਰਖ ਅਤੇ ਫਸਲ ਦੀ ਲੋੜ ਅਨੁਸਾਰ ਵਰਤਦੇ ਹਨ। ਜਿਸ ਨੂੰ ਜ਼ਮੀਨੀ ਹਕੀਕਤ ਤੋਂ ਅਨਜਾਣ ਪ੍ਰਬੰਧਕ ਅਤੇ ਸਾਇੰਸਦਾਨ ਗਲਤ ਦੱਸਦੇ ਹਨ। ਖੇਤ ਵਿਚ ਕੰਮ ਕਰਨ ਵਾਲੇ ਨੂੰ ਪਤਾ ਹੁੰਦਾ ਹੈ ਕਿ ਫਸਲ ਕੀ ਮੰਗਦੀ ਹੈ।

**ਯੂਰੀਏ ਦੀ ਗੈਰ ਖੇਤੀ ਵਰਤੋ:-** ਖੇਤੀ ਤੋਂ ਇਲਾਵਾ ਯੂਰੀਆ ਪਸ਼ੂਆਂ ਦੀ ਖੁਰਾਕ ਵਿਚ ਪ੍ਰੋਟੀਨ ਵਧਾਉਣ ਲਈ ਵੀ ਵਰਤਿਆ ਜਾਂਦਾ ਹੈ। ਕੈਮੀਕਲ ਫੈਕਟਰੀਆਂ ਲਈ ਇਹ ਮਹੱਤਵਪੂਰਨ ਕੱਚਾ ਮਾਲ ਹੈ। ਇਹ ਪਲਾਸਟਿਕ ਇੰਡਸਟਰੀ ਦਾ ਮੁੱਢਲਾ ਸਰੋਤ ਹੈ। ਯੂਰੀਏ ਤੋਂ ਰੇਸਿਨ ਬਣਦੀ ਹੈ, ਜੋ ਪਲਾਈਵੁੱਡ ਅਤੇ ਪਲਾਈਬੋਰਡ ਆਦਿ ਬਣਾਉਣ ਲਈ ਵਰਤੀ ਜਾਂਦੀ ਹੈ। ਯੂਰੀਆ ਕੱਪੜਾ ਉਦਯੋਗ ਵਿਚ ਕੱਪੜੇ ਨੂੰ ਰੰਗ ਅਤੇ ਫਿਨਿਸ਼ਿੰਗ ਦੇਣ ਲਈ ਵੀ ਵਰਤਿਆ ਜਾਂਦਾ ਹੈ। ਯੂਰੀਆ ਕਾਲਮੇਟਿਕਸ ਵਿਚ ਵੀ ਵਰਤਿਆ ਜਾਂਦਾ ਹੈ, ਬਹੁਤ ਸਾਰੀਆਂ ਸ਼ਿੰਗਾਰ ਲਈ ਵਰਤੀਆਂ ਜਾਣ ਵਾਲੀਆ ਕਰੀਮਾਂ ਵਿਚ ਵਰਤਿਆ ਜਾਂਦਾ ਹੈ। ਇਹ ਚਮੜੀ ਵਿਚ ਤਰਾਉਤ (ਮੋਇਸਚਰਾਈਜ਼) ਲਿਆਉਂਦਾ ਹੈ। ਕੰਨਾ ਅਤੇ ਨੋਹਾਂ ਨੂੰ ਸਾਫ ਕਰਨ ਲਈ ਵੀ ਵਰਤਿਆ ਜਾਂਦਾ ਹੈ। ਹੋਰ ਵੀ ਬਹੁਤ ਸਾਰੀਆਂ ਦਵਾਈਆ ਵਿਚ ਵਰਤਿਆ ਜਾਂਦਾ ਹੈ। ਅੰਤੜੀ ਰੋਗਾਂ ਦੀ ਇੰਨਫੇਕਸ਼ਨ ਚੈੱਕ ਕਰਨ ਵਾਲੇ ਬਰੀਦ (ਸਾਹ) ਟੈਸਟ ਲਈ ਵੀ ਵਰਤਿਆ ਜਾਂਦਾ ਹੈ।

ਇਹ ਘੋਖਣ ਦੀ ਲੋੜ ਹੈ ਕਿੰਨਾ ਯੂਰੀਆ ਇੰਡਸਟਰੀ ਵਿਚ ਵਰਤਿਆ ਜਾਂਦਾ ਹੈ।

## ਨਿਚੋੜ

ਇਸ ਸਾਰੀ ਜਾਣਕਾਰੀ ਤੋਂ ਇਹ ਪਤਾ ਲੱਗਦਾ ਹੈ, ਕੋਈ ਵੀ ਰਸਾਇਣਕ ਖਾਦ ਫਾਲਤੂ ਨਹੀਂ ਵਰਤੀ ਜਾਦੀਂ। ਜਿਹੜੀ ਖਾਦ ਵਰਤੀ ਜਾਂਦੀ ਹੈ, ਉਹ ਜ਼ਮੀਨ ਪਾਣੀ, ਬੂਟੇ ਅਤੇ ਖੁਰਾਕ ਵਿਚ ਜ਼ਹਿਰ ਦਾ ਰੂਪ ਨਹੀਂ ਧਾਰਦੀ। ਇਹ ਸਾਰਾ ਕੂੜ ਪ੍ਰਚਾਰ ਦੇਸ਼ ਦੀ ਅੰਨ ਸੁਰੱਖਿਆ ਅਤੇ ਪੰਜਾਬ ਦੀ ਕਿਸਾਨੀ ਨੂੰ ਕਮਜ਼ੋਰ ਕਰਨ ਲਈ ਹੋ ਰਿਹਾ ਹੈ।

## ਚੜ੍ਹਦੇ ਸੂਰਜ ਦਾ ਸਿਰਨਾਵਾਂ ਲੈ ਕੇ ਆਵੇ ਲੋਹੜੀ

### ਲੋਹੜੀ ’ਤੇ ਵਿਸ਼ੇਸ਼ ਗੀਤ

ਨਿਰਧਨ ਧੀ ਦੇ ਹੱਥ ਵਿਚ ਪਦਵੀ ਫੇਰ ਕਹਾਵੇ ਲੋਹੜੀ।
ਚੜ੍ਹਦੇ ਸੂਰਜ ਦਾ ਸਿਰਨਾਵਾਂ ਲੈ ਕੇ ਆਵੇ ਲੋਹੜੀ।
ਸੁੱਖ ਸਮਰਿਧੀ ਆਨੰਦ ਅਵਸਥਾ ਸ਼ੁੱਭ ਸੰਕਲਪ ਬਣੇ।
ਵਾਸਤਵਿਕ ਨਿਰਮਿਤ ਪੁਰਸ਼ਾਰਥ ਦੇ ਬੱਦਲ ਬਣਨ ਘਣੇ।
ਨਵਯੁੱਗ ਦੇ ਵਿਚ ਸਤੁੰਲਿਤ ਇੱਛਾ ਨੂੰ ਦਰਸਾਵੇ ਲੋਹੜੀ।
ਚੜ੍ਹਦੇ ਸੂਰਜ ਦਾ ਸਿਰਨਾਵਾਂ ਲੈ ਕੇ ਆਵੇ ਲੋਹੜੀ।
ਧੀਆਂ ਦੇ ਲਈ ਦੁੱਲਾ-ਭੱਟੀ ਦੀ ਨਾ ਕੋਈ ਲੋੜ ਪਵੇ।
ਪਰਮਪਿਤਾ ਦੀ ਸੁਖਦ ਕਮਾਈ ਦੀ ਨਾ ਕੋਈ ਥੋੜ ਹੋਵੇ।
ਵਿਹੜੇ ਦੇ ਵਿਚ ਰਿਸ਼ੀਆਂ-ਮੁਨੀਆਂ ਵਾਂਗੂੰ ਹੈ ਸਮਝਾਵੇ ਲੋਹੜੀ।
ਚੜ੍ਹਦੇ ਸੂਰਜ ਦਾ ਸਿਰਨਾਵਾਂ ਲੈ ਕੇ ਆਵੇ ਲੋਹੜੀ।
ਮਾਘ ਮਹੀਨੇ ਦੀ ਪਹਿਲੀ ਸੰਗਰਾਂਦ ਸੁਹਾਣੀ ਹੁੰਦੀ।
ਫਸਲਾਂ ਦੀ ਖੁਸ਼ਹਾਲੀ ਉਪਰ ਖੂਬ ਜਵਾਨੀ ਹੁੰਦੀ।
ਮਾਘ ਦੀ ਪਹਿਲੀ ਰਾਤੇ ਮੌਸਮ ਫੇਰ ਸਜਾਵੇ ਲੋਹੜੀ।
ਚੜ੍ਹਦੇ ਸੂਰਜ ਦਾ ਸਿਰਨਾਵਾਂ ਲੈ ਕੇ ਆਵੇ ਲੋਹੜੀ।
ਪਰਿਵਾਰਾਂ ਅੰਦਰ ਅਰਧਾਗਨੀ ਇੱਕ ਧੁਰੀ ਹੈ ਨਾਰੀ।
ਜਿਸ ਦੇ ਕਾਰਣ ਸੁੰਦਰ ਲਗਦੀ ਇਹ ਸ੍ਰਿਸ਼ਟੀ ਸਾਰੀ।
ਮਾਤਰ ਭੂਮੀ ਵਿਚ ਆਤਮ ਵਿਸ਼ਵਾਸ ਬਣਾਵੇ ਲੋਹੜੀ।
ਚੜ੍ਹਦੇ ਸੂਰਜ ਦਾ ਸਿਰਨਾਵਾਂ ਲੈ ਕੇ ਆਵੇ ਲੋਹੜੀ।
ਨਵਯੁਗ ਵਿਚ ਵਿਗਿਆਨ ਸਿਖਾਏ ਨਵਜੀਵਨ ਵਿਚ ਲੀਣਾ।
ਸ਼ੁਧਤਾ ਬੁਧਤਾ ਨੇਕ ਅਦਾਵਾਂ ਮਿਹਨਤ ਵਿਚ ਪਸੀਨਾ।
ਇੱਕ ਅਲੌਕਿਕ ਸ਼ੋਭਾ ਅੰਦਰ ਗੀਤ ਸੁਣਾਵੇ ਲੋਹੜੀ।
ਚੜ੍ਹਦੇ ਸੂਰਜ ਦਾ ਸਿਰਨਾਵਾਂ ਲੈ ਕੇ ਆਵੇ ਲੋਹੜੀ।
ਰਿਉੜੀ, ਗੱਚਕ, ਗੰਨੇ ਦਾ ਰਸ, ਸਾਗ ਸਰ੍ਹੋਂ ਦਾ, ਮੱਖਣ।
ਤੰਦੂਰੀ ਰੋਟੀ, ਮਾਂਹ ਦੀ ਦਾਲ ਸਵਾਦਾਂ ਦੇ ਨਾਲ ਚੱਖਣ।
ਵਿਚ ਵਿਦੇਸ਼ਾਂ ਸੱਜਣਾਂ ਨੂੰ ਰੀਝਾਂ ਨਾਲ ਬੁਲਾਵੇ ਲੋਹੜੀ।
ਚੜ੍ਹਦੇ ਸੂਰਜ ਦਾ ਸਿਰਨਾਵਾਂ ਲੈ ਕੇ ਆਵੇ ਲੋਹੜੀ।
ਖਰਚੀਲੇ ਆਯੋਜਨ ਛੱਡ ਕੇ ਸ਼ੁੱਧ ਤਿਉਹਾਰ ਮਨਾਈਏ।
ਅਮ੍ਰਿਤ ਮਹਾਂ ਉਤਸਵ ਦੇ ਨਾਲ ਬਾਲਮ ਕਰਮ ਕਮਾਈਏ।
ਭਾਰਤ ਮਾਂ ਦੀ ਪ੍ਰਤਿਭਾ-ਪ੍ਰਤਿਸ਼ਠਾ ਸਾਂਝ ਵਧਾਵੇ ਲੋਹੜੀ।
ਚੜ੍ਹਦੇ ਸੂਰਜ ਦਾ ਸਿਰਨਾਵਾਂ ਲੈ ਕੇ ਆਵੇ ਲੋਹੜੀ।

ਬਲਵਿੰਦਰ ਬਾਲਮ ਗੁਰਦਾਸਪੁਰ
ਉਂਕਾਰ ਨਗਰ ਗੁਰਾਦਸਪੁਰ ਪੰਜਾਬ
ਮੋ. 98156-25409



ਪੰਜਾਬ ਮੇਲ USA

## ਮਾਣ ਮੱਤਾ ਖਾਲਸਾ

ਹੋਏ ਅਨੰਦਪੁਰ ਜਨਮ ਸਾਡੇ
ਸਾਨੂੰ ਪਾਲਿਆ ਨੇਜਿਆਂ, ਖੰਡਿਆਂ ਨੇ
ਹੱਥੀਂ ਲਿਖਿਆ ਖੂਨੀ, ਇਤਿਹਾਸ ਸਾਡਾ
ਸਰਸਾ ਨਦੀ ਦੇ ਜ਼ੁਲਮੀ, ਕੰਢਿਆਂ ਨੇ
ਫਿਰ ਪਰਖੇ ਸੀ ਤੱਤੇ, ਲਹੂ ਸਾਡੇ
ਸਰਹੰਦ ਸ਼ਹਿਰ ਦੇ ਬੁਰਜਾਂ, ਠੰਡਿਆਂ ਨੇ
ਫਿਰ ਪਰਖੇ ਸੀ ਜੋਸ਼ ਜਵਾਨੀਆਂ ਦੇ
ਚਮਕੌਰ ਗੜੀ ਦੇ ਕੇਸਰੀ, ਝੰਡਿਆਂ ਨੇ
ਸਾਡੇ ਪੈਰਾਂ ਨੂੰ ਤੁਰਨ ਦੀ ਜਾਚ ਦੱਸੀ
ਮਾਛੀਵਾੜੇ ਦੇ ਤਿੱਖਿਆਂ, ਕੰਡਿਆਂ ਨੇ
ਸਾਡੇ ਸੀਸ ਸੀ ਧੜ ਤੋਂ, ਕਲਮ ਕੀਤੇ
ਚਾਂਦਨੀ ਚੌਕ ਦੇ ਖੂਨੀ, ਪੰਜਿਆਂ ਨੇ
ਰੰਬੇ ਨੱਚੇ ਸੀ ਸਾਡਿਆਂ, ਖੋਪਰਾਂ ਤੇ
ਸਾਨੂੰ ਚੀਰਿਆ ਆਰੀ ਦੇ, ਦੰਦਿਆਂ ਨੇ
ਬੜੇ ਗਹਿਰੇ ਤੇ ਖੂਨੀ, ਜ਼ਖਮ ਦਿੱਤੇ
ਨੰਦੇੜ ਸਾਹਿਬ ਦੇ ਪੈਂਡੇ, ਲੰਬਿਆਂ ਨੇ
ਸਦਾ ਸਾਡੇ ਹੀ ਗਲਾਂ ਨੂੰ, ਪਾਏ ਜੱਫੇ
ਤਿੱਖੇ ਤੀਰਾਂ ਤੇ ਫਾਂਸੀ ਦੇ, ਫੰਦਿਆਂ ਨੇ
ਪਰ ਕਦੇ ਨਾ ਇਨ੍ਹਾਂ ਨੇ ਈਨ ਮੰਨੀ
ਡਾਣਸੀਵਾਲੀਆ ਗੁਰੂ ਦੇ ਚੰਡਿਆਂ ਨੇ
ਇਹ ਖਾਲਸਾ ਕਦੇ ਨਾ ਖਤਮ ਹੋਇਆ
ਜ਼ੋਰ ਲਾ ਲਿਆ ਬੜਾ, ਔਰੰਗਿਆਂ ਨੇ

ਕੁਲਵੀਰ ਸਿੰਘ ਡਾਨਸੀਵਾਲ, ਸਰ੍ਹੀ,
ਬੀ.ਸੀ. ਕੈਨੇਡਾ
778-863-2472



ਪੰਜਾਬ ਮੇਲ USA

## ਧੀਆਂ ਦਾ ਗੀਤ

### ਲੋਹੜੀ ’ਤੇ ਵਿਸ਼ੇਸ਼

ਐ ਦੁਨੀਆਂ ਦੇ ਪਹਿਰੇਦਾਰੋ,
ਸਭ ਧਰਮਾਂ ਦੇ ਠੇਕੇਦਾਰੋ।
ਸੁਪਨਾ ਹੋਇਆ ਲੀਰੋਂ ਲੀਰਾਂ,
ਨ ਧੀਆਂ ਜੰਮਣ ਅੱਜ ਦੀਆਂ ਹੀਰਾਂ।

ਰੋਕੋ ਇਹ ਵਰਤਾਰਾ ਰੋਕੋ,
ਦੁਨੀਆਂ ਤਾਈਂ ਬਚਾਓ ਲੋਕੋ।
ਕੁੱਖਾਂ ਵਿਚ ਨਾ ਧੀਆਂ ਮਾਰੋ,
ਨਾ ਆਪਣੇ ’ਤੇ ਕਹਿਰ ਗੁਜ਼ਾਰੋ।

ਜੇ ਇਹ ਏਦਾਂ ਘਟਦੀਆਂ ਗਈਆਂ,
ਏਦਾਂ ਪਿੱਛੇ ਹਟਦੀਆਂ ਰਹੀਆਂ।
ਅੱਗੇ ਰੁੱਕ ਜਾਊ ਸੰਤਾਨ,
ਧਰਤੀ ਹੋਜੂ ਸੁੰਨ ਮਸਾਨ।

ਜੇ ਨੀ ਨਵੀਆਂ ਆਉਣੀਆਂ ਧੀਆਂ,
ਕਿੱਥੋਂ ਫੇਰ ਵਿਆਹੁਣੀਆਂ ਧੀਆਂ ?
ਕਿੱਦਾਂ ਫੇਰ ਵਿਆਹੁਣੇ ਕਾਕੇ,
ਕਿੱਥੋਂ ਫੇਰ ਖਿਡਾਉਣੇ ਕਾਕੇ ?

ਮਾਂ ਨੂੰ ਕੁੰਜੀਆਂ ਕੌਣ ਫੜਾਊ,
ਘਰ ਵਿਚ ਕਿੱਥੋਂ ਡੋਲੀ ਆਊ।
ਧੀਆਂ ਨੇ ਹੀ ਨੂੰਹਾਂ ਬਣਨਾਂ,
ਨੂੰਹਾਂ ਅੱਗੋਂ ਸੱਸਾਂ ਬਣਨਾਂ।

ਧੀ ਬਿਨ ਪਰਿਵਾਰ ਨਈਂ ਚੱਲਣਾਂ,
ਧੀਆਂ ਬਿਨ ਸੰਸਾਰ ਨਈਂ ਚੱਲਣਾਂ।
ਸੁੱਖ ਸਦਾਂ ਮਾਪਿਆਂ ਦੀ ਮੰਗਣ,
ਘਰ ਤੋਂ ਕੁਝ ਵੀ ਮੰਗਦੀਆਂ ਸੰਗਣ।

ਇਨ੍ਹਾਂ ਦੇ ਵਿਚ ਕੀ ਕਮਜ਼ੋਰੀ,
ਹਰ ਕੰਮ ਵਿਚ ਮਰਦਾਂ ਤੋਂ ਮੋਹਰੀ।
ਕਰਦੀਆਂ ਸਾਰੇ ਕਾਜ਼ ਵਿਹਾਰ,
ਮੁੰਡਿਆਂ ਨਾਲੋਂ ਇਹ ਹੁਸ਼ਿਆਰ।

ਰਾਜਨੀਤੀ ਫ਼ੌਜੀ ਵਿਗਿਆਨ,
ਇਨ੍ਹਾਂ ਲਈ ਸਭ ਕੰਮ ਆਸਾਨ।
ਪਾਲੇ ਹੋਏ ਲਾਡਲੇ ਮੁੰਡੇ,
ਮਾਂ ਪਿਓ ਦੇ ਪੁੱਟਣ ਜੁੰਡੇ।

ਮਾਂ ਪਿਓ ਦੀ ਜੋ ਕਰਦਾ ਸੇਵਾ,
ਉਹ ਧੀ ਪੁੱਤ ਮਿੱਠਾ ਮੇਵਾ।
ਵਿਹੜੇ ਖੇਡਣ ਕੁੜੀਆਂ ਚਿੜੀਆਂ,
ਘਰ ਵਿਚ ਰਹਿਣ ਬਹਾਰਾਂ ਖਿੜੀਆਂ।

ਸਾਰੇ ਆਪਣਾ ਫ਼ਰਜ਼ ਨਿਭਾਈਏ,
ਦੁਨੀਆਂ ’ਚੋਂ ਇਹ ਪਾਪ ਮਿਟਾਈਏ।
ਧੀਆਂ ਦੀ ਵੀ ਲੋਹੜੀ ਪਾਈਏ,
ਮੁੰਡਿਆਂ ਵਾਂਗੂੰ ਸ਼ਗਨ ਮਨਾਈਏ।

ਵਿਹੜੇ ਖੇਡਣ ਕੁੜੀਆਂ ਚਿੜੀਆਂ,
ਘਰ ਵਿਚ ਰਹਿਣ ਬਹਾਰਾਂ ਖਿੜੀਆਂ

ਸਤਨਾਮ ਸਿੰਘ ਦਰਦੀ
(ਚਾਨੀਆਂ-ਜਲੰਧਰ)
92569-73526



ਪੰਜਾਬ ਮੇਲ USA

## ਗੁਰੂ ਗੋਬਿੰਦ ਸਿੰਘ ਜੀ ...

ਤਿਰਾ ਜਨਮ ਹੁੰਦਾ ਨਾ ਜੇ ਸੱਚ ਦੇ ਸੂਰਜ, ਪਈ ਰਾਤ ਪਾਪਾਂ ਦੀ ਮੁਕਦੀ ਕਦੇ ਨਾ।
ਪਿਤਾ ਤੇਗ਼ ਦੀ ਭੇਟ ਜੇ ਨਾ ਚੜ੍ਹਾਉਂਦਾ, ਕਦੇ ਤੇਗ਼ ਜ਼ਾਬਰ ਦੀ ਰੁਕਦੀ ਕਦੇ ਨਾ।
ਨਾ ਉਚਾ ਧਰਮ ਦਾ ਨਸ਼ਾਂ ਜੱਗ ’ਤੇ ਹੁੰਦਾ, ਤੇ ਗਰਦਣ ਤਕੱਬਰ ਦੀ ਝੁੱਕਦੀ ਕਦੇ ਨਾ।
ਪੀਕੇ ਤੇ ਅੰਮ੍ਰਿਤ ਨਿਮਾਣੀ ਜਿਹੀ ਹਸਤੀ, ਚੱੜ੍ਹ ਚੱੜ੍ਹ ਕੇ ਦਰਾਂ ’ਤੇ ਬੁੱਕਦੀ ਕਦੇ ਨਾ।
ਗ਼ੁਲਾਮੀ ਦੇ ਸੰਗਲਾਂ ’ਚ ਬੱਝਾ ਵਤਨ ਏ, ਕਸਮ ਖਾ ਕੇ ਕਹਿਨਾ ਨਾ ਆਜ਼ਾਦ ਹੁੰਦਾ।
ਇਹ ਗੈਰਾਂ ਦੇ ਹੱਥੋਂ ਉਜੜਿਆ ਚਮਨ ਏ, ਉਜੜਿਆ ਹੀ ਰਹਿੰਦਾ ਨਾ ਆਬਾਦ ਹੁੰਦਾ।
ਸੀਤਾ ਰਾਮ ਲਛਮਣ ਰਾਧੇ ਸ਼ਾਮ ਜੀ ਦੀ, ਇਹ ਦੁਨੀਆਂ ਨੂੰ ਚੇਤੇ ਕਹਾਣੀ ਨਾ ਰਹਿੰਦੀ।
ਧੋਤੀ ਟੋਪੀ ਚੋਟੀ ਤਿਲਕ ਜੰਜੂ ਮਾਲਾ, ਹਿੰਦੂ ਧਰਮ ਦੀ ਕੋਈ ਨਿਸ਼ਾਨੀ ਨਾ ਰਹਿੰਦੀ।
ਨਾ ਮੰਦਰ ਸ਼ਿਵਾਲੇ ਨਾ ਠਾਕਰ ਦਵਾਰੇ, ਮਹਾਂਵੀਰ ਕਾਲੀ ਭਵਾਨੀ ਨਾ ਰਹਿੰਦੀ।
ਇਹ ਸਿਫਤਾਂ ਦੇ ਸੋਹਲੇ ਜੋ ਗਾਉਂਦੇ ਨੇ ਤੇਰੇ, ਇਹ ਸ਼ਾਇਰਾਂ ਦੀ ਜਾਦੂ ਬਿਆਨੀ ਨਾ ਰਹਿੰਦੀ।
ਨਾ ਵੇਦਾਂ ਦੇ ਮੰਤਰ ਨਾ ਰਮਾਇਣ ਹੁੰਦੀ, ਨਾ ਗੀਤਾ ਗਰੰਥਾਂ ਦੀ ਸਿਰਤਾਜ ਹੁੰਦੀ।
ਮੇਰੇ ਮੌਲਾ ਮੈਨੂੰ ਮਦੀਨੇ ਬੁਲਾ ਲੈ, ਹਰ ਘਰ ’ਚੋਂ ਆਉਂਦੀ ਇਹ ਆਵਾਜ਼ ਹੁੰਦੀ।
ਰਹਿਣੀ ਨਹੀਂ ਸੀ ਇਹ ਸੱਭਿਤਾ ਪੁਰਾਣੀ, ਪੂਜਣ ਯੋਗ ਥਾਵਾਂ ਦੇ ਨਾਂ ਬਦਲ ਜਾਂਦੇ।
ਬਦਲ ਜਾਂਦਾ ਨਕਸ਼ਾ ਸਾਰੇ ਹਿੰਦੋਸਤਾਂ ਦਾ, ਸ਼ਹਿਰ ਬਦਲ ਜਾਂਦੇ ਗਰਾਂ ਬਦਲ ਜਾਂਦੇ।
ਖਾਣਾ ਪੀਣ ਪਹਿਨਣ ਰਿਵਾਜ਼ਾਂ ਤੇ ਰਸਮਾਂ, ਰਹਿਣ ਸਹਿਣ ਸਭ ਨਿਸ਼ਾਂ ਬਦਲ ਜਾਂਦੇ।
ਪੁੰਨ ਦਾਨ ਭਗਤੀ ਕਰਮ ਧਰਮ ਦੇ ਸਭ, ਅਰਥ ਬਦਲ ਜਾਂਦੇ ਬਿਆਂ ਬਦਲ ਜਾਂਦੇ।
ਦੀਵਾਲੀ ਦੁਸਹਿਰਾ ਵਿਸਾਖੀ ਤੇ ਹੋਲੀ, ਪਵਿੱਤਰ ਦਿਨਾਂ ਨੂੰ ਮਨੌਣਾ ਸੀ ਕਿਸ ਨੇ ?
ਕਿਨੇ ਵਰਤ ਰੱਖਣੇ ਕਿਨੇ ਜੱਗ ਕਰਨੇ, ਹਰੀ ਰਾਮ ਦੇ ਗੀਤ ਗਾਉਣੇ ਸੀ ਕਿਸ ਨੇ ?
ਕਰਿਸ਼ਮਾ ਸੀ ਤੇਰਾ ਤੂੰ ਇਕ ਸੀਸ ਮੰਗਿਆ, ਖੜ੍ਹ ਗਏ ਹਜ਼ਾਰਾਂ ਹੀ ਸਿਰ ਦੇਣ ਵਾਲੇ।
ਹੁਕਮ ਸੀ ਨੂੰ ਜਿਨ੍ਹਾਂ ਕਿ ਪਗੜ੍ਹੀ ਨਾ ਬਨ੍ਹੋ, ਉਹ ਨਿਕਲੇ ਸਿਰਾਂ ’ਤੇ ਸਜਾ ਕੇ ਦੁਮਾਲੇ।
ਕਿ ਡਰਦੇ ਸੀ ਜਿਹੜੇ ਚਿੜ੍ਹੀ ਫੜਕਦੀ ਤੋਂ, ਉਨ੍ਹਾਂ ਸ਼ੇਰ ਕੰਨਾਂ ਤੋਂ ਫੜ-ਫੜ ਉਠਾਲੇ।
ਤੂੰ ਬਾਜਾਂ ਨੂੰ ਚਿੜੀਆਂ ਦੇ ਕੋਲ ਤੁੜਾਇਆ, ਤੂੰ ਲੱਖਾਂ ਨਾਲ ਇਕ ਇਕ ਲੜਾ ਕੇ ਵਖਾਲੇ।
ਨਿਕਮੇ ਨਕਾਰੇ ਨਿਰਬਲ ਤੇ ਬੁਜ਼ਦਿਲ, ਉਹ ਜਰਨੈਲ ਬਣ ਗਏ ਉਹ ਸੁਲਤਾਨ ਬਣ ਗਏ।
ਬਦਲ ਦਿੱਤੇ ਜੀਵਨ ਤੂੰ ਅੰਮ੍ਰਿਤ ਪਿਲਾ ਕੇ, ਹੁਕਮ ਸੁਣਨ ਵਾਲੇ ਹੁਕਮ ਸਰਾ ਬਣ ਗਏ।
ਭੁੱਲ ਗਈ ਹੈ ਉਹ ਕੌਮ ਅਹਿਸਾਨ ਤੇਰੇ, ਜਿਨ੍ਹਾਂ ਵਾਸਤੇ ਅਪਣਾ ਸਭ ਕੁਝ ਲੁਟਾਇਆ।
ਇਕੋ ਬਾਟੇ ’ਚੋਂ ਸਭ ਨੂੰ ਅੰਮ੍ਰਿਤ ਪਿਲਾ ਕੇ, ਤੂੰ ਊਚਾਂ ਤੇ ਨੀਚਾਂ ਦਾ ਦਰਜਾ ਮਟਾਇਆ।
ਦੇ ਕੇ ਤੇ ਵਰ ਇਹ ਨੇ ਬੇਟੇ ਗੁਰੂ ਦੇ, ਰੰਗਰੇਟਿਆਂ ਨੂੰ ਗਲ਼ੇ ਨਾਲ ਲਾਇਆ।
ਨਾ ਕੀਤਾ ਕਿਸੇ ਨੇ ਨਾ ਹੋਣਾ ਕਿਸੇ ਤੋਂ, ਕਿਸੇ ਵਾਸਤੇ ਜੋ ਤੂੰ ਕਰ ਕੇ ਦਿਖਾਇਆ।
ਤੇਰੀ ਕੌਮ ਭੁੱਲੀ ਤਿਰੇ ਮਿਸ਼ਨ ਤਾਈਂ, ਸਹੀ ਰਾਹ ਤੋਂ ਪਿੱਛੇ ਹਟੀ ਜਾ ਰਹੀ ਏ।
ਟੋਪੀ ਦੀ ਗਿਣਤੀ ਵੱਧੀ ਜਾ ਰਹੀ ਏ, ਤੇ ਪੱਗਾਂ ਦੀ ਗਿਣਤੀ ਘਟੀ ਜਾ ਰਹੀ ਏ।

-ਸਤਨਾਮ ਸਿੰਘ ਦਰਦੀ (ਚਾਨੀਆਂ-ਜਲੰਧਰ)
92569-73526



ਪੰਜਾਬ ਮੇਲ USA

## ਹਰੇਕ ਜ਼ੁਬਾਨ ’ਤੇ

ਚੜ੍ਹਦਾ ਨਿੱਤ ਝੂਠ ਦਾ ਗੁਬਾਰ ਹੈ,
ਸੱਚ ਦੀ ਸੁਣੇ ਨ ਕੋਈ ਗੁਹਾਰ ਹੈ।

ਝੂਠ ਨੂੰ ਹੀ ਸੱਚ ਬਣਾਈ ਜਾਂਦਾ ਹੈ,
ਜਾਗਦੇ ਨੂੰ ਪੌਂਦੀ ਪਾਈ ਜਾਂਦਾ ਹੈ।

ਖੇਡਦਾ ਆਗੂ ਤਾਂ ਖੇਲ ਕਮਾਲ ਹੈ,
ਰੋਂਦੇ ਲੋਕੀਂ, ਨੇਤਾ ਪਾਂਦਾ ਧਮਾਲ ਹੈ।

ਭੁੱਖਮਰੀ ਚੁਫ਼ੇਰੇ ਮਿਲ਼ੇ ਨਾ ਰੋਟੀ ਹੈ,
ਵਾਹ ਵਾਹ ਕਰੇ ਟੀਵੀ ਖਾ ਬੋਟੀ ਹੈ।

ਨਕਲੀ ਮੁੱਦੇ ’ਤੇ ਵਾਦ ਰਚਾਉਂਦਾ ਹੈ,
ਲੋਕ-ਮੁੱਦੇ ਤੋਂ ਕੰਨੀਂ ਕਤਰਾਉਂਦਾ ਹੈ।

ਭਾਈਚਾਰਾ, ਅਰਥਚਾਰਾ ਟੁੱਟਿਆ ਹੈ,
ਜਾਪਦੈ ਭਾਗ ਵਤਨ ਦਾ ਫੁੱਟਿਆ ਹੈ।

ਰੋਜ਼ ਨਵਾਂ ਹੀ ਹੁੰਦਾ ਘਾਲ਼ਾ ਮਾਲ਼ਾ ਹੈ,
ਹਰਿੱਕ ਇੱਥੇ ਨਾਢੂ ਖਾਂ ਦਾ ਸਾਲ਼ਾ ਹੈ।

ਸੇਵਾ ਸਿੰਘ “ਨੂਰਪੁਰੀ”



ਪੰਜਾਬ ਮੇਲ USA

## ਪੰਜਾਬ ਕੈਲੰਡਰ 2025

ਕੰਧ ਖਲੋਤੀ ਉਸੇ ਤਰ੍ਹਾਂ ਹੀ, ਬਦਲ ਗਿਆ ਕੈਲੰਡਰ।
ਏਸ ਸਾਲ ਵੀ ਪਿਛਲੇ ਵਾਂਗੂੰ, ਮਹਿੰਗਾ ਮਿਲੂ ਸਿਲੰਡਰ।

ਡੀਜ਼ਲ, ਖਾਦਾਂ, ਬੀਅ, ਸਪਰੇਆਂ, ਜੱਟਾਂ ਦੀ ਮੱਤ ਮਾਰੀ,
ਕਰਜ਼ਿਆਂ ਦੇ ਬੋਝ ਦੇ ਥੱਲੇ, ਖੇਤੀ ਦੱਬੀ ਗਈ ਸਾਰੀ।

ਕੋਠੀ, ਘਰ ਬਣਾਉਣ ਦੇ ਸੁਪਨੇ ਰਹਿਗੇ ਫੇਰ ਅਧੂਰੇ,
ਰੇਤ, ਬੱਜਰੀ, ਸੀਮੈਂਟ, ਇੱਟਾਂ, ਖਰਚੇ ਤੀਹਰੇ ਚੌਹਰੇ।

ਖਤਮ ਕਰਾਂਗੇ ਅਸੀਂ ਗਰੀਬੀ, ਆਖੇ ਸਾਡਾ ਨੇਤਾ,
ਕੈਂਸਰ ਕਾਰਨ ਖਤਮ ਹੋ ਗਿਆ, ਵਿਹੜੇ ਵਾਲਾ ਖੇਤਾ।

ਬੇਰੁਜ਼ਗਾਰ ਨੇ ਮੁੰਡੇ ਫਿਰਦੇ, ਕੰਮ ਕੋਈ ਨਾ ਲੱਭੇ,
ਟੈਂਕੀਆਂ ਉੱਤੇ ਚੜ੍ਹਕੇ ਨਾਹਰੇ, ਮਾਰ-ਮਾਰ ਕੇ ਥੱਕੇ।

ਹਰੇਕ ਕੰਮ ’ਚ ਘਾਟਾ ਪੈਂਦਾ, ਜਿਹੜਾ ਭਾਵੇਂ ਕਰੀਏ,
ਹਰ ਇਕ ਪਿੰਡ ਵਿਕਾਊ ਹੋਇਆ, ਜੀਵੀਏ ਜਾਂ ਫਿਰ ਮਰੀਏ।

ਅੰਨ੍ਹਾ ਵੰਡੇ ਸੀਰਨੀਆਂ, ਆਪਣਿਆਂ ਨੂੰ ਗੱਫੇ,
ਆਮ ਬੰਦੇ ਨੂੰ ਸੰਗਤ ਦਰਸ਼ਨ ਵਿਚ ਨੇ ਪੈਂਦੇ ਧੱਫੇ!

ਸਾਰੇ ਮਸਲੇ ਹੱਲ ਕਰਨ ਲਈ ਆਊ ਲਾਲ-ਬਵੰਡਰ,
ਕੰਧ ਖਲੋਤੀ ਉਸੇ ਤਰ੍ਹਾਂ ਹੀ, ਬਦਲ ਗਿਆ ਕੈਲੰਡਰ।

-ਜੁਗਰਾਜ ‘ਗਿੱਲ’ ਯੌਰਕ (ਅਮਰੀਕਾ)
839-235-2184



ਪੰਜਾਬ ਮੇਲ USA


RE/MAX
RE/MAX
Outstanding Agents
Outstanding Results®
DRE Lic. # 01215931 (Broker)
Gurjatinder S. Randhawa
REALTOR CA DRE licence # 01490567
FOR SALE & PURCHASE OF
ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ
ਜਾਂ ਵੇਚਣ ਲਈ ਸੰਪਰਕ ਕਰੋ।
Gurjatinder S. Randhawa
916-320-9444
Gurjatinder S. Randhawa
REALTOR CA DRE licence # 01490567
web: www.RealtorRandhawa.com
garysingh123@yahoo.com